# ਹੀਰ ਸਿਆਲ

ਲੇਖਕ
**ਸਵਰਨ ਸਿੰਘ ਬੈਂਸ**

**Asia Visions**



**ਹੀਰ ਸਿਆਲ**

ਲੇਖਕ
ਸਵਰਨ ਸਿੰਘ ਬੈਂਸ

3 Shakespeare road
Dundas. Ontario
L9H 7R5
Canada
E mail: bains_swarn@yahoo.com
bains_swarn@hotmail.com

Ph 905 627 0625

2008 edition 1st

Dedicated To :- Jaswinder Singh Dhillon
(My son in law)

@ Author
Jaswinder singh Dhillon after me

Printed at
Asia Visions
Ludhiana, 91-98159-45018
contact@janmejajohl.com

ISBN 81-904043-7-1

ਕੁਝ ਨਹੀਂ ਜਦੋਂ ਜਹਾਨ ਅੰਦਰ, ਪਰਵਦਗਾਰ ਸੂ ਆਪ ਪਰਵਾਰ ਆਪੇ
ਖ਼ੁਦਾ ਖ਼ੁਦ ਤਨਹਾਈ ਪਾਇਆ ਸੂ, ਜ਼ਾਹਿਰ ਹੋਣ ਦੇ ਰੱਬ ਆਸਾਰ ਥਾਪੇ
ਏਕੋ ਕਵਾਓ ਕੀਤੋ ਪਸਾਓ, ਖੰਡ ਬ੍ਰਮੰਡ ਸੱਤ ਸਮੁੰਦਰ ਖਾਰ ਥਾਪੇ
ਅੱਖ ਮੀਟ ਇਕ ਅਲਾਪ ਕੀਤੋ, ਪਸੂ ਪੰਛੀ ਮਾਣਸ ਘਰ ਬਾਰ ਥਾਪੇ
ਹਰ ਸ਼ੈ ਹਰ ਜਾ ਵਸਦਾ ਈ, ਯਾਰ ਪਿਆਰ ਚ ਸੱਖਣਾ ਯਾਰ ਜਾਪੇ
ਨਰ ਮਾਦਾ ਇਸ਼ਕ ਚ ਜੱਗ ਚੱਲੈ, ਵਸ ਪਿਆਰ ਦੇ ਕੌਲ ਕਰਾਰ ਜਾਪੇ
ਰੂਪ ਆਪਣਾ ਜੱਗ ਬਣਾ ਦਿੱਤਾ, ਜਿੱਧਰ ਵੇਖੋ ਸਰਕਾਰ ਪਰਵਾਰ ਜਾਪੇ
ਯਾਰ ਪਿਆਰ ਦਾ ਰੱਬ ਭੁੱਖਾ, ਪਿਆਰ ਯਾਰ ਦਾ ਰੱਬ ਦਾ ਪਿਆਰ ਜਾਪੇ
ਯਾਰ ਸੱਖਣੇ ਬੈਂਸ ਥੀਂ ਆਖਿਆ ਸੂ, ਬਾਝ ਪਿਆਰ ਜੀਣਾ ਬੇਕਾਰ ਜਾਪੇ
ਤੇਰਾ ਸ਼ੁਕਰੀਆ ਮੇਰੇ ਦਿਲਬਰਾ ਓਏ, ਲਿਖਣ ਵਾਸਤੇ ਬੈਂਸ ਵਿਚਾਰ ਥਾਪੇ
ਕਰਮਾਂ ਵਾਲੜੇ ਬੈਂਸ ਤੇ ਕਰਮ ਕੀਤਾ, ਹੱਥ ਰੱਖਿਆ ਸਿਰ ਕਰਤਾਰ ਆਪੇ
ਆਪ ਆਸ਼ਿਕ ਮਾਸ਼ੂਕ ਸ੍ਰਿਸਟੀ ਦਾ, ਕਰਮ ਧਰਮ ਸਰਮ ਵਿਚਕਾਰ ਥਾਪੇ
ਆਸ਼ਿਕ ਇਕ ਮਾਸ਼ੂਕ ਜੱਗ ਸਾਰਾ, ਸੁਹਣੇ ਯਾਰ ਕੂ ਜੱਗ ਪਿਆਰ ਜਾਪੇ
ਇਸ਼ਕ ਫਿਤਰਤ ਏ ਮ੍ਹਾਣੂਆਂ ਦੀ, ਕਰ ਲੈ ਇਸ਼ਕ ਚੜ੍ਹੇ ਖ਼ੁਮਾਰ ਆਪੇ
ਆਸ਼ਕੀ! ਯਾਰ ਨੂੰ ਚੇਤੇ ਕਰਨਾ, ਚੇਤੇ ਆਵੇ ਯਾਰ ਦਾ ਪਿਆਰ ਆਪੇ
ਬੈਂਸ ਸੱਖਣੇ ਯਾਰ ਥੀਂ ਯਾਦ ਕਰ ਲੈ, ਚ੍ਹਾੜ ਬੇੜੀ ਲੰਘਾਊ ਪਾਰ ਆਪੇ
ਸਰਮਾਂ ਵਾਲਿਆ ਤੇਰਾ ਆਸਰਾ ਲੈ, ਲਿਖੇ ਬੈਂਸ ਲਿਖਾਏਂ ਵਿਚਾਰ ਆਪੇ
ਤੇਰਾ ਨਾਂ ਲੈ ਬੈਂਸ ਨੇ ਛਾਲ ਮਾਰੀ, ਤਾਰੂ ਪਾਣੀਆਂ ਲਾ ਦੇ ਪਾਰ ਆਪੇ
ਮੇਰੀ ਡੁੱਬਦੀ ਬੇੜੀ ਦਾ ਤੂੰ ਚਾਲਕ, ਮੋਢਾ ਲਾ ਕੇ ਪਾਰ ਉਤਾਰ ਆਪੇ
ਮੇਰੇ ਦਿਲਬਰਾ ਜੱਗ ਵਿਚ ਤੂੰ ਮੇਰਾ, ਤੇਰੇ ਬਾਝੋਂ ਸੁੰਞਾਂ ਸੰਸਾਰ ਜਾਪੇ
ਕਿਹਨੂੰ ਆਖਾਂ ਕੌਣ ਸੁਣੇ ਮੇਰੀ, ਮੇਰੇ ਦਾਤਿਆ ਸਾਜ ਸੁਆਰ ਆਪੇ
ਤੇਰੀ ਓਟ ਲੈ ਸਵਰਨ ਲਿਖੇ, ਕਰ ਬੈਂਸ ਤੇ ਕਰਮ ਸਰਕਾਰ ਆਪੇ
ਕਲਮ ਆਪੇ ਹੱਥ ਫੜਾ ਦਿੱਤੀ, ਤੈਨੂੰ ਬੈਂਸ ਤੇ ਪੂਰਾ ਇਤਬਾਰ ਜਾਪੇ
ਹੱਥ ਕਲਮ ਚਿੱਤ ਰਾਂਝਣੇ ਚ, ਜਿੱਧਰ ਵੇਖਾਂ ਰਾਂਝਣ ਸਰਕਾਰ ਜਾਪੇ
ਤੂੰ ਲਿਖਾਏਂ ਤੇ ਸਵਰਨ ਲਿਖੇ, ਲਿਖੇ ਲੱਛਣ ਕਰ ਸਵੀਕਾਰ ਆਪੇ



**00**

ਨਾਮ ਸਵਰਨ ਸਿੰਘ ਗੋਤ ਬੈਂਸ ਲਿਖੇ, ਪੁੱਤ ਜੱਟ ਦਾ ਜੱਟ ਅਖਾਵਾਵੰਦਾ ਈ
ਪਿੰਡ ਕਿਸ਼ਨ ਪੁਰਾ ਜ਼ਿਲਾ ਤਸੀਲ ਰੋਪੜ, ਪੰਜਾਬ ਦਾ ਸੂਬਾ ਅਖਾਵੰਦਾ ਈ
ਦਿਨ ਬੁੱਧਵਾਰ ਜਨਵਰੀ ਇਕੱਤੀ ਸੂ, ਵਰ੍ਹਾ ਉਨੀਂ ਸੌ ਚਾਲੀ ਆਵੰਦਾ ਈ
ਪੁੱਤ ਜਨਮਿਆਂ ਮਾਂ ਧਨਵੰਤ ਕੌਰਾਂ, ਨਾਂ ਪਿਓ ਦਾ ਰਣਜੀਤ ਸਦਾਵੰਦਾ ਈ
ਭੈੜਾ ਭੈੜੀ ਜੂਨ ਚ ਜਨਮਿਆਂ ਈ, ਫਲ ਭੈੜੇ ਕਰਮਾਂ ਦਾ ਪਾਵੰਦਾ ਈ
ਜ਼ਾਤ ਮ੍ਹਾਣੂਆਂ ਮਾਣਸਾਂ ਕਾਫਿਰਾਂ ਦੀ, ਘੱਲ ਜੱਗ ਨਜ਼ਾਰਾ ਵਖਾਵੰਦਾ ਈ
ਮਾਣਸ ਜਨਮ ਇਸ ਕਾਰਨ ਦੇਵੇ, ਸਮਾਂ ਬੰਦਗੀ ਕਰਨ ਦਾ ਆਵੰਦਾ ਈ
ਕਰ ਚੇਤੇ ਚਿੱਤ ਲਾ ਯਾਰ ਤਾਈਂ, ਬੈਂਸ, ਜੰਮਣ ਮਰਨ ਮੁੱਕ ਜਾਵੰਦਾ ਈ
ਦੋ ਜਨਵਰੀ ਉਨੀਂ ਸੌ ਸਤ੍ਹਾਟ, ਦਲਜੀਤ ਕੌਰ ਸੰਗ ਵਿਆਹ ਕਰਾਵੰਦਾ ਈ
ਦਲਜੀਤ ਸੁਥਰੀ ਗੋਰਾ ਰੰਗ ਰੂਪ, ਘੱਟ ਕਿਸੇ ਤੋਂ ਹੁਸਨ ਨ ਪਾਵੰਦਾ ਈ
ਦਿਲਪ੍ਰੀਤ ਜਸਮੀਤ ਦੋ ਜਣੇ ਬੱਚੇ, ਰੱਬ ਪੀੜ੍ਹੀ ਅਗਾਂਹ ਵਧਾਵੰਦਾ ਈ
ਅੰਤ ਭੁੱਖ ਦੇ ਦੁਖ ਨੇ ਮਾਰਿਆ ਸੂ, ਚਾਲੇ ਪਾ ਕਨੇਡਾ ਵਸ ਜਾਵੰਦਾ ਈ
ਜਦੋਂ ਭੁੱਖ ਦੇ ਦੁਖ ਸਤਾਇਆ ਸੂ, ਡੇਰੇ ਭਾਈ ਸਾਹਿਬ ਦੇ ਜਾਵੰਦਾ ਈ
ਸਿੰਘ ਅਜਾਇਬ ਸ਼ਬਦ ਜਾਪ ਦਿੱਤਾ, ਅਜਬ ਰੰਗ ਅਜਾਇਬ ਚੜ੍ਹਾਵੰਦਾ ਈ
ਪੂਰੇ ਗੁਰੂ ਪਿੱਠ ਤੇ ਮਾਰ ਥਾਪੜ, ਧਿਆਨ ਪੂਜਾ ਪਾਠ ਵੱਲ ਲਾਵੰਦਾ ਈ
ਜਾਪ ਜਪਦਿਆਂ ਵੀਹ ਵ੍ਰਰੇ ਬੀਤੇ, ਚਿੱਤ ਅੰਤ ਨੂੰ ਰੱਬ ਵੱਲ ਜਾਵੰਦਾ ਈ
ਮਨਾਵੇ ਰੱਬ, ਰੱਬ ਨ ਮੰਨੇ ਭੈੜਾ, ਵੈਰਾਗ ਯਾਰ ਦਾ ਬਹੁਤ ਸਤਾਵੰਦਾ ਈ
ਪਾਏ ਤਰਲੇ ਯਾਰ ਥੀਂ ਹੱਥ ਜੋੜੇ, ਪੰਜ ਸੱਤ ਕਿਤਾਬਾਂ ਲਿਖ ਪਾਵੰਦਾ ਈ
ਪੈਂਤੀ ਵ੍ਰਰੇ ਗੁਜ਼ਾਰੇ ਵਿਚ ਕਨੇਡਾ ਦੇ, ਬੈਂਸ ਭਾਰਤ ਦਿਲੋਂ ਭੁਲਾਵੰਦਾ ਈ
ਪਾਏ ਤਰਲੇ ਮਿੰਨਤਾਂ ਹੱਥ ਜੋੜੇ, ਡਾਢਾ ਰੱਬ ਨਾ ਪੱਲਾ ਫੜਾਵੰਦਾ ਈ
ਯਾਰ ਬਾਝੋਂ ਰੱਬ ਨਾ ਮੰਨਦਾ ਈ, ਭਾਵੇਂ ਪੀਰ ਦਾ ਪੀਰ ਅਖਵਾਵੰਦਾ ਈ
ਮਾਹ ਅਗਸਤ ਦੋ ਹਜ਼ਾਰ ਸੱਤ ਈਸਾ, ਬੈਂਸ ਹੀਰ ਸਲੇਟੀ ਰਚਾਵੰਦਾ ਈ
ਹੱਥ ਜੋੜ ਦੋਵੇਂ ਅਰਦਾਸ ਕੀਤੀ, ਸੱਚੇ ਰੱਬ ਨੂੰ ਦਿਲੋਂ ਧਿਆਵੰਦਾ ਈ
ਕਰਮਾਂ ਵਾਲੜੇ ਚਿੱਤ ਚ ਮਾਰ ਝਾਤੀ, ਹੀਰ ਲਿਖਣ ਲਈ ਕਲਮ ਫੜਾਵੰਦਾ ਈ

## 00

ਲਿਖੀ ਹੀਰ ਬੈਂਸ ਇਸ ਕਾਰਨੈ ਈ, ਹੀਰ ਰਾਂਝਾ ਭਗਤ ਉਸ ਭਾਵੰਦਾ ਈ
ਹੀਰ ਰਾਂਝਾ ਧੀ ਪੁੱਤ ਹਿੰਦੂਆਂ ਦੇ, ਮੇਖ ਠੋਕ ਕੇ ਰੇਖ ਵਿਚ ਲਾਵੰਦਾ ਈ
ਝਾਤੀ ਮਾਰ ਕੇ ਵੇਖੋ ਹੀਰ ਸ਼ਾਇਰਾਂ ਦੀ, ਭਾ ਹਿੰਦੂਆਂ ਵਿਚੋਂ ਆਉਂਦਾ ਈ
ਸਭ ਕੁਝ ਇਸ ਲਈ ਲਿਖੇ, ਅਨਪੜ੍ਹ ਪ੍ਹੜਾ ਤੇਈ ਕਾਤ ਬਦਲਾਵੰਦਾ ਈ
ਗੋਰਾ ਰੰਗ ਸਹਿਜ ਕੰਮ ਕਾਫਿਰਾਂ ਦੇ, ਕਿਤੇ ਕਿੱਸਾ ਨ ਹੀਰ ਥਿਆਵੰਦਾ ਈ
ਵ੍ਹਰੇ ਪੰਜਾਹ ਪਹਿਲਾਂ ਪੜ੍ਹੀ ਹੀਰ ਅਸਾਂ, ਚੇਤੇ ਆਇਆ ਲਿਖ ਪਾਵੰਦਾ ਈ
ਗਜ਼ਲ ਬੈਂਤ ਤਰਜ਼ ਲਿਖਨ ਸਹਿਘੋ, ਇਸ ਕਾਰਨ ਬੈਂਤ ਲਿਖ ਪਾਉਂਦਾ ਈ
ਲਿਖਤ ਲਿਖਦੇ ਜਦੋਂ ਚੜ੍ਹੇ ਮਸਤੀ, ਫਿਰ ਮਾਸਾ ਕੁ ਰਮਜ਼ ਬਦਲਾਵੰਦਾ ਈ
ਅੱਲ ਵਲੱਲੀਆਂ ਸਵਰਨ ਮਾਰੇ ਲੀਕਾਂ, ਚੱਜ ਚਾਰ ਨਾ ਲਿਖਣ ਦਾ ਆਵੰਦਾ ਈ
ਹੀਰ ਭਾਵੇਂ ਬੈਂਸ ਲਿਖੀ ਜਾਵੇ, ਭੈੜੇ ਲਿਖਣ ਦਾ ਵੱਲ ਨਹੀਂ ਆਵੰਦਾ ਈ
ਨੁਕਤਾਚੀਨੀ ਕੰਮ ਕਾਫਿਰਾਂ ਦਾ, ਨੁਕਤਾਚੀਨ ਵਿਦਵਾਨ ਅਖਵਾਵੰਦਾ ਈ
ਸਾਕਤ, ਔਰਤ, ਕਰਨ ਚੁਗਲਖੋਰੀ, ਹੋਰ ਕਰਮ ਉਨ੍ਹਾਂ ਨਹੀਂ ਆਵੰਦਾ ਈ
ਕਰਮ ਧਰਮ ਸਾਕਤਾਂ ਮੁਖਬਰਾਂ ਦਾ, ਸੱਚੇ ਰੱਬ ਥੀਂ ਚੁਗਲ ਨ ਭਾਵੰਦਾ ਈ
ਚੁਗਲਖੋਰ ਕੁੰਭੀ ਨਰਕ ਭੋਗਣ, ਭਗਵਤ ਗੀਤਾ ਮੁਰਾਰੀ ਸਮਝਾਵੰਦਾ ਈ
ਪੜ੍ਹ ਕੇ ਧਰਮ ਗ੍ਰੰਥ ਵਿਚਾਰ ਵੇਖੋ, ਹਰ ਗ੍ਰੰਥ ਇਕੋ ਗਲ ਸਮਝਾਵੰਦਾ ਈ
ਚਿੱਤ ਰੱਖ ਕੇ ਯਾਰ ਥੀਂ ਚਿੱਤ ਅੰਦਰ, ਬੈਂਸ ਚਿੱਤ ਕੁ ਸੀਖ ਲਗਾਵੰਦਾ ਈ
ਇਹੋ ਧਰਮ ਪੂਜਾ ਹੋਰ ਕੰਮ ਦੂਜਾ, ਚਿੱਤ ਜਿਸ ਦੇ ਵਸ ਨਹੀਂ ਆਵੰਦਾ ਈ
ਚਿੱਤ ਮੂਰਤ ਜੇ ਨ ਯਾਰ ਹੋਵੇ, ਮਨ ਵਸ ਨ ਸਵਰਨ ਸਿੰਘਾ ਆਵੰਦਾ ਈ
ਰਾਮ ਰਾਮ ਕਰਨਾ ਮਨ ਸਿੱਧਾ ਕਰਨਾ, ਸਿੱਧੇ ਮਨ ਰੱਬ ਵਸ ਜਾਵੰਦਾ ਈ
ਕਾਮ ਕ੍ਰੋਧ ਲੋਭ ਮੋਹ ਹੰਕਾਰ ਬੰਧਨ, ਬੱਧੇ ਰੱਬ ਦਾ ਰਾਹ ਨ ਥਿਆਵੰਦਾ ਈ
ਪੰਜ ਪੀਰ ਭੈੜਿਆਂ ਆਖਦੇ ਈ, ਬੰਧਨ ਬੰਧਨਾਂ ਭਰਮ ਭਰਮਾਉਂਦਾ ਈ
ਮਨ ਸਿੱਧਾ ਹੋਵੇ ਭੈੜੇ ਕਰਮ ਭੁੱਲਣ, ਮੁੜ ਪੰਜਾਂ ਦਾ ਚੇਤਾ ਨਾ ਆਵੰਦਾ ਈ
ਮੁੱਖ ਯਾਰ ਹੋਵੇ ਚਿੱਤ ਪਿਆਰ ਹੋਵੇ, ਰਾਮ ਨਾਮ ਥੀਂ ਭਣ ਧਿਆਵੰਦਾ ਈ
ਇਸ਼ਕ ਆਸ਼ਿਕ ਮਾਸ਼ੂਕਾਂ ਵਿਰਸਾ ਈ, ਇਸ਼ਕ ਬੰਦੇ ਨੂੰ ਰੱਬ ਬਣਾਵੰਦਾ ਈ
ਕਰਮਾਂ ਵਾਲੇ ਸਿਰ ਤੇ ਹੱਥ ਰੱਖ, ਹੀਰ ਲਿਖਣ ਲਈ ਕਲਮ ਫੜਾਵੰਦਾ ਈ



## 00

ਨਾਮ ਚੂਚਕ ਜ਼ਾਤ ਜੱਟਾਂ, ਪਿੰਡ ਝੰਗ ਮਘਿਆਣਾ ਗੋਤ ਸਿਆਲ ਦਾ ਈ
ਭਲਾ ਮਾਣਸ ਕਰਮੀ ਧਰਮੀ ਬੰਦਾ, ਇਨਸਾਨ ਉਚੇ ਖਿਆਲ ਦਾ ਈ
ਪਾਈ ਕੁੜਮਾਈ ਸੰਗ ਮਲਕੀ, ਖਿਆਲ ਜੀ ਚ ਸੱਖਣੇ ਲਾਲ ਦਾ ਈ
ਖੁਦਾ ਖੁਦ ਪਰਤਾਪ ਸੂ ਕੀਤੋ, ਸਾਈਂ ਘੱਲਿਆ ਬੁੱਤ ਕਮਾਲ ਦਾ ਈ
ਜੰਮੀਂ ਬੇਟੀ ਗੋਦ ਹਰੀ ਕੀਤੋ, ਭਾਣਾ ਬਰਤਿਆ ਅੱਗੋਂ ਕਮਾਲ ਦਾ ਈ
ਨਾਂ ਹੀਰ ਸਿਆਲਾਂ ਰੱਖਿਆ ਸੂ, ਨੈਣ ਨਕਸ਼ ਨੱਢੀ ਦਾ ਬੇਹਾਲ ਦਾ ਈ
ਸੱਦੇ ਪੰਡਤ ਜੋਤਕੀ ਘਰ ਚੂਚਕ, ਬੰਦਾ ਬੰਦਗੀ ਧਰਮੀਂ ਖਿਆਲ ਦਾ ਈ
ਪੰਡਿਤ ਜੋਤਕੀ ਮੂੰਹ ਮਾਰ ਜੰਦੇ, ਮੱਥੇ ਲਿਖਿਆ ਹਾਲ ਬੇਹਾਲ ਦਾ ਈ
ਮੰਦੇ ਕਰਮ ਮੰਦੜਾ ਜਨਮ ਹੋਵੇ, ਮੰਦਾ ਜੁਆਬ ਮੰਦੇ ਸੁਆਲ ਦਾ ਈ
ਚੂਚਕ ਪੁੱਛਿਆ ਲੋਭੀਆਂ ਪੰਡਤਾਂ ਕੁ, ਬੋਲ ਆਖੋ ਹਾਲ ਵਿਛਾਲ ਦਾ ਈ
ਆਖਣ ਜੋਤਕੀ ਜਜਮਾਨ ਤਾਈਂ, ਹੱਥ ਲਿਖਿਆ ਹਾਲ ਕਮਾਲ ਦਾ ਈ
ਜੰਮੀਂ ਛੋਹਰੀ ਕਰੂ ਸਿਆਲ ਰੋਸ਼ਨ, ਜੱਗ ਲਿਖੂ ਕਿੱਸਾ ਮਸਾਲ ਦਾ ਈ
ਮੰਦਾ ਹਾਲ ਕੁਸੰਭੜੇ ਹੱਥ ਡਸੈ, ਚੁਭਣ ਕੰਡੇ ਹੋਵੇ ਹਾਲ ਬੇਹਾਲ ਦਾ ਈ
ਰੁਝੇ ਸੋਚ ਵਿਚਾਰ ਵਿਚ ਖਸਮ ਤੀਵੀਂ, ਕੀਤੋ ਵਿਚਾਰ ਵਿਛਾਲ ਦਾ ਈ
ਮੁੱਖ ਸੱਖਣਾ ਬੇਟੀ ਸੁਲੱਖਣੀ ਦਾ, ਦੁੱਧ ਪੁੱਤ ਵਾਕਣ ਧੀ ਨੂੰ ਪਾਲਦਾ ਈ
ਚੁੰਘ ਬੂਰੀਆਂ ਹੀਰ ਭਰੇ ਚਾਂਗਾਂ, ਹੁਸਨ ਬਖਸ਼ਿਆ ਰੱਬ ਕਮਾਲ ਦਾ ਈ
ਹੋਈ ਵੱਡੀ ਜੂਹਾਂ ਚ ਚਾਰੇ ਮੱਝਾਂ, ਮੁੱਖ ਲਾਲੜੀ ਵਿਰਸਾ ਲਾਲ ਦਾ ਈ
ਪਸੂ ਪੰਛੀ ਜੰਗਲੀ ਮਿਰਗ ਸਾਰੇ, ਰਾਹ ਤੱਕਦੇ ਹੀਰ ਸਿਆਲ ਦਾ ਈ
ਹੁਸਨ ਵੇਖ ਸਵਰਨ ਹੈਰਾਨ ਹੋਵੇ, ਜੁਆਬ ਪੁੱਛੇ ਜੋਤਿਸ਼ ਸੁਆਲ ਦਾ ਈ
ਟੁਰੇ ਹੀਰ ਤੇ ਲੱਕ ਖਾਵੇ ਝੂਟੇ, ਰੁਖ ਝੁੱਲਦੇ ਜਿਵੇਂ ਝੂਟਾ ਭੁਚਾਲ ਦਾ ਈ
ਰੱਬ ਬਖਸ਼ਿਆ ਹੁਸਨ ਸਲੇਟੀ ਨੂੰ, ਰਾਹ ਤੱਕੇ ਬੱਚਾ ਬੁੱਢਾ ਸਿਆਲ ਦਾ ਈ
ਹੀਰ ਇਕ ਜੰਮੀਂ ਹੀਰ ਹੈ ਇਕੋ, ਜਾਣੇ ਮਾਂ ਨਾ ਜੁਆਬ ਸੁਆਲ ਦਾ ਈ
ਕਿਧਰੋਂ ਪਰੀ ਇਹ ਉਤਰ ਆਈ, ਹੁਸਨ ਬਾਨੋ ਹੁਸਨ ਜਮਾਲ ਦਾ ਈ
ਕਰਮਾਂ ਵਾਲਿਆਂ ਰੱਬ ਹੁਸਨ ਬਖਸ਼ੇ, ਧੂੰਆਂ ਨਿਕਲੇ ਤੱਕ ਮਸਾਲ ਦਾ ਈ
ਸਵਰਨ ਰੱਬ ਦੀਆਂ ਰੱਬ ਜਾਣੇ, ਬੈਂਸ ਜਾਣੇ ਨਾ ਜੁਆਬ ਸੁਆਲ ਦਾ ਈ

## 00

ਹੋਈ ਬਾਰਾਂ ਸਾਲ ਦੀ ਹੀਰ ਜਦੋਂ, ਬੜੇ ਬੜਿਆਂ ਦਾ ਮਾਣ ਤੋੜਿਆ ਸੂ
ਆਡਾ ਲਾ ਕਦੇ ਨ ਡੋਲਦੀ ਸੁ, ਚੰਗੇ ਮੰਦਿਆਂ ਸੰਗ ਸਿਰ ਜੋੜਿਆ ਸੂ
ਸਿਰ ਕੱਢ ਸੁ ਢਾਣੀ ਨੱਢੀਆਂ ਚੋਂ, ਨਾਰ ਮਰਦ ਨਾ ਮੱਥਾ ਜੋੜਿਆ ਸੂ
ਵੰਨੇ ਚੰਨਿਆਂ ਧੁੰਮਾਂ ਪੈ ਗਈਆਂ, ਧੀ ਚੂਚਕ ਨੇ ਮੁਖ ਨ ਮੋੜਿਆ ਸੂ
ਨੂਰੇ ਚੰਧੜ ਸੰਗ ਝੜੱਪ ਹੋਈ, ਧੋਬੀ ਪਟੜਾ ਮਾਰ ਸਿਰ ਫੋੜਿਆ ਸੂ
ਬੈਠ ਪਲੰਘ ਤੇ ਜੂਹ ਚ ਚਾਰੇ ਮੱਝਾਂ, ਪਸੂ ਪੰਛੀਆਂ ਬੋਲ ਨ ਮੋੜਿਆ ਸੂ
ਸ਼ਾਮਾਂ ਢਲੀਆਂ ਪਿੱਛੇ ਟੂਰਨ ਮੱਝੀਂ, ਸੰਗ ਹੀਰ ਦੇ ਜੀਅੜਾ ਜੋੜਿਆ ਸੂ
ਘਰ ਚੂਚਕ ਦਾ ਮਾਲੋ ਮਾਲ ਕੀਤੋ, ਦੁੱਧ ਚੁੰਘਣਾ ਥਣੋਂ ਨਚੋੜਿਆ ਸੂ
ਹੱਟੀ ਕਰਾੜ ਦੀ ਲੋਕ ਕਰਨ ਗੱਲਾਂ, ਨਾਂ ਹੀਰ ਝੰਗ ਸੰਗ ਜੋੜਿਆ ਸੂ
ਸੱਠ ਸਹੇਲੀਆਂ ਨੱਢੀ ਦੇ ਸੰਗ ਚੱਲਣ, ਕਿਸੇ ਨਾ ਮੁਖੜਾ ਮੋੜਿਆ ਸੂ
ਰੂਪ ਰੰਗ ਵੇਖ ਕੇ ਨੱਢੜੀ ਦਾ, ਜਾਂਦੇ ਰਾਹੀਆਂ ਹੁਸਨ ਜੀ ਜੋੜਿਆ ਸੂ
ਜਦੋਂ ਹਸਦੀ ਬੁਲ੍ਹਾਂ ਚੋਂ ਫੁੱਲ ਕਿਰਦੇ, ਅਰਸ਼ੋਂ ਤਾਰਿਆਂ ਨਾਤਾ ਤੋੜਿਆ ਸੂ
ਜਦੋਂ ਟੁਰਦੀ ਨੱਢੀ ਦਾ ਲੱਕ ਹਿੱਲੇ, ਪੀਘੰ ਸਾਵਣ ਚ ਬ੍ਰੋੜਾਂ ਜੋੜਿਆ ਸੂ
ਪੱਬ ਚੁੱਕਦੀ ਨਾਲ ਹੁਲਾਰਿਆਂ ਦੇ, ਰੱਬ ਪਿੱਛੇ ਫਰਿਸ਼ਤਿਆਂ ਟੋਰਿਆ ਸੂ
ਪੱਬ ਰੱਖਦੀ ਜਦੋਂ ਧਰ ਹਿੱਲੇ, ਭੁਚਾਲ ਆਇ ਕੈ ਕੋਇਟਾ ਸੰਘੋੜਿਆ ਸੂ
ਘਰ ਪਹੁੰਚਦੀ ਪੰਛੀ ਉਦਾਸ ਜਾਪਣ, ਜਿਨ੍ਹਾਂ ਚਿੱਤ ਹੀਰ ਸੋ ਜੋੜਿਆ ਸੂ
ਸ਼ਾਮਾਂ ਢਲੀਆਂ ਘਰ ਮੁੜਨ ਵਾਗੀ, ਹੁਸਨ ਹੀਰ ਦਾ ਚਿੱਤ ਚ ਹੋੜਿਆ ਸੂ
ਮਰਦ ਨਾਰਾਂ ਸਭ ਕਰਨ ਗੱਲਾਂ, ਕਿਵੇਂ ਰੱਬ ਨੇ ਹੁਸਨ ਰੰਗ ਜੋੜਿਆ ਸੂ
ਜਿਹਨੂੰ ਬਖਸ਼ੇ ਰੱਜ ਕੇ ਦਵੇ ਮਾਲਿਕ, ਉਸ ਮਾਸਾ ਮੁਖ ਨਾ ਮੋੜਿਆ ਸੂ
ਹੁਸਨ ਫੁਸਨ ਰੱਬ ਦੀ ਦਾਤ ਹੋਵੇ, ਮੰਦੇ ਭਾਗ ਜਿਨ੍ਹਾਂ ਦੁਖ ਹੋੜਿਆ ਸੂ
ਖੱਟੀ ਆਪਣੀ ਸਭ ਆਪ ਖਾਂਦੇ, ਯਾਰ ਬਦਲੇ ਨਾ ਲੱਖ ਕਰੋੜਿਆ ਸੂ
ਰੱਬ ਹੁਸਨ ਹੀਰ ਥੀਂ ਵਾਰਿਆ ਸੁ, ਪਰੀਆਂ ਅਰਸ਼ੋਂ ਮੁਖੜਾ ਮੋੜਿਆ ਸੂ
ਹੀਰ ਸਲੇਟੀ ਨਾ ਕਿਸੇ ਨੇ ਬਣ ਜਾਣਾ, ਭਣ ਬੈਂਸ ਤੱਤ ਨਚੋੜਿਆ ਸੂ
ਹੀਰ ਆਪਣੀ ਆਪ ਮਸਾਲ ਲੋਕੋ, ਘੜ ਬੁੱਤੜਾ ਰੱਬ ਖੁਦ ਟੋਰਿਆ ਸੂ



## 00

ਮੌਜੂ ਜੱਟ ਪਿੰਡ ਪਾਂਧ ਵਾਲਾ, ਹਲਕਾ ਤਖ਼ਤ ਹਜ਼ਾਰਾ ਅਖਵਾਉਂਦਾ ਈ
ਪੰਜਾਂ ਪਿੰਡਾ ਦੀ ਸੁ ਜਗੀਰਦਾਰੀ, ਵਟਾਈ ਮਾਮਲਾ ਖ਼ੂਬ ਕਮਾਉਂਦਾ ਈ
ਡੀਲ ਡੋਲ ਦਾ ਬੜਾ ਲੰਬਾ ਲੰਝਾ, ਬੱਚਾ ਬੱਚਾ ਸੋਭਾ ਪਿਆ ਗਾਉਂਦਾ ਈ
ਵੱਡਾ ਆਪ ਵੱਡਾ ਬੋਲ ਬਾਲਾ, ਜੱਟ ਬੁਰਾ ਨ ਕਿਸੇ ਸੰਗ ਆਉਂਦਾ ਈ
ਜ਼ਾਤ ਜੱਟ ਹਿੰਦੂ ਧਰਮ ਪਾਲੇ, ਗੋਤਰ ਜ਼ਾਤ ਦਾ ਰਾਂਝਾ ਅਖਵਾਉਂਦਾ ਈ
ਕਿਰਤ ਧਰਮ ਕਮਾਵੇ ਮਾਣੇ ਮੌਜਾਂ, ਇਸ ਕਾਰਨ ਮੌਜੂ ਕਹਾਉਂਦਾ ਈ
ਮੌਜਮ ਮੁਅੱਜਮ ਨਾਮ ਮੁਹੰਮਦੀ ਏ, ਮੁਸਲਮਾਨ ਨਾਮ ਨਹੀਂ ਭਾਵੰਦਾ ਈ
ਲੋਕੋ ਬੜਾ ਪੁਰਾਣਾ ਵਾਕਿਆ ਈ, ਬੈਂਸ ਮੁਗਲਾਂ ਤੋਂ ਪਹਿਲਾਂ ਸਦਾਵੰਦਾ ਈ
ਸੌ ਵ੍ਹਰੇ ਮਗਰੋਂ ਦਮੋਦਰ ਹੀਰ ਲਿਖੀ, ਅਕਬਰ ਸਮਕਾਲੀ ਭਾਵੰਦਾ ਈ
ਜਦੋਂ ਕਿੱਸਾ ਦਮੋਦਰ ਛਾਪਿਆ ਸੁ, ਮੁਸਲਮਾਨੀ ਰਾਜ ਹੋ ਜਾਵੰਦਾ ਈ
ਜ਼ਰਾ ਵੇਖੋ ਖੋਜ ਤਵਾਰੀਖ ਲੋਕੋ, ਕਵੀ ਕਾਵਿ ਹਾਕਮ ਦਾ ਗਾਉਂਦਾ ਈ
ਸ਼ਾਇਰ ਕਾਇਰ ਬਦਨਸੀਬ ਹੁੰਦੇ, ਕੰਮ ਕਾਰ ਉਨ੍ਹਾਂ ਨਹੀਂ ਭਾਉਂਦਾ ਈ
ਰੋਟੀ ਖਾਣ ਕਾਗਜ਼ਾਂ ਮਾਰ ਲੀਕਾਂ, ਰੋਟੀ ਤਿਹੀ ਜਿਹਾ ਜਸ ਗਾਉਂਦਾ ਈ
ਰਾਜ ਮੋਮਨਾਂ, ਮੋਮਨਾਂ ਛਤਰ ਛਾਇਆ, ਢੋਲੇ ਕਾਸਦ ਮੋਮਨਾਂ ਗਾਉਂਦਾ ਈ
ਸੰਗ ਮੋਮਨਾਂ ਹਿੰਦ ਚ ਬਹੁੜੇ ਸੂਫੀ, ਸੂਫੀ ਰੱਬ ਦਾ ਨਾਮ ਧਿਆਉਂਦਾ ਈ
ਮੰਗਾਂ ਪੂਰੀਆਂ ਕਰਨ ਅਲਾ ਅੱਲਾ, ਭੁੱਖੇ ਹਿੰਦੂਆਂ ਮਗਰ ਲਗਾਵੰਦਾ ਈ
ਰਾਜਪੂਤ ਜੱਟ ਸਿਆਲ ਭੱਟੀ, ਚਿਸਤੀ, ਫਰੀਦ ਮੋਮਨ ਬਣਾਉਂਦਾ ਈ
ਅੱਗੇ ਪੀਰ ਪਿੱਛੇ ਮੀਰ ਬੋਲਣ, ਅਕਬਰ ਦੀਨ ਇਲਾਹੀ ਚਲਾਵੰਦਾ ਈ
ਨਿੱਤ ਨਵੇਂ ਹਿੰਦੂ ਬਣਨ ਮੋਮਨ, ਧਰਮ ਧਾਮ ਹਿੰਦੂਆਂ ਭੁੱਲ ਜਾਵੰਦਾ ਈ
ਸ਼ਾਇਰੀ ਸ਼ਾਇਰ ਹਰਾਮਖੋਰੀ, ਸ਼ਾਇਰ ਹਿੰਦੂਆਂ ਮੋਮਨ ਬਣਾਉਂਦਾ ਈ
ਇਕ ਸਦੀ ਬੀਤੀ ਦੂਜੀ ਆ ਬਹੁੜੀ, ਹਰ ਸ਼ਾਇਰ ਹੀਰ ਲਿਖਾਉਂਦਾ ਈ
ਹੀਰ ਰਾਂਝਾ ਲੱਭਿਆ ਸੂਫੀਆਂ ਨੇ, ਸੂਫੀ ਰੰਗ ਮੁਹਮੰਦੀ ਲਾਉਂਦਾ ਈ
ਹੀਰ ਰਾਂਝਾ ਦੋਵੇਂ ਸੱਚੇ ਆਸ਼ਿਕ, ਸੱਚਾ ਇਸ਼ਕ ਰੱਬ ਨੂੰ ਭਾਉਂਦਾ ਈ
ਹੀਰ ਦਾ ਨਾਂ ਮਸ਼ਹੂਰ ਹੋਇਆ, ਸ਼ਾਇਰ ਸ਼ਾਇਰੀ ਕਲਾ ਵਖਾਉਂਦਾ ਈ
ਤੱਕ ਸਵਰਨ ਸਿੰਘ ਚਟਕ ਲੱਗੀ, ਬੈਂਸ ਹੀਰ ਦਾ ਕਾਵਿ ਰਚਾਉਂਦਾ ਈ

ਅੱਠ ਪੁੱਤਰ ਰੱਬ ਨੇ ਦਾਤ ਬਖਸ਼ੀ, ਟੱਬਰ ਟੀਹਰ ਮਾਣ ਵਧਾਉਂਦਾ ਈ
ਸੱਤ ਪੁੱਤਰ ਮੌਜੂ ਵਿਆਹ ਘੱਤੇ, ਪੁੱਤਰ ਅੱਠਵਾਂ ਬਾਜ਼ ਨਾ ਆਉਂਦਾ ਈ
ਨਾਂ ਧੀਦੋ ਯੂਸਫ ਦੇ ਵਾਂਗ ਸੁਹਣਾ, ਸਤ ਭਾਬੀਆਂ ਦੇ ਮਨ ਭਾਉਂਦਾ ਈ
ਨਜ਼ਰ ਨਾ ਲੱਗ ਜਾਏ ਭਾਬੀਆਂ ਦੀ, ਨਜ਼ਰ ਬੱਟੂ ਮੱਥੇ ਤੇ ਲਾਉਂਦਾ ਈ
ਹੱਥ ਵੰਝਲੀ ਚਿੱਟਾ ਡਪੱਟਾ ਸਿਰ, ਚਿੱਟਾ ਚਾਦਰਾ ਘਿਸੜਦਾ ਆਉਂਦਾ ਈ
ਭੈਣ ਮੇਰੀ ਵਿਆਹ ਲੈ ਆ ਧੀਦੋ, ਭੈੜਾ ਭਾਬੀਆਂ ਤਾਈਂ ਭਰਮਾਉਂਦਾ ਈ
ਕਾਵਿ ਕਿਰਿਆ ਰੱਬ ਤਾਰੀਫ ਯਾਰੋ, ਕਰ ਮਿੰਨਤਾਂ ਰੱਬ ਵਸ ਆਉਂਦਾ ਈ
ਧੀਦੋ ਭਰਦਾ ਚੁੰਗੀਆਂ ਵਿਚ ਜੂਹਾਂ, ਜਿਵੇਂ ਮਿਰਗ ਜੰਗਲੀਂ ਭਾਉਂਦਾ ਈ
ਸਭ ਨੱਢੀਆਂ ਬੁੱਢੀਆਂ ਰਾਹ ਤੱਕਣ, ਜਦੋਂ ਧੀਦੋ ਕੋਲੋਂ ਲੰਘ ਜਾਵੰਦਾ ਈ
ਤੱਕੇ ਧੀਦੋ ਨ ਅੱਖ ਉਠਾ ਕਿਧਰੇ, ਤੱਤਾ ਨਾਰੀਆਂ ਕੋਲੋਂ ਸ਼ਰਮਾਉਂਦਾ ਈ
ਅੱਖ ਮਸਤਾਨੀ ਰੰਗ ਸਾਂਵਲਾ ਈ, ਨੱਢੀ ਵੱਡੀਆਂ ਤਾਈਂ ਭਰਮਾਉਂਦਾ ਈ
ਧੀਦੋ ਟਹਿਲਦਾ ਵਿਚ ਹਜ਼ਾਰੇ ਦੇ, ਖੋਲ੍ਹ ਬਾਰੀਆਂ ਨਾਰਾਂ ਤਕਾਉਂਦਾ ਈ
ਸਵਰਨ ਸਿੰਘ ਧੀਦੋ ਦੀ ਸ਼ਕਲ ਸੂਰਤ, ਜਾਪਦੀ ਤਿਵੇਂ ਫਰਮਾਉਂਦਾ ਈ
ਜੱਗ ਵਿਚ ਨਾ ਉਹਦਾ ਕੋਈ ਸਾਨੀ, ਯੂਸਫ ਮਗਰੋਂ ਧੀਦੋ ਆਉਂਦਾ ਈ
ਜਲਾਲ ਬਖਸ਼ਦਾ ਰੱਬ ਕਿਸੇ ਵਿਰਲੇ, ਜਦੋਂ ਵੰਡਦਾ ਬੁੱਕਾਂ ਭਰ ਪਾਉਂਦਾ ਈ
ਬੱਤੀ ਦੰਦ ਧੀਦੋ ਦੀ ਗੱਲ ਸੱਚੀ, ਜਦੋਂ ਹਸਦਾ ਕਲੀਆਂ ਖਿੜਾਉਂਦਾ ਈ
ਜਲਾਲ ਨਾ ਜ਼ਾਲਮ ਦਾ ਝੱਲ ਹੋਵੇ, ਨੈਣ ਮਿਲਾ ਕੇ ਪਲਕਾਂ ਝੁਕਾਉਂਦਾ ਈ
ਰੱਬ ਘੜਿਆ ਬੁੱਤੜਾ ਧੀਦੋ ਦਾ, ਕਰਮ ਧਰਮ ਸਰਮ ਵਿਚ ਪਾਉਂਦਾ ਈ
ਨਾਂ ਰੱਬ ਦਾ ਪਾਇਆ ਉਸ ਵਿਰਸੇ ਚ, ਸੱਚੇ ਰੱਬ ਨੂੰ ਦਿਲੋਂ ਧਿਆਉਂਦਾ ਈ
ਪਹਿਲਾਂ ਦਵੇ ਤਸੀਹੇ ਰੱਬ ਪਾਠਕਾਂ ਥੀਂ, ਬੜੇ ਔਖੇ ਸੁਆਲ ਕਢਾਉਂਦਾ ਈ
ਪਾਸ ਹੋਣ ਤੇ ਫਿਰ ਭਰੇ ਮੰਗਾਂ, ਭਰੇ ਝੋਲੀਆਂ ਰਹਿਮਤ ਵਖਾਉਂਦਾ ਈ
ਆਸ਼ਿਕ ਰੱਬ ਮਾਸ਼ੂਕ ਜੱਗ ਸਾਰਾ, ਮੁਰੀਦ ਆਪਣੇ ਆਸ਼ਿਕ ਬਣਾਉਂਦਾ ਈ
ਮੱਥੇ ਲਿਖੀ ਆਸ਼ਿਕੀ ਧੀਦੋ ਦੇ, ਇਮਤਹਾਨ ਵਾਸਤੇ ਝੰਗ ਨੂੰ ਧਾਵੰਦਾ ਈ





ਧੀਦੋ ਜੰਮਿਆਂ ਚੌਧਵੀਂ ਚੰਨ ਚੜ੍ਹਿਆ, ਬੱਚਾ ਬੱਚਾ ਦੁੱਬਾਂ ਫੜਾਉਂਦਾ ਈ
ਪੁੱਤ ਅੱਠਵਾਂ ਮੌਜੂ ਘਰ ਜੰਮਿਆਂ ਸੂ, ਤੱਕ ਲੰਮਾਂ ਤਾਰਾ ਚੜ੍ਹ ਆਉਂਦਾ ਈ
ਫਰਿਸ਼ਤੇ ਮਗਰਿਬੋਂ ਆਉਣ ਭੱਜੇ, ਮੱਕਾ ਮਦੀਨਾ ਨਮਾਜ਼ ਭੁਲਾਉਂਦਾ ਈ
ਆਖਣ ਸੂਰਜ ਚੜ੍ਹਿਆ ਮਗਰਿਬ ਚੋਂ, ਟੁਰ ਮਛਰਿਕ ਵੱਲ ਜਾਵੰਦਾ ਈ
ਬੈਂਸ ਆਖਦਾ ਗੱਲ ਉਲਟ ਪੁਲਟ ਹੋਈ, ਧੀਦੋ ਰਾਂਝਾ ਮੋਮਨਾਂ ਭਾਉਂਦਾ ਈ
ਪੁੱਤ ਘਰੋੜੀ ਦਾ ਮਾਂ ਪਿਓ ਲਾਡਲਾ ਈ, ਕੰਮ ਕਾਰ ਨ ਪਿਓ ਕਰਾਉਂਦਾ ਈ
ਮੌਜੂ ਘੱਲਿਆ ਪਾਧੇ ਘਰ ਪੜ੍ਹਾਉਣ ਧੀਦੋ, ਅੱਗੋਂ ਵੰਝਲੀ ਧੀਦੋ ਵਜਾਵੰਦਾ ਈ
ਵਜਾਵੇ ਵੰਝਲੀ ਪੰਛੀ ਕੁਰਲਾ ਉਠਣ, ਕੱਢ ਤਰਜਾਂ ਮਸਤੀ ਚੜ੍ਹਾਵੰਦਾ ਈ
ਪਾਧੇ ਆਖਿਆ ਮੌਜੂ ਸੁਣ ਮੇਰੀ, ਮੇਰੇ ਆਖੇ ਧੀਦੋ ਬਾਜ਼ ਨ ਆਉਂਦਾ ਈ
ਉਤੋਂ ਪੜ੍ਹਿਆਂ ਕੀ ਪੜ੍ਹਾਉਣ ਪੰਡਤ, ਲੈ ਫੱਟੀ ਬਸਤਾ ਘਰਾਂ ਨੂੰ ਜਾਵੰਦਾ ਈ
ਰਾਜ਼ ਇਕ ਰਾਗ ਰੰਗ ਰਮਜ਼ ਇੱਕ, ਵੰਝ ਵਣਾਂ ਵੰਝਲੀ ਧੀਦੋ ਵਜਾਉਂਦਾ ਈ
ਜਦੋਂ ਬੋਲੇ ਤੂਤੀ ਜੂਹਾਂ ਜਾਗ ਉਠਣ, ਪੱਤਾ ਪੱਤਾ ਹਰਾ ਭਰਾ ਹੋ ਆਉਂਦਾ ਈ
ਫੁੱਲ ਖਿੜਦੇ ਚਮੇਲੀ ਦੇ ਕੱਲਰਾਂ ਚ, ਬਾਝ ਬਾਰਸ਼ਾਂ ਵਣ ਹਰਿਆਉਂਦਾ ਈ
ਜਦੋਂ ਇਸ਼ਕ ਦੀ ਵੰਝਲੀ ਵੱਜਦੀ ਏ, ਜੋੜੀ ਸਾਰਸਾਂ ਉਦਾਸੀ ਚੜ੍ਹਾਉਂਦਾ ਈ
ਫੁੱਟੇ ਪਹਿ ਚਿੜੀਆਂ ਚੂਕ ਉਠਣ, ਵਾਂਗ ਮੁੱਲਾਂ ਧੀਦੋ ਵੰਝਲੀ ਅਲਾਉਂਦਾ ਈ
ਗਿੱਦੜ ਲੂੰਬੜ ਬਘੇਰੇ ਸ਼ੇਰ ਬੜ੍ਹਕਣ, ਕਈ ਸੁੱਤਿਆਂ ਤਾਈਂ ਜਗਾਉਂਦਾ ਈ
ਸੁਣ ਆਸ਼ਿਕ ਮਾਸ਼ੂਕਾਂ ਜੋੜ ਮੇਲੇ, ਯਾਦਾਂ ਪੁਰਾਣੀਆਂ ਤਾਜ਼ੀ ਕਰਾਉਂਦਾ ਈ
ਬੈਂਸ ਆਸ਼ਿਕਾਂ ਕਾਫਿਰਾਂ ਸੂਫੀਆਂ ਥੀਂ, ਸੁਹਣੇ ਯਾਰ ਦਾ ਨਾਂ ਚਿੱਤ ਆਉਂਦਾ ਈ
ਵੱਜੇ ਵੰਝਲੀ ਸੁਣ ਘਬਰਾਉਣ ਕਾਜ਼ੀ, ਮੁੱਲਾਂ ਕਾਜ਼ੀਆਂ ਰਾਗ ਨ ਭਾਉਂਦਾ ਈ
ਮੁੱਲਾਂ ਕਾਜ਼ੀਆਂ ਚੁੱਕਿਆ ਰੱਬ ਕੁੱਛੜ, ਪੜ੍ਹ ਆਇਤਾਂ ਕੁਰਾਨ ਸੁਣਾਉਂਦਾ ਈ
ਲੋਕੋ ਮਜ਼੍ਹਬੀ ਵਲਾਈਂ ਤੋਂ ਰੱਬ ਬਖਸ਼ੇ, ਸਿੰਘ ਸਵਰਨ ਵਾਸਤੇ ਪਾਉਂਦਾ ਈ
ਪਾਓ ਯਾਰੀਆਂ ਮਨਾਓ ਯਾਰ ਝੁਕ ਝੁਕ, ਇਸ਼ਕ ਯਾਰ ਰੱਬ ਨੂੰ ਭਾਉਂਦਾ ਈ
ਲੋਕੋ ਯਾਰ ਵਚੋਲਾ ਰੱਬ ਦਾ ਈ, ਭੇਸ ਬਦਲ ਯਾਰ ਰੱਬ ਬਣ ਆਉਂਦਾ ਈ
ਸੱਚ ਭਾਖਿਆ ਸੱਤ ਕਰਤਾਰ ਸੱਚਾ, ਸੱਤੋ ਸੱਤ ਚ ਰੱਬ ਸਮਾਵੰਦਾ ਈ

## 00

ਰੱਬ ਕੱਲਾ ਸੀ ਜਦੋਂ ਜੱਗ ਅੰਦਰ, ਇਕੱਲਾ ਬੈਠ ਤਾੜੀ ਲਗਾਵੰਦਾ ਈ
ਕੁੰਨਫ ਕੁੰਨ ਦਾ ਲਾਇ ਨ੍ਹਰਾ, ਰੱਬ ਇਕ ਕਵਾਓ ਅਲਾਵੰਦਾ ਈ
ਇਕ ਅਲਾਪ ਕੱਖ ਤੋਂ ਲੱਖ ਕੀਤੇ, ਕਾਇਨਾਤ ਦਾ ਮੁੱਢ ਰਖਾਵੰਦਾ ਈ
ਆਪ ਥਾਪ ਤੇ ਆਪ ਉਥਾਪ ਆਪੇ, ਭੈੜਾ ਪੇਟ ਰੱਬ ਸੰਗ ਲਾਵੰਦਾ ਈ
ਖਾਣ ਪੀਣ ਪੇਟ ਮੰਗਦਾ ਈ, ਘੱਲਣ ਵੇਲੇ ਰਿਜਕ ਝੋਲੀ ਚ ਪਾਵੰਦਾ ਈ
ਆਪੇ ਥਾਪਦਾ ਆਪ ਇਨਸਾਫ ਕਰਦਾ, ਜੱਗ ਇਕ ਅਸੂਲ ਚਲਾਵੰਦਾ ਈ
ਕਾਇਨਾਤ ਜਦੋਂ ਸੀ ਬਾਲ ਵਸਥਾ, ਰੱਬ ਮਿਲਣ ਦਾ ਰਾਹ ਬਣਾਵੰਦਾ ਈ
ਚਿੱਤ ਲਾਇ ਧਿਆਇ ਉਹਨੂੰ, ਆਪਣੇ ਆਸ਼ਿਕਾਂ ਤਾਈਂ ਸਮਝਾਵੰਦਾ ਈ
ਮਨ ਸਮਝਾਉਣ ਲਈ ਗੁਰੂ ਥਾਪ ਦਿੱਤਾ, ਪਿਆਰ ਯਾਰ ਝੋਲੀ ਪਾਵੰਦਾ ਈ
ਯਾਰ ਆਖੈ ਕਰ ਵਖਾ ਸਜਨੀ, ਇੰਵ ਮਨ ਚ ਪਿਆਰ ਵਧ ਜਾਵੰਦਾ ਈ
ਪਹਿਲ ਕਰੀਏ ਮਨ ਟਿਕਾਉਣ ਵਾਲੀ, ਫਿਰ ਮਨ ਯਾਰ ਵੱਲ ਜਾਵੰਦਾ ਈ
ਜ਼ਰੂਰੀ ਨਹੀਂ ਪਹਿਲ ਗੁਰੂ ਮਿਲੇ, ਪਹਿਲ ਮਨ ਲਾ ਮਨ ਸਮਝਾਵੰਦਾ ਈ
ਪਿਆਰ ਵਧਦਾ ਵਧਦਾ ਵਧੇ ਅੱਗੇ, ਮੁੜ ਸੱਚੇ ਰੱਬ ਕੂ ਭਣ ਧਿਆਵੰਦਾ ਈ
ਪਿਆਰ ਰੱਬ ਦਾ ਮਾਂ ਪਿਆਰ ਬੈਂਸ, ਬੱਚਾ ਮਾਂ ਦੀ ਗੋਦ ਵੱਲ ਜਾਵੰਦਾ ਈ
ਲੋਕੋ ਅਸਾਂ ਭੀ ਰੱਬ ਤੋਂ ਵਿੱਛੜੇ ਹਾਂ, ਮਾਂ, ਰੱਬ ਮਿਲਣ ਮਨ ਕਲਪਾਵੰਦਾ ਈ
ਜਦੋਂ ਮਨ ਟਿਕ ਜਾਵੇ ਰੱਬ ਸਾਰ ਪਾਵੇ, ਰੱਬ ਆਪੇ ਯਾਰ ਮਿਲਾਵੰਦਾ ਈ
ਮਾਰੋ ਝਾਤੀ ਭਣ ਭਰਥਰੀ ਵੱਲ, ਗ਼ਲਤਾਨ ਹੋ ਮਦ ਚ ਰੱਬ ਧਿਆਵੰਦਾ ਈ
ਮਨ ਟਿਕਦਾ ਟਿਕਦਾ ਟਿਕ ਗਿਆ, ਰੱਬ ਨਾਨਕ ਗੁਰੂ ਘਲਾਵੰਦਾ ਈ
ਗੁਰੂ ਆਖਿਆ ਛੱਡ ਸ਼ਰਾਬ ਬੱਚਾ, ਗੁਰ ਬਚਨ ਭਣ ਮਨ ਬਦਲਾਵੰਦਾ ਈ
ਸਿੱਖਿਆ ਵਸਾਇ ਕਮਾਇ ਮਨ, ਰਾਜਾ ਭਰਥਰੀ ਭਗਤ ਬਣ ਜਾਵੰਦਾ ਈ
ਯਾਰ ਮਨਾ ਕੇ ਰੱਬ ਧਿਆਓ ਯਾਰੋ, ਰਾਹ ਰੱਬ ਦਾ ਯਾਰ ਵਖਾਵੰਦਾ ਈ
ਇਨਸਾਨ ਤੇ ਇਕ ਪਿਆਦਾ ਈ, ਬੇਸਮਝ ਕੱਚੇ ਬੋਲ ਮਾਣ ਵਧਾਵੰਦਾ ਈ
ਵਾਪਰੇ ਸੋ ਜੋ ਰੱਬ ਲਿਖਿਆ ਈ, ਮੇਰਾ ਮਾਣ ਬੰਦੇ ਕੂ ਰੱਬ ਭੁਲਾਵੰਦਾ ਈ
ਰਾਸ ਰਾਂਝੇ ਦੀ ਹੀਰ ਪਿਆਰ ਵਿਚੋਂ, ਹੀਰ ਮਿਲਣ ਕੂ ਰਾਹ ਬਣਾਵੰਦਾ ਈ
ਆਸ਼ਿਕ ਪਿਛਲੇ ਜਨਮ ਦੇ ਵਿੱਛੜੇ ਸੂ, ਮੇਲ ਮਿਲਾਪ ਕੂ ਖੇਡ੍ਹ ਰਚਾਵੰਦਾ ਈ
ਸਵਰਨ ਸਿੰਘਾ ਰੱਬ ਦੀ ਰੱਬ ਜਾਣੇ, ਆਪ ਬਣਾਇ ਕੈ ਆਪੇ ਢਾਵੰਦਾ ਈ



## 00

ਛੜਾਂ ਮਾਰਦਾ ਫਿਰਦਾ ਗਲੀਆਂ ਚ, ਹੁਸਨਬਾਨੋਆਂ ਤਾਈਂ ਸਤਾਉਂਦਾ ਈ
ਭਰੇ ਚੁੰਗੀਆਂ ਵਾਂਕਣ ਕਾਲੇ ਹਿਰਨ, ਟੁਰੇ ਪੱਬੀਂ ਅੱਡੀ ਨਾ ਲਾਉਂਦਾ ਈ
ਧੀਦੋ ਰਾਂਝਾ ਈ ਲੱਖ ਹਜ਼ਾਰਾਂ ਚੋਂ, ਜ਼ਮਾਨਾ ਧੀਦੋ ਨੂੰ ਵੇਖਣ ਆਉਂਦਾ ਈ
ਬਜ਼ੁਰਗ ਪਿੰਡ ਦੇ ਨਿੱਤ ਕੱਢਣ ਡੇਲੇ, ਪਰ ਹੌਸਲਾ ਕੋਈ ਨਾ ਪਾਉਂਦਾ ਈ
ਮੂੰਹ ਖੁਲ੍ਹੇ ਰਹਿ ਜਾਣ ਨੱਢੀਆਂ ਦੇ, ਜਦੋਂ ਧੀਦੋ ਰਾਂਝਾ ਪਲਕਾਂ ਉਠਾਵੰਦਾ ਈ
ਧੀਦੋ ਜ਼ੋਰ ਜੁਆਨੀ ਦਾ ਮਾਣ ਇੰਨਾਂ, ਵੱਡੇ ਵੱਡਿਆਂ ਭੂਹੇ ਗਿਰਾਉਂਦਾ ਈ
ਲਮਕੇ ਚਾਦਰਾ ਨਵੀਂ ਵਿਆਹੀ ਵਾਂਗ, ਪਿੱਛੇ ਸੜਕ ਸਿੰਭਰਦਾ ਅਉਂਦਾ ਈ
ਓਲ੍ਹੇ ਬਾਰੀਆਂ ਖਲੋ ਕੇ ਵੇਖਣ ਨੱਢੀਂ, ਜਦੋਂ ਧੀਦੋ ਬੀਹੀ ਚੋਂ ਜਾਵੰਦਾ ਈ
ਵੰਨੇਂ ਚੰਨੇ ਮੌਜੂ ਦਾ ਬੋਲ ਬਾਲਾ, ਧੀਦੋ ਅੱਗੇ ਕੋਈ ਨਾ ਅੱਖ ਉਠਾਉਂਦਾ ਈ
ਜਦੋਂ ਲੰਘਦਾ ਬੂਹੇ ਅੱਗੋਂ ਧੀਦੋ, ਸੁਫਨਾ ਭਾਬੀਆਂ ਯੂਸਫ ਦਾ ਆਵੰਦਾ ਈ
ਇਕ ਭਾਬੀ ਸੱਦਦੀ ਧੀਦੋ ਆਖ ਯੂਸਫ, ਦੂਜੀ ਆਖੇ ਦਿਓਰ ਸਤਾਵੰਦਾ ਈ
ਤੀਜੀ ਆਖੇ ਵਿਆਹ ਲੈ ਭੈਣ ਮੇਰੀ, ਜੀਜਾ ਸਾਲੀ ਆਖਣ ਮਨ ਭਾਉਂਦਾ ਈ
ਪਿੰਡ ਚ ਈਦ ਦਾ ਚੰਨ ਚੜ੍ਹਿਆ, ਤੱਕ ਮੋਮਨ ਪੇਟ ਭਰਨਾ ਚਾਹਵੰਦਾ ਈ
ਧੀਦੋ ਚੜ੍ਹਿਆ ਗ਼ਰੂਰ ਜੁਆਨੀ ਦਾ, ਗੱਲ ਕਿਸੇ ਦੀ ਚਿੱਤ ਨ ਲਾਵੰਦਾ ਈ
ਸਦਾ ਲਈ ਤਕਦੀਰ ਨਾ ਸਾਥ ਦੇਵੇ, ਖੱਟ ਵੱਟਿਆ ਸਾਹਮਣੇ ਆਉਂਦਾ ਈ
ਕੰਮ ਕਾਰ ਨਾ ਧੀਦੋ ਕਦੀ ਕੀਤਾ, ਨਾਲੇ ਸਾਇਆ ਮੌਜੂ ਉਠ ਜਾਵੰਦਾ ਈ
ਭਾਈ ਭਾਬੀਆਂ ਹੋਣ ਸਰੀਕੜਾ ਈ, ਛੜਾ ਛਾਂਗੜਾ ਉਨ੍ਹਾਂ ਨਾ ਭਾਉਂਦਾ ਈ
ਉਤੋਂ ਉਤੋਂ ਭਾਬੀਆਂ ਕਰਨ ਲਾਡਾਂ, ਰੰਗ ਚਿੱਤ ਚ ਹੋਰ ਚੜ੍ਹ ਆਵੰਦਾ ਈ
ਹੋ ਕੱਠੀਆਂ ਭਾਬੀਆਂ ਦੇਣ ਮ੍ਹੇਣੇ, ਵੇਖਾਂਗੇ! ਹੀਰ ਵਿਆਹ ਲਿਆਉਂਦਾ ਈ
ਬੋਲ ਭਾਬੀਆਂ ਚੁਭੇ ਤੀਰ ਵਾਕਣ, ਢਿੱਲਾ ਕਾਣ ਜਿਉਂ ਜ਼ਖ਼ਮ ਬਣਾਉਂਦਾ ਈ
ਨਾ ਜਾਨ ਕੱਢੇ ਨਾ ਹੀ ਪਾਰ ਹੋਵੇ, ਭੈੜਾ ਜਿਗਰ ਦਾ ਖ਼ੂਨ ਬਹਾਵੰਦਾ ਈ
ਵੇਖ ਵਗਦਾ ਲਹੂ ਜੱਗ ਖੁਸ਼ੀ ਮਨਾਵੇ, ਲਹੂ ਵਗਦਾ ਜੱਗ ਨੂੰ ਭਾਵੰਦਾ ਈ
ਦੁਨੀਆਂ ਕਿਸੇ ਸੁਖੀ ਨਾ ਵੇਖ ਸਕੇ, ਦੁਖੀ ਵੇਖ ਜੱਗ ਖੁਸ਼ੀ ਮਨਾਵੰਦਾ ਈ
ਵਾਂਗ ਸੂਲਾਂ ਜਿਗਰ ਚ ਬੋਲ ਚੁਭਣ, ਦੁਖ ਬੋਲੀਆਂ ਝੱਲਿਆ ਨਾ ਜਾਵੰਦਾ ਈ
ਚਿੱਤ ਆਪਣੇ ਸੋਚ ਵਿਚਾਰ ਧੀਦੋ, ਝੁੱਗਾ ਛੱਡਣ ਲਈ ਮਤਾ ਪਕਾਵੰਦਾ ਈ

ਐਸ਼ ਚ ਉਮਰ ਗੁਜ਼ਾਰ ਛੱਡੀ, ਵੇਲਾ ਭੀੜੀਆਂ ਪਾਉਣ ਦਾ ਆਵੰਦਾ ਈ
ਪੈਸਾ ਧੇਲਾ ਨ ਮਾਲ ਸਬਾਬ ਕੋਈ, ਧੀਦੋ ਚਿੱਤ ਚ ਬਣਤ ਬਣਾਵੰਦਾ ਈ
ਕਿੱਥੇ ਜਾਵੇ ਕਮਾਈ ਕੀ ਖੱਟੇ, ਵਿਹਲੜ ਧੀਦੋ ਸਮਝ ਨਾ ਪਾਉਂਦਾ ਈ
ਧੁੱਪ ਭਾਦਰੋਂ ਵੱਟ ਤੇ ਸੱਟ ਰੰਬਾ, ਪੁੱਤ ਜੱਟ ਦਾ ਸਾਧ ਬਣ ਜਾਵੰਦਾ ਈ
ਹਾਲ ਇਹੋ ਹੋਇਆ ਸੁ ਧੀਦੋ ਦਾ, ਘਰ ਛੱਡਣ ਤਦਬੀਰ ਬਣਾਉਂਦਾ ਈ
ਝੋਟਾ ਜੱਟ ਦੁਸ਼ਮਣ ਆਪਣਿਆਂ ਦੇ, ਸੜੇ ਸਰੀਕਾਂ ਮਜ਼ਾ ਚਖਾਵੰਦਾ ਈ
ਪਿੱਛੇ ਹਟ ਹਟ ਟੱਕਰਾਂ ਮਾਰਦਾ ਈ, ਸਾਰਾ ਕੋੜਮਾ ਮਾਰ ਮੁਕਾਵੰਦਾ ਈ
ਵਾਂਗ ਸੱਪਣੀ ਭੁੱਖਾ ਮਾਇਆ ਦਾ, ਜਣੇ ਆਪਣੇ ਆਪੇ ਖਾ ਜਾਵੰਦਾ ਈ
ਭਰਾਵਾਂ ਕੀਤੀ ਪੰਚਾਇਤ ਕੱਠੀ, ਜ਼ਮੀਨ ਜੈਦਾਦ ਵੰਡੀਆਂ ਪਾਵੰਦਾ ਈ
ਦੇ ਵੱਢੀਆਂ ਜ਼ਮੀਨ ਭੀ ਵੱਢ ਦਿੱਤੀ, ਟੋਟੇ ਧੀਦੋ ਦੇ ਪੱਲੇ ਚ ਪਾਵੰਦਾ ਈ
ਲੰਬੜਦਾਰ ਫੈਸਲਾ ਸੁਣਾ ਦਿੱਤਾ, ਜਿਹੜਾ ਟੱਕ ਜ਼ਮੀਨ ਦਾ ਆਵੰਦਾ ਈ
ਜਮੀਨ ਚੰਗੀ ਭਰਾਵਾਂ ਮੱਲ ਘੱਤੀ, ਟੱਕ ਕੱਲਰ ਧੀਦੋ ਵੱਲ ਆਉਂਦਾ ਈ
ਨਾ ਕੰਮ ਜਾਣੇ ਉਤੋਂ ਜ਼ਮੀਨ ਭੈੜੀ, ਅੱਕ ਢੱਕ ਨ ਜਿੱਥੇ ਉਗਾਵੰਦਾ ਈ
ਜ਼ਮੀਨ ਬੰਜਰ ਹੋਵੇ ਸੰਢ ਵਾਕਣ, ਕਦੀ ਕੁੱਖ ਨਾ ਹਰੀ ਕਰਾਵੰਦਾ ਈ
ਕੁੱਖ ਸੁੰਞੀ ਹੋਵੇ ਸੰਢ ਨਾਰ ਜਿਵੇਂ, ਧੀਦੋ ਖੇਤ ਜ਼ਮੀਨ ਦਾ ਆਵੰਦਾ ਈ
ਤਿੱਖੇ ਤੀਰ ਜ਼ਾਲਮਾਂ ਮਾਰ ਘੱਤੇ, ਨਾ ਵਾਰ ਨਾ ਪਾਰ ਲੰਘਾਉਂਦਾ ਈ
ਨਾ ਖਾਵੇ ਨਾ ਕੁਝ ਪੀਵੇ ਧੀਦੋ, ਤੱਤਾ ਲੰਮੀਆਂ ਸੋਚਾਂ ਪੈ ਜਾਵੰਦਾ ਈ
ਅੰਤ ਚਿੱਤ ਚਿਤਵਣੀ ਧਾਰ ਧੀਦੋ, ਮਨ ਪੱਕਾ ਇਰਾਦਾ ਬਣਾਉਂਦਾ ਈ
ਕੀ ਰੱਖਿਆ ਤਖ਼ਤ ਹਜ਼ਾਰੇ ਚ, ਝੰਗ ਜਾਣ ਦਾ ਮਤਾ ਪਕਾਉਂਦਾ ਈ
ਸੋਚ ਵਿਚਾਰ ਧੀਦੋ ਉਠ ਖਲੋਤਾ, ਫੈਸਲਾ ਭਾਬੀਆਂ ਤਾਈਂ ਸੁਣਾਵੰਦਾ ਈ
ਕਿਸਮਤ ਅਜਮੌਣ ਝੰਗ ਚੱਲਿਆ ਈ, ਅੰਨ ਸਾਡਾ ਇੱਥੋਂ ਮੁੱਕ ਜਾਵੰਦਾ ਈ
ਉਠ ਰਾਂਝਿਆ ਚਿੱਤ ਤੇ ਰੱਖ ਪੱਥਰ, ਸਮਾਂ ਟੁਰਨ ਹਜ਼ਾਰਿਓਂ ਆਵੰਦਾ ਈ
ਉਤੋਂ ਉਤੋਂ ਭਾਬੀਆਂ ਕੱਢਣ ਤਰਲੇ, ਚਿੱਤ ਉਨ੍ਹਾਂ ਦਾ ਖੁਸ਼ੀ ਮਨਾਵੰਦਾ ਈ
ਲੀੜਾ ਲੱਤਾ ਨਾ ਜੇਬ ਟਕਾ ਕੋਈ, ਮੋਢੇ ਕੰਬਲੀ ਹੱਥ ਵੰਝਲੀ ਪਾਉਂਦਾ ਈ
ਧੀਦੋ ਝੰਗ ਸਿਆਲ ਵੱਲ ਮੂੰਹ ਕੀਤੋ, ਵੱਲ ਝੰਗ ਦੇ ਕੂਚ ਕਰਾਉਂਦਾ ਈ





ਕਿਹਾ ਸੁਣਿਆਂ ਭਾਬੀਓ ਮਾਫ ਕਰਨਾ, ਧੀਦੋ ਦੁਆ ਸਲਾਮ ਬੁਲਾਵੰਦਾ ਈ
ਉਠ ਮੰਜੇ ਤੋਂ ਧੀਦੋ ਝਾੜ ਪਰਨਾ, ਭਰਾਵਾਂ ਖੁਦਾ ਹਾਫਿਜ਼ ਨ੍ਹਾਰਾ ਲਾਵੰਦਾ ਈ
ਉਠ ਵੇਲਾ ਈ ਕਿਸਮਤ ਅਜਮੌਣ ਵਾਲਾ, ਚਿੱਤ ਸੱਚੇ ਰੱਬ ਵੱਲ ਲਾਉਂਦਾ ਈ
ਉਠ ਧੀਦੋ ਝੱਬ ਰਵਾਨ ਹੋਇਆ, ਤ੍ਹਾਨਾਂ ਭਾਬੀਆਂ ਦਾ ਚਿੱਤ ਜਲਾਵੰਦਾ ਈ
ਧੀਦੋ ਝੰਗ ਸਿਆਲਾਂ ਵੱਲ ਪਾਏ ਚਾਲੇ, ਭੋਲਾ ਮੁੜ ਨਾ ਪਿੱਛੇ ਤਕਾਵੰਦਾ ਈ
ਟੁਰੇ ਵਾਟ ਤੇ ਨਾਲੇ  ਵਜਾਵੇ ਵੰਝਲੀ, ਸਾਰੇ ਸੁਖ ਦੁਖ ਭੁੱਲ ਜਾਵੰਦਾ ਈ
ਚਲੋ ਚਾਲ ਝੰਗ ਦਾ ਰਾਹ ਫੜਿਆ, ਧੀਦੋ ਝੰਗ ਮਘਿਆਣੇ ਕੂ ਜਾਵੰਦਾ ਈ
ਦਿਨ ਢਲਿਆ ਸ਼ਾਮਾਂ ਉਤਰ ਆਈਆਂ, ਉਤੋਂ ਭੁੱਖ ਦਾ ਦੁਖ ਸਤਾਵੰਦਾ ਈ
ਦੂਰ ਦੁਰਾਡੇ ਧੀਦੋ ਇਕ ਪਿੰਡ ਡਿੱਠਾ, ਵੱਲ ਪਿੰਡ ਦੇ ਮੂੰਹ ਮੁੜਾਵੰਦਾ ਈ
ਪਿੰਡ ਪਹੁੰਚਿਆ ਇਕ ਮਸੀਤ ਡਿੱਠੀ, ਵਿਚ ਮਸੀਤ ਜਾ ਸੀਸ ਝੁਕਾਵੰਦਾ ਈ
ਅੱਗੋਂ ਤੱਕਿਆ ਮੁੱਲਾਂ ਮਹਿਸੂਸ ਕੀਤੋ, ਭੁੱਖਾ ਤਿਹਾਇਆ ਭੂਤੜਾ ਆਵੰਦਾ ਈ
ਵਾਲ ਖਿੱਲਰੇ ਚਾਦਰਾ ਘਿਸੜਦਾ ਈ, ਧੀਦੋ ਨੰਗ ਮਲੰਗ ਨਜ਼ਰ ਆਉਂਦਾ ਈ
ਧੀਦੋ ਮੁੱਲਾਂ ਥੀਂ ਦੁਆ ਸਲਾਮ ਕੀਤੀ, ਆਪ ਬੀਤੀ ਬਿਰਥਾ ਸੁਣਾਉਂਦਾ ਈ
ਮੁੱਲਾਂ ਜਾ ਪਿੰਡ ਗਜਾ ਕੀਤੀ, ਮੰਗ ਚੁੰਗ ਲਿਆ ਧੀਦੋ ਤਾਈਂ ਖੁਆਵੰਦਾ ਈ
ਪਹਿਲਾਂ ਪੇਟ ਪੂਜਾ ਫਿਰ ਕੰਮ ਦੂਜਾ, ਰਾਂਝੇ ਸਾਹ ਸੁਖ ਦਾ ਆਉਂਦਾ ਈ
ਚੁਕੀ ਵੰਝਲੀ ਧੀਦੋ ਸੁਰ ਕੱਢੇ, ਵਿਚ ਮਸੀਤ ਕਾਫਿਰ ਵੰਞੀ ਵਜਾਉਂਦਾ ਈ
ਸੁਣ ਵੰਝਲੀ ਵੱਜਦੀ ਮਸੀਤ ਅੰਦਰ, ਸਾਰਾ ਪਿੰਡ ਕੱਠਾ ਹੋਇ ਆਵੰਦਾ ਈ
ਮੁੱਲਾਂ ਆਖਿਆ ਵੰਝਲੀ ਬੰਦ ਕਰ ਦੇ, ਦਰ ਰੱਬ ਦੇ ਨਾਦ ਨ ਭਾਵੰਦਾ ਈ
ਬੈਂਸ ਤੌਹੀਨ ਰੱਬ ਦੀ ਕਰੇ ਜਿਹੜਾ, ਫੰਧੇ ਫਾਸੀਆਂ ਗਲ ਚ ਪਾਉਂਦਾ ਈ
ਮੁੰਡਾ ਜਿਉਂਦਾ ਕੀਤੋ ਤਬਰੇਜ਼ ਨੇ ਸੁ, ਉਤੋਂ ਰੱਬ ਦੇ ਕਲਮਾਂ ਸੁਣਾਉਂਦਾ ਈ
ਜੱਗ ਜਾਣਦਾ ਤਬਰੇਜ਼ ਨੂੰ ਕੀ ਹੋਇਆ, ਰੱਬ ਪੁੱਠੀਆਂ ਖੱਲਾਂ ਲੁਹਾਉਂਦਾ ਈ
ਮੈਂ ਰੱਬ ਹਾਂ ਅਲਾਇਆ ਮਨਸੂਰ ਲੋਕੋ, ਜੱਗ ਫਾਸੀ ਦੀ ਸਜ਼ਾ ਸੁਣਾਉਂਦਾ ਈ
ਬਾਬੇ ਅਰਜਣ ਰੱਬ ਦਾ ਭੇਦ ਦਿੱਤਾ, ਤੱਤੀ ਤਵੀ ਉਤੋਂ ਤੱਤੀ ਰੇਤ ਪਾਵੰਦਾ ਈ
ਭੁੱਲ ਚੁੱਕ ਨਾ ਮੁੱਲਾਂ ਤੌਹੀਨ ਕਰੀਏ, ਰੱਬ ਮੁਕਾਬਲਾ ਰੱਬ ਨ ਭਾਉਂਦਾ ਈ

ਸੁਣ ਮੁੱਲਾਂ ਰਾਂਝਾ ਘਬਰਾ ਗਿਆ, ਵਜਾਉਣ ਵੰਝਲੀ ਤੁਰੰਤ ਹਟ ਜਾਵੰਦਾ ਈ
ਥੱਕਾ ਟੁੱਟਿਆ ਮੰਜ਼ਿਲੋਂ ਆਇਆ ਸੁ, ਸੁੱਟ ਵੰਝਲੀ ਧੀਦੋ ਸੌਂ ਜਾਵੰਦਾ ਈ
ਜਿਵੇਂ ਹੱਥ ਤੇ ਕਾਦਰ ਵਾਹੀਆਂ ਲੀਕਾਂ, ਉਵੇਂ ਰਾਹ ਜੱਟ ਨੂੰ ਪਾਉਂਦਾ ਈ
ਚਿੜੀ ਚੂਕੀ ਮੁੱਲਾਂ ਉਠ ਬਾਂਗ ਦਿੱਤੀ, ਅੱਲਾ ਹੂ ਦਾ ਨ੍ਹਾਰਾ ਲਾਉਂਦਾ ਈ
ਉਠੋ ਸੁੱਤਿਓ ਰੱਬ ਨੂੰ ਕਰੋ ਚੇਤੇ, ਵਕਤ ਨਮਾਜ਼ ਪੜ੍ਹਨ ਦਾ ਆਉਂਦਾ ਈ
ਪੰਜ ਵੇਲੇ ਪੜ੍ਹਨ ਨਮਾਜ਼ ਮੋਮਨ, ਸਮਾਂ ਪਹਿਲੀ ਨਮਾਜ਼ ਦਾ ਆਉਂਦਾ ਈ
ਬਾਂਗ ਮੁੱਲਾਂ ਨਗਾਰੇ ਵਾਂਗ ਗਰਜ ਪਾਈ, ਬਾਰਾਂ ਕੋਹਾਂ ਦੂਰ ਸੁਣ ਪਾਵੰਦਾ ਈ
ਸੁਣ ਉਠ ਸੁਆਣੀਆਂ ਚੋ ਧਾਰਾਂ, ਵੇਲਾ ਮਧਾਣੀਆਂ ਪਾਉਣ ਦਾ ਆਵੰਦਾ ਈ
ਉਠਾ ਨੀਂਗਰਾਂ ਪਿਆ ਦੁੱਧ ਪਾਣੀ, ਹਲ ਵਾਹੁਣ ਜੱਟ ਪੈਲੀ ਘਲਾਵੰਦਾ ਈ
ਉਠ ਨਣਦਾਂ ਭਰਜਾਈਆਂ ਡਾਹ ਤਿੰਜਣ, ਘੂਕੇ ਚਰਖ਼ਾ ਗੂੰਜਾਂ ਪਾਵੰਦਾ ਈ
ਜਿਹੜੇ ਸੁੱਤੇ ਸੀ ਨਸ਼ੇ ਗ਼ਲਤਾਨ ਹੋਏ, ਉਨ੍ਹਾਂ ਸੁੱਤਿਆਂ ਮੁੱਲਾਂ ਜਗਾਉਂਦਾ ਈ
ਨਾਲੇ ਕੋਸਦੇ ਨਾਲੇ ਉਠੱਦੇ ਈ, ਭੈੜਾ ਮੁੱਲਾਂ ਕਿਉਂ ਅਲਖ਼ ਜਗਾਉਂਦਾ ਈ
ਜੰਗਲ ਪਾਣੀ ਜਾ ਕਰ ਕਿੱਕਰ ਦਾਤਣ, ਮੁੱਲਾਂ ਉਜ਼ੂ ਮਸੀਤ ਕਰਾਵੰਦਾ ਈ
ਜਾ ਨਮਾਜ਼ ਵਿਛਾ ਕੇ ਡਾਹ ਗੋਡੇ, ਮੁੱਲਾ ਅੱਲਾ ਹੂ ਅਕਬਰ ਅਲਾਵੰਦਾ ਈ
ਚਿੱਤ ਰਾਂਝੇ ਵੱਲ ਮੁੱਖੋਂ ਨਮਾਜ਼ ਬੋਲੇ, ਅਜਿਹਾ ਰਾਗ ਨ ਰੱਬ ਨੂੰ ਭਾਵੰਦਾ ਈ
ਸੋਚੇ ਹੋਰ ਤੇ ਬੋਲੇ ਕੁਝ ਹੋਰ ਮੁੱਲਾਂ, ਚਿੱਤ ਉਹਦਾ ਨਾ ਰੱਬ ਵੱਲ ਜਾਵੰਦਾ ਈ
ਸ਼ਕਲ ਮੋਮਨਾਂ ਦੀ ਕੰਮ ਕਾਫਿਰਾਂ ਦੇ, ਕੀਤਾ ਆਪਣਾ ਸਾਹਮਣੇ ਆਵੰਦਾ ਈ
ਪਿਛਲੇ ਜਨਮ ਜਿਨ੍ਹਾਂ ਪਾਪ ਕੀਤੇ, ਰੱਬ ਉਨ੍ਹਾਂ ਮੁੱਲਾਂ ਤੇ ਭਾਈ ਬਣਾਵੰਦਾ ਈ
ਤਾ ਕਿ ਉਨ੍ਹਾਂ ਵੀ ਸਮਝ ਲੱਗੇ, ਜ਼ਬਰਦਸਤੀ ਰੱਬ ਨਾ ਘੁੰਡ ਚੁਕਾਵੰਦਾ ਈ
ਭਲਾ ਧੀਦੋ ਕਿਵੇਂ ਸੌਂਵੇਂ ਮਸੀਤ ਅੰਦਰ, ਮੁੱਲਾਂ ਬੋਲ ਕੰਨੀਂ ਨ ਭਾਵੰਦਾ ਈ
ਲਵੇ ਕਰਵਟਾਂ ਖਿੱਚੇ ਚਾਦਰਾ ਉਤੇ ਥੱਲੇ, ਨਾਲੇ ਅੰਗੜਾਈ ਭਰਾਵੰਦਾ ਈ
ਇੰਨਾਂ ਸ਼ੋਰ ਸ਼ਰਾਬਾ ਵੇਖ ਸਵਰਨ, ਕਿਹੜਾ ਮਾਣਸ ਭਲਾ ਸੌਂ ਪਾਵੰਦਾ ਈ
ਅੱਖ ਖੁਲ੍ਹੀ ਰੱਬ ਦਾ ਸ਼ੁਕਰ ਕੀਤੋ, ਸਾਮਾਨ ਆਪਣਾ ਕੱਠਾ ਕਰਾਵੰਦਾ ਈ
ਚਾਲੇ ਪਾਉਣ ਨੂੰ ਰਾਂਝਾ ਤਿਆਰ ਹੋਇਆ, ਮੁੱਲਾਂ ਤਾਈਂ ਸੀਸ ਝੁਕਾਵੰਦਾ ਈ





ਝਾੜ ਚਾਦਰਾ ਫੜ ਵੰਝਲੀ ਹੱਥ, ਧੀਦੋ ਵੱਲ ਸਿਆਲਾਂ ਦੇ ਧਾਉਂਦਾ ਈ
ਚਲੋ ਚਾਲ ਰੰਝੇਟੜਾ ਪੂਰਬ ਨੂੰ, ਚਿੱਤ ਝੰਗ ਸਿਆਲ ਵੱਲ ਜਾਵੰਦਾ ਈ
ਸ਼ਕਲ ਸੂਰਤ ਹੀਰ ਸਿਆਲ ਸੋਚੇ, ਤਰ੍ਹਾਂ ਤਰ੍ਹਾਂ ਦੇ ਬੁੱਤ ਬਣਾਵੰਦਾ ਈ
ਕਦੀ ਸੋਚੇ ਪਰੀਆਂ ਦੀ ਹੀਰ ਰਾਣੀ, ਕਦੀ ਕਾਲੀ ਕਲੋਟੀ ਬਣਾਵੰਦਾ ਈ
ਸੁਫਨੇ ਲੈ ਲੈ ਝੰਗ ਵੱਲ ਧਾਵੇ, ਅੱਗੋਂ ਝਨਾ ਦਰਿਆ ਰਾਹ ਚ ਆਵੰਦਾ ਈ
ਬਾਝ ਬੇੜੀ ਕੋਈ ਨ ਪਾਰ ਕਰਦਾ, ਬੜਾ ਮਸਲਾ ਖੜ੍ਹਾ ਹੋ ਜਾਵੰਦਾ ਈ
ਮਾਲ ਸਬਾਬ ਨਾ ਪੱਲੇ ਟਕਾ ਧੇਲਾ, ਧੀਦੋ ਖਲੋਤਾ ਬਣਤ ਬਣਾਵੰਦਾ ਈ
ਜ਼ਾਤ ਮਹਿਰਾ ਲੁੱਡਣ ਮਲਾਹ ਮਾਝੀ, ਬੇੜੀ ਵਿਚ ਝਨਾ ਦੇ ਪਾਵੰਦਾ ਈ
ਜਾ ਰਾਂਝੇ ਦੁਆ ਸਲਾਮ ਕੀਤੀ, ਆਪ ਬੀਤੀ ਫਿਰ ਆਖ ਸੁਣਾਵੰਦਾ ਈ
ਟਕਾ ਧੇਲਾ ਨ ਜੈਦਾਦ ਕੋਈ, ਪਾਰ ਲੰਘਾਉਣ ਨੂੰ ਮਿੰਨਤਾਂ ਪਾਵੰਦਾ ਈ
ਤੇਰੇ ਜਿਹੇ ਲਫੰਗੇ ਬਹੁ ਡਿੱਠੇ, ਨਿੱਤ ਨਵਾਂ ਆਸ਼ਿਕ ਉਠ ਆਉਂਦਾ ਈ
ਲੁੱਡਣ ਸੌ ਦੀ ਇਕ ਸੁਣਾ ਛੱਡੀ, ਮਾਇਆ ਬਾਝੋਂ ਨ ਪਾਰ ਲੰਘਾਵੰਦਾ ਈ
ਰੋਵੇ ਕੁਰਲਾਵੇ ਧੀਦੋ ਪਾਵੇ ਤਰਲੇ, ਲੁੱਡਣ ਇਕ ਪਾ ਦੂਜੇ ਕਢਾਉਂਦਾ ਈ
ਧੀਦੋ ਵੱਲ ਦਰਿਆ ਜਾ ਵਧਿਆ, ਬਾਹੋਂ ਫੜ ਲੋਕਾਂ ਧੂ ਲਿਆਉਂਦਾ ਈ
ਮਰਨਾਂ ਜੇ ਮਰ ਡੁੱਬ ਖੂਹ ਟੋਭੇ, ਸਾਡੇ ਗਲ ਕਿਉਂ ਵਲਾਈਂ ਪਾਵੰਦਾ ਈ
ਮੌਤ ਤੇਰੀ ਤੇ ਮਾਰ ਅਸਾਂ ਪੈਣੀ, ਕਿਸ ਗੁਨਾਹ ਦੀ ਸਜ਼ਾ ਭੁਗਤਾਵੰਦਾ ਈ
ਥੱਕ ਹਾਰ ਕੇ ਧੀਦੋ ਬੈਠ ਗਿਆ, ਚਿੱਤ ਡੂੰਘੀਆਂ ਸੋਚਾਂ ਪੈ ਜਾਵੰਦਾ ਈ
ਅੰਤ ਹਾਰ ਕੇ ਧੀਦੋ ਚੁੱਕ ਵੰਝਲੀ, ਸੋਗ ਰਾਗ ਦਾ ਸੁਰ ਕਢਾਵੰਦਾ ਈ
ਸੁਣੀ ਵੰਝਲੀ ਲੁੱਡਣ ਦੀ ਨਾਰ ਨੇ ਸੁ, ਸੁਣ ਮਜ਼ਾ ਵੰਝਲੀ ਆਵੰਦਾ ਈ
ਉਸ ਜਾ ਲੁੱਡਣ ਥੀਂ ਕਰੀ ਮਿੰਨਤ, ਲੁੱਡਣ ਰਾਂਝੇ ਬੇੜੀ ਚੜ੍ਹਾਵੰਦਾ ਈ
ਉਤੋਂ ਆਈ ਰੁੱਤ ਬਰਸਾਤ ਦੀ ਸੁ, ਦਰਿਆ ਕੰਢਿਆਂ ਉਤੋਂ ਜਾਵੰਦਾ ਈ
ਫਸੀ ਬੇੜੀ ਮਝਧਾਰ ਨਾ ਪਾਰ ਲੰਘੇ, ਅੱਜ ਧੀਦੋ ਥੀਂ ਰੰਗ ਵਖਾਵੰਦਾ ਈ
ਮੰਦੇ ਹਾਲ ਹੋਣ ਭੈੜੇ ਆਸ਼ਿਕਾਂ ਦੇ, ਰੱਬ ਆਸ਼ਿਕਾਂ ਭੀੜੀਆਂ ਪਾਉਂਦਾ ਈ
ਧੀਦੋ ਰਾਂਝੇ ਦੀ ਰੱਬ ਪੁਕਾਰ ਸੁਣੀ, ਮੋਢਾ ਲਾ ਰੱਬ ਬੇੜੀ ਪਾਰ ਲਾਵੰਦਾ ਈ

## 00

ਦਰਿਆ ਪਾਰ ਕਰ ਧੀਦੋ ਪਾਏ ਚਾਲੇ, ਤੱਤਾ ਵੱਲ ਝੰਗ ਦੇ ਜਾਵੰਦਾ ਈ
ਜੂਹਾਂ ਦਿੱਸੀਆਂ ਝੰਗ ਸਿਆਲਾਂ ਦੀ, ਚਿੱਤ ਧੀਦੋ ਭਰਵਾਸਾ ਆਉਂਦਾ ਈ
ਜੂਹਾਂ ਲੰਮੀਆਂ ਚੌੜੀਆਂ ਦਿਸਣ ਦੂਰੋਂ, ਕੋਹਾਂ ਦੂਰ ਪਿੰਡ ਨਜ਼ਰ ਆਉਂਦਾ ਈ
ਧੀਦੋ ਸੋਚੇ ਰੱਬ ਨੂੰ ਯਾਦ ਕਰਨਾ, ਪਰ ਨਾਂ ਹੀਰ ਦਾ ਲਬਾਂ ਤੇ ਆਵੰਦਾ ਈ
ਜੂਹਾਂ ਵੜਿਆ ਇਕ ਪਲੰਘ ਡਿੱਠਾ, ਸਜੀ ਸੇਜ ਵਾਂਗ ਪਲੰਘ ਸਜਾਵੰਦਾ ਈ
ਥੱਕਾ ਟੁੱਟਾ ਵਾਟੋਂ ਆਇਆ ਸੂ, ਨਵਾਰੀ ਪਲੰਘ ਤੇ ਰਾਂਝਾ ਸੌਂ ਜਾਵੰਦਾ ਈ
ਸੱਚੇ ਰੱਬ ਨੇ ਸੁਣ ਲਈ ਅੱਜ ਮੇਰੀ, ਚਿਹਰਾ ਹੀਰ ਦਾ ਸੁਫਨੇ ਆਉਂਦਾ ਈ
ਤੱਕ ਸੂਰਤ ਧੀਦੋ ਬੇਚੈਨ ਹੋਇਆ, ਤੱਤਾ ਚਿੱਤ ਚਿਤਵਣੀ ਲਾਉਂਦਾ ਈ
ਹੀਰ ਪਰੀ ਵਾਸਤੇ ਘਰ ਖੋਇਆ, ਸੁਹਣੇ ਮੁਖ ਦਾ ਨਜ਼ਾਰਾ ਪਾਉਂਦਾ ਈ
ਕਾਦਰ ਲਿਖਿਆ ਕੱਲ੍ਹ ਦੀਦ ਹੋਸੀ, ਸੁਫਨੇ ਹੀਰ ਦੇ ਚਿੱਤ ਭਰਮਾਉਂਦਾ ਈ
ਸਾਰੀ ਰਾਤ ਇਵੇਂ ਗੁਜ਼ਾਰ ਦਿੱਤੀ, ਇਕ ਪਲ ਨਾ ਨੀਂਦਰਾਂ ਪਾਉਂਦਾ ਈ
ਅੱਜ ਆ ਗਈ ਕੱਲ੍ਹ ਬੀਤ ਚੁੱਕੀ, ਸੁਫਨਾ ਕੱਲ੍ਹ ਦੀ ਕੱਲ੍ਹ ਦਾ ਆਉਂਦਾ ਈ
ਕਦੀ ਬੀਤਿਆ ਸਮਾਂ ਨ ਪਾਵੇ ਮੋੜਾ, ਬੁਰੇ ਭਲੇ ਵਿਚਾਰ ਭੁਲਾਉਂਦਾ ਈ
ਜਿਹੜੇ ਕਰਨਗੇ ਭਰਨਗੇ ਆਪੇ, ਭੈੜਾ ਰੱਬ ਨਾ ਕਰਮ ਬਦਲਾਉਂਦਾ ਈ
ਰੱਬ ਸਭ ਦੇ ਮਨ ਚ ਛੁਪ ਬੈਠਾ, ਕੀਤਾ ਕਰਮ ਸਭ ਲਿਖ ਪਾਉਂਦਾ ਈ
ਜਾਣ ਵੇਲੇ ਸਭ ਦਾ ਹਿਸਾਬ ਹੋਸੀ, ਪਲੀ ਪਲੀ ਹਿਸਾਬ ਚੁਕਾਉਂਦਾ ਈ
ਬਾਝ ਵਿਆਹਿਆਂ ਹੀਰ ਸਲੇਟੀ ਨੂੰ, ਧੀਦੋ ਮੁੜ ਘਰ ਨਾ ਜਾਵੰਦਾ ਈ
ਸਕੀ ਭਾਬੀਆਂ ਜ਼ਰਾ ਨ ਸੋਚਿਆ ਸੂ, ਕਿਵੇਂ ਧੀਦੋ ਵਕਤ ਟਪਾਉਂਦਾ ਈ
ਰੱਬ ਕਰੇ ਰੱਬ ਦੀ ਮਿਹਰ ਹੋਵੇ, ਧੀਦੋ ਸਭ ਦਾ ਭਲਾ ਮਨਾਉਂਦਾ ਈ
ਰਾਤ ਬੀਤੀ ਚਿੜੀਆਂ ਚੂਕ ਪਈਆਂ, ਤਾਰਾ ਚੜ੍ਹ ਚਾਨਣ ਕਰਾਉਂਦਾ ਈ
ਰੱਬ ਕਰੇ ਯਾਰ ਸੰਗ ਹੋਣ ਮੇਲੇ, ਸੱਚੇ ਰੱਬ ਨੂੰ ਦਿਲੋਂ ਧਿਆਉਂਦਾ ਈ
ਜਾਗੀ ਸਹਿਰ ਕੁੱਕੜਾਂ ਬਾਂਗ ਦਿੱਤੀ, ਮੁੱਲਾਂ ਅੱਲਾ ਦਾ ਨਾ੍ਹਰਾ ਲਾਉਂਦਾ ਈ
ਉਠੋ ਸੁੱਤਿਓ ਕਰ ਉਜ਼ੂ ਕਰੋ ਸਜਦਾ, ਸੱਚੇ ਰੱਬ ਨੂੰ ਸਜਦਾ ਭਾਉਂਦਾ ਈ
ਸੱਚਾ ਰੱਬ ਖਿਦਮਤ ਦਾਨ ਮੰਗੇ, ਬਾਝ ਖਿਦਮਤਾਂ ਵਸ ਨਾ ਆਉਂਦਾ ਈ
ਜਿਉਂਦੇ ਮਰ ਕੇ ਮਰਨ ਜਿਹੜੇ, ਰੱਬ ਉਨ੍ਹਾਂ ਦਾ ਵਚਨ ਪੁਗਾਉਂਦਾ ਈ
ਰੱਬ ਵਸ ਆਪਣੇ ਮੁਰੀਦਾਂ ਦੇ, ਜਿਵੇਂ ਨਾਰੀਆਂ ਵਸ ਨਰ ਆਉਂਦਾ ਈ



## 00

ਇਕ ਸਹੇਲੀ ਹੀਰ ਆ ਵਾਹੀ ਹੁੱਜਤ, ਸੇਜ ਤੇਰੀ ਸੁੱਤਾ ਈ ਅੱਜ ਕੋਈ
ਭਰ ਗੁੱਸਾ ਜੁੱਸੇ ਦੇ ਨਾਲ ਬੋਲੀ, ਭੈੜਾ ਸ਼ੇਰ ਨਾ ਮਨਾਵੇਗਾ ਅੱਜ ਕੋਈ
ਤੂੰ ਦੱਸ ਕੌਣ ਤੇਰਾ ਨਾਂ ਕੀ ਏ, ਮੇਰੀ ਸੇਜ ਤੇ ਉਜਰ ਈ ਤੇਰਾ ਕੋਈ
ਧੀਦੋ ਸੁੱਤਾ ਇਸ਼ਕ ਚ ਗੁੰਮ ਹੋਇਆ, ਮੂੰਹ ਰੂਹ ਦਮਾਲੇ ਸੁ ਲਕੋਈ
ਚੁੱਕ ਛੜ ਇਕ ਦੋ ਚਾਰ ਮਾਰੇ, ਧੀਦੋ ਜ਼ਰਾ ਭੀ ਦੁਖ ਨ ਦਰਦ ਹੋਈ
ਥੱਕ ਟੁੱਟ ਨੱਢੀ ਸੋਚਿਆ ਸੂ, ਇਨਸਾਨ ਨਹੀਂ ਇਹ ਫਰਿਸ਼ਤਾ ਕੋਈ
ਘੁੰਡ ਚੁਕਿਆ ਆਪਣੇ ਹੱਥ ਉਹਨੇ, ਸੂਰਤ ਵੇਖ ਨੱਢੀ ਗੁੰਮ ਸੁੰਮ ਹੋਈ
ਰੱਬ ਘੱਲਿਆ ਆਪ ਫਰਿਸ਼ਤਾ ਈ, ਸ਼ਕਲ ਵੇਖ ਕੇ ਹੀਰ ਬੇਹੋਸ਼ ਹੋਈ
ਨੈਣ ਝੁਕ ਗਏ ਦਿਲ ਡੁੱਬ ਗਿਆ, ਪਲ ਭਰ ਚ ਪਿਆਰ ਦੇ ਵਸ ਹੋਈ
ਬਿਨ ਦਾਮਾਂ ਦਿਲ ਵੇਚ ਦਿੱਤਾ, ਮਰਜ਼ੀ ਰੱਬ ਦੀ ਕਰੇ ਮਿਲਾਪ ਸੋਈ
ਅੱਖ ਖੋਲ੍ਹ ਰਾਂਝੇ ਨੇ ਤੱਕੀ ਸੂਰਤ, ਹੋਸੀ ਸੱਖਣੀ ਹੀਰ ਸੋ ਹੀਰ ਸੋਈ
ਅੱਖ ਝਮਕੇ ਨਾ ਤੱਕਦਾ ਪਰੀ ਤਾਈਂ, ਆਖੀ ਭਾਬੀਆਂ ਗੱਲ ਸੱਚ ਹੋਈ
ਹੀਰ ਪਰੀ ਏ ਲੱਖਾਂ ਕਰੋੜਾਂ ਚੋਂ, ਰੱਬਾ ਵੇਖੀਂ ਨ ਲੈ ਜਾਵੇ ਚੁਰਾ ਕੋਈ
ਹੁਸਨ ਹੀਰ ਦਾ ਡੁੱਲ੍ਹ ਡੁੱਲ੍ਹ ਪੈਂਦਾ ਈ, ਅੱਖ ਤੱਕਿਆਂ ਮੈਲ ਨ ਲੱਗੇ ਕੋਈ
ਕਰਾਂ ਸ਼ੁਕਰੀਆ ਮੈਂ ਭਾਬੀਆਂ ਦਾ, ਮਿਲੀ ਪਿਛਲੇ ਜਨਮ ਦੀ ਹੀਰ ਖੋਈ
ਮੇਰੇ ਦਿਲਬਰਾ ਮੇਰੇ ਤੇ ਕਰਮ ਕਰੀਂ, ਮੁੜ ਨ ਮੈਥੋਂ ਰੱਬਾ ਹੀਰ ਖੋਹੀਂ
ਅੱਜ ਤੱਕਿਆਂ ਹੀਰ ਮੁਹਾਂਦਰੇ ਥੀਂ, ਮਲ ਚਿੱਤ ਦੀ ਰਾਂਝਿਆ ਗਈ ਧੋਈ
ਜਦੋਂ ਨੈਣਾ ਸੰਗ ਨੈਣ ਮਿਲੇ, ਰਾਂਝਾ ਹੀਰ, ਹੀਰ ਰਾਂਝਣ ਬਣ ਖਲੋਈ
ਆਪੇ ਲਿਖਿਆ ਕਰਮ ਵਿਧਾਤਾ ਨੇ, ਮੇਟ ਸਕੇ ਨ ਇਹਨੂੰ ਹੋਰ ਕੋਈ
ਪਿਛਲੇ ਜਨਮ ਦਾ ਨਾਤਾ ਸੂ, ਚੱਲ ਹਜ਼ਾਰਿਓਂ ਸਿਆਲੀਂ ਲਾਈ ਢੋਈ
ਕੀ ਆਖਾਂ ਕਿਵੇਂ ਮੈਂ ਅਰਜ਼ ਭਾਖਾਂ, ਮੈਨੂੰ ਰੱਖ ਲਏ ਅੱਜ ਘਰ ਕੋਈ
ਹੱਥ ਜੋੜ ਰਾਂਝਣ ਦੁਆ ਮੰਗੀ, ਦਿਲ ਜੋੜ ਨਾ ਕਰੀਂ ਵਿਛੋੜ ਕੋਈ
ਦਿਲ ਟੁੱਟ ਜਾਸੀ ਜਿੰਦ ਮੁੱਕ ਜਾਸੀ, ਯਾਰ ਬਾਝੋਂ ਜੱਨਤ ਨ ਮਿਲੇ ਢੋਈ
ਰੱਬਾ ਲਾ ਕੇ ਅੱਜ ਪੁਗਾ ਸਾਡੀ, ਮੈਂ ਹੀਰ ਦਾ ਤੇ ਮੇਰੀ ਹੀਰ ਹੋਈ
ਬਾਝ ਤੱਕਿਆਂ ਯਾਰ ਨੂੰ ਮਰ ਜਾਸਾਂ, ਅੱਖ ਯਾਰ ਦੀ ਅੱਖੀਓਂ ਦੂਰ ਹੋਈ

ਚਿੱਤ ਸੋਚਿਆ ਹੀਰ ਨੇ ਜੀ ਲਾ ਕੇ, ਕਿੰਵ ਹੋਸੀ ਯਾਰ ਦਿਦਾਰ ਮਿੱਤ
ਛੇੜੂ ਮੱਝੀਆਂ ਦਾ ਯਾਰ ਰੱਖ ਲੈਸਾਂ, ਭੱਤਾ ਲੈ ਆ ਕਰਾਂ ਦਿਦਾਰ ਮਿੱਤ
ਹੀਰ ਆਖਿਆ ਰਾਂਝਣੇ ਬੋਲ ਮਿੱਠਾ, ਕੰਮ ਕਰੇਂਗਾ ਕੀ ਦਿਲਦਾਰ ਮਿੱਤ
ਅੱਲ੍ਹੜ ਜੁਆਨੀਆਂ ਮਾਣੀਆਂ ਈ, ਕੰਮ ਕਾਰ ਨਾ ਜਾਣਦਾ ਯਾਰ ਮਿੱਤ
ਹੀਰ ਆਖਿਆ ਰਾਂਝਣਾ ਸੱਚ ਆਖਾਂ, ਛੇੜ ਮੱਝੀਆਂ ਪਾ ਪਿਆਰ ਮਿੱਤ
ਨਿੱਤ ਮਿਲਾਂਗੇ ਲੰਮੀਆਂ ਜੂਹਾਂ ਤੇ, ਗਲ ਲੱਗ ਕੇ ਕਰਾਂਗੇ ਪਿਆਰ ਮਿੱਤ
ਅੱਖ ਝੁਕੀ ਤੇ ਗੱਲ ਤਹਿ ਹੋ ਗਈ, ਤੇਰੀ ਮੱਝੀਆਂ ਲੈਣੀਆਂ ਚਾਰ ਮਿੱਤ
ਛੇੜੂ ਬਣਿਆ ਰਾਂਝਣ ਸਿਆਲਾਂ ਦਾ, ਚਾਰੇ ਮੱਝੀਆਂ ਹੀਰ ਚ ਰੱਖੇ ਚਿੱਤ
ਸੂਰਤ ਯਾਰ ਦੀ ਯਾਰ ਚਿੱਤ ਵਸੇ, ਨਾਮ ਯਾਰ ਦਾ ਲਬਾਂ ਦੇ ਰੱਖੇ ਨਿੱਤ
ਧਾਇਆ ਮਨ ਇੰਵ ਵਸ ਆਵੇ, ਕਰੇ ਸਜਦਾ ਕਰ ਯਾਰ ਦਿਦਾਰ ਨਿੱਤ
ਇਹੋ ਸਾਧਨਾ ਮੀਰ ਪੀਰ ਫਕੀਰਾਂ ਦੀ, ਰੱਬ ਸਾਧਦੇ ਸਾਧਨਾ ਲਾ ਚਿੱਤ
ਧਰਮ ਕਮਾ ਕਿਸੇ ਨ ਰੱਬ ਪਾਇਆ, ਬੈਂਸ ਲਿਖਿਆ ਸਹਿਜ ਸੁਭਾ ਚਿੱਤ
ਹਕੀਕੀ ਇਸ਼ਕ ਰੱਬ ਦਾ ਰਾਹ ਲੋਕੋ, ਕਮਾਵੇ ਨਿੱਤ ਲਾਇ ਯਾਰ ਚਿੱਤ
ਤੱਕ ਯਾਰ ਥੀਂ ਰੱਬ ਦੀਦਾਰ ਹੋਵੇ, ਹੋਵੇ ਸਾਹਮਣੇ ਬੈਠਾ ਜੇ ਯਾਰ ਮਿੱਤ
ਲੋਕੋ ਯਾਰ ਮਨਾ ਕੇ ਰੱਬ ਮਿਲਦਾ, ਜੰਗਲ ਬੇਲਿਆਂ ਚੁਭਣ ਖ਼ਾਰ ਨਿੱਤ
ਦਿਨ ਬੀਤਣ ਪਿਆਰ ਵਧਣ ਲੱਗੇ, ਚਿੱਤ ਖਿੜੇ ਯਾਰ ਤੱਕ ਯਾਰ ਨਿੱਤ
ਕੁੱਟ ਚੂਰੀਆਂ ਯਾਰ ਖੁਆਉਣ ਲੱਗੀ, ਹੱਥੀਂ ਬੁਰਕੀ ਮੂੰਹ ਚ ਪਾਵੇ ਮਿੱਤ
ਸਰੇ ਰੋਜ਼ ਨਵੀਂ ਬਹਾਰ ਆਵੇ, ਫੁੱਲ ਖਿੜਦੇ ਤੱਕ ਦਿਲਦਾਰ ਨਿੱਤ
ਧੀਦੋ ਰਾਂਝਾ ਤਖ਼ਤ ਹਜ਼ਾਰੇ ਦਾ, ਹੀਰ ਸਿਆਲ ਹੋ ਗਏ ਇਕ ਮਿੱਕ
ਦੋ ਬਦਨ ਰੂਹ ਇਕ ਮਿਕ ਹੋ ਗਈ, ਦੋ ਦਿਲ ਮਿਲ ਕੇ ਹੋ ਗਏ ਇਕ
ਬੈਂਸ ਦਿਲਾਂ ਨੂੰ ਦਿਲਾਂ ਦੇ ਰਾਹ ਹੋਵਣ, ਯਾਰ ਪਿਆਰ ਚ ਗਏ ਵਿਕ
ਯਾਰ ਰੁੱਸ ਜਾਵੇ ਦਿਲ ਟੁੱਟ ਜਾਵੇ, ਮਿੱਠਾ ਬੋਲ ਪਰਚਾਉਂਦਾ ਯਾਰ ਚਿੱਤ
ਸਮਾਂ ਬੀਤਦਾ ਬੀਤਦਾ ਬੀਤ ਗਿਆ, ਵਰ੍ਹੇ ਬਾਰਾਂ ਗੁਜ਼ਰ ਗਏ ਵਾਂਗ ਇਕ
ਇਸ਼ਕ ਮੁਸ਼ਕ ਛੁਪਾਇਆ ਛੁਪਦਾ ਨਹੀਂ, ਜ਼ਾਹਿਰ ਹੋ ਗਿਆ ਦਿਨ ਇਕ





ਬਚਨ ਹੀਰ ਦਾ ਉਸ ਪਰਵਾਨ ਕੀਤਾ, ਛੇੜੂ ਬਣਿਆਂ ਰਾਂਝਾ ਸਿਆਲਾਂ ਦਾ
ਹੀਰ ਜਾ ਬਾਬਲ ਥੀਂ ਖਬਰ ਕੀਤੀ, ਅਸਾਂ ਲੱਭਿਆ ਚਾਕ ਕਮਾਲਾਂ ਦਾ
ਚੂਚਕ ਹੀਰ ਦੀ ਗੱਲ ਕਬੂਲ ਕੀਤੀ, ਦਿੱਤਾ ਹੀਰ ਸੂ ਤੋਫਾ ਕਮਾਲਾਂ ਦਾ
ਤੜਕੇ ਉਠ ਰਾਂਝਾ ਧਾਰ ਕੱਢੇ, ਮੁੜ ਮਥੇ ਦੁਧ ਫੇਰੇ ਮਧਾਣਾ ਸਿਆਲਾਂ ਦਾ
ਮਖਣ ਸੱਜਰਾ ਘਰੋਟੀਆਂ ਭਰ ਕੱਢੇ, ਪੀਣੀ ਛਾਛ ਈ ਕੰਮ ਕਲਾਲਾਂ ਦਾ
ਧੀਦੋ ਆਪ ਥਣਾਂ ਚੋਂ ਘੁੱਟ ਲਵੇ ਧਾਰਾਂ, ਰੰਗ ਚੜ੍ਹਿਆ ਰੰਝੇਟੇ ਕਮਾਲਾਂ ਦਾ
ਵ੍ਹਰੇ ਦੋ ਚਾਰ ਦਸ ਬੀਤ ਗਏ, ਧੀਦੋ ਬਣ ਗਿਆ ਵਾਸੀ ਸਿਆਲਾਂ ਦਾ
ਭੁੱਲ ਗਿਆ ਭਾਬੀਆਂ ਭਾਈਆਂ ਥੀਂ, ਜਿਨ੍ਹਾਂ ਕੀਤਾ ਵਰਤਾ ਚੰਡਾਲਾਂ ਦਾ
ਖੋਹ ਖਿੱਚ ਜਿਨ੍ਹਾਂ ਸੂ ਭਰੇ ਬੋਝੇ, ਪਿੱਛਾ ਛੱਡ ਦਿੱਤਾ ਧੀਦੋ ਕੰਗਾਲਾਂ ਦਾ
ਸਵਰਨ ਸਿੰਘਾ ਧੀਦੋ ਲਈ ਕੀ ਪਿੱਛੇ, ਬਣ ਗਿਆ ਸ਼ਹਿਰੀ ਸਿਆਲਾਂ ਦਾ
ਝੰਗ ਸਹੁਰੇ ਘਰ ਸਿਆਲ ਮਾਪੇ, ਰਾਂਝੇ ਤਿਆਗਿਆ ਸੰਗ ਬੇਹਾਲਾਂ ਦਾ
ਧੀਦੋ ਭੁੱਲਦਾ ਭੁੱਲਦਾ ਭੁੱਲ ਗਿਆ, ਨਾਂ ਮੌਜੂ ਜੱਟ ਦੇ ਸੱਖਣੇ ਲਾਲਾਂ ਦਾ
ਨਾ ਉਹ ਮੇਰੇ ਨਾ ਮੈਂ ਉਨ੍ਹਾਂ ਦਾ, ਫਿਰ ਵੀ ਚੇਤਾ ਆਵੇ ਭਰਾ ਬਾਲਾਂ ਦਾ
ਜਿਨ੍ਹਾਂ ਸੰਗ ਖੇਡ੍ਹਿਆ ਲਾਡ ਲਾਡੇ, ਪੱਲਾ ਕਿਵੇਂ ਛੱਡੇ ਚਿੱਤੋਂ ਖਿਆਲਾਂ ਦਾ
ਧੀਦੋ ਫਿਰ ਭੀ ਸਾਹਮਣੇ ਆਣ ਡਿੱਠੇ, ਚਿਹਰਾ ਸੱਤ ਮੌਜੂ ਦੇ ਲਾਲਾਂ ਦਾ
ਰੱਬ ਬਖਸ਼ਿਓ ਰੱਬ ਦੀ ਮਿਹਰ ਦੇਖੋ, ਧੀਦੋ ਦਿੱਤਾ ਈ ਤੋਫਾ ਕਮਾਲਾਂ ਦਾ
ਜਿਸ ਕਾਰਨ ਸਿਆਲੀਂ ਧਾਇਆ ਸੂ, ਰਾਂਝੇ ਪਾਇਆ ਹੁਸਨ ਜਮਾਲਾਂ ਦਾ
ਇਸ਼ਕ ਆਸ਼ਕੀ ਮੱਥੇ ਤੇ ਹੋਵੇ ਲਿਖੀ, ਹੋਏ ਆਸ਼ਿਕ ਇੱਕੋ ਖਿਆਲਾਂ ਦਾ
ਅੱਖ ਇੱਕ ਵੱਲ ਚਿੱਤ ਵੱਲ ਇਕ, ਦੋਹੀਂ ਤੱਕਣਾ ਈ ਕੰਮ ਕਲਾਲਾਂ ਦਾ
ਪੀਣ ਦਾਰੂ ਭਰ ਭਰ ਪਿਆਲੇ, ਭੁੱਲ ਜਾਣ ਲਈ ਸੁਫਨਾ ਖਿਆਲਾਂ ਦਾ
ਜਾਣ ਰਿੰਦ ਮੈਖ਼ਾਨੇ ਤੱਕਣ ਹੁਸਨ ਸਾਕੀ, ਭੁੱਲ ਜਾਏ ਗ਼ਮ ਬੇਹਾਲਾਂ ਦਾ
ਨ ਕੋਈ ਐਬ ਨ ਧੀਦੋ ਸ਼ਰਾਬ ਪੀਵੇ, ਪੁੱਤ ਲਾਡਲਾ ਧੀਦੋ ਕਮਾਲਾਂ ਦਾ
ਚੜ੍ਹੇ ਮਸਤੀ ਵਜਾਵੇ ਵੰਝੀ ਧੀਦੋ, ਕੱਢੇ ਸੁਰ ਤਾਲ ਰੰਝੇਟਾ ਹਾਲਾਂ ਦਾ
ਸੁਣ ਵੰਝਲੀ ਹੀਰ ਮੀਟੇ ਅੱਖੀਂ, ਚੇਤਾ ਭੁੱਲ ਜਾਏ ਮੁਖਬਰਾਂ ਪਾਲਾਂ ਦਾ

## 00

ਪੁੱਤ ਜੱਟ ਦਾ ਲੋਕੋ ਸਾਧ ਬਣਿਆਂ, ਨਿੱਤ ਨਵੇਂ ਰੰਗ ਖਿੜਾਉਂਦਾ ਈ
ਬੈਠ ਸੱਚੇ ਰੱਬ ਨੂੰ ਯਾਦ ਕਰਦਾ, ਰੂਪ ਯਾਰ ਦਾ ਚਿੱਤ ਵਸਾਉਂਦਾ ਈ
ਲਾ ਤਾੜੀ ਅੰਤਰ ਧਿਆਨ ਧੀਦੋ, ਚਿਹਰਾ ਯਾਰ ਸਾਹਮਣੇ ਲਾਉਂਦਾ ਈ
ਮਨ ਚ ਮੂਰਤ ਚਿੱਤ ਹੀਰ ਸੂਰਤ, ਮੁੱਖੋਂ ਰੱਬ ਦਾ ਨਾਂ ਅਲਾਉਂਦਾ ਈ
ਮਨਮੁਖ ਥੀਂ ਸਨਮੁਖ ਬਣਾ ਛੱਡੇ, ਪਿਆਰ ਜਦੋਂ ਯਾਰ ਨੂੰ ਭਾਉਂਦਾ ਈ
ਇਹੋ ਭਗਤੀ ਇਹੋ ਗਿਆਨ ਲੋਕੋ, ਮਜ਼੍ਹਬ ਐਵੇਂ ਢਕਭੰਜ ਰਚਾਉਂਦਾ ਈ
ਮਿਲਿਆ ਜਿਹਨੂੰ ਘਰੋਂ ਮਿਲਿਆ, ਧਰਮ ਭਰਮ ਚਿੱਤ ਨੂੰ ਪਾਉਂਦਾ ਈ
ਸਵਰਨ ਸੋਚ ਵਿਚਾਰ ਕੇ ਵੇਖ ਜ਼ਰਾ, ਭਾਈ ਮੁੱਲਾਂ ਰੱਬ ਨ ਭਾਉਂਦਾ ਈ
ਸਭ ਬੈਠੇ ਟਕੇ ਦੀ ਝਾਕ ਅੰਦਰ, ਅੱਖਾਂ ਬੰਦ ਕਰ ਲੋਕਾਂ ਵਖਾਉਂਦਾ ਈ
ਅੱਖ ਇਕ ਬੰਦ ਦੂਜੀ ਖੋਲ੍ਹ ਲੈਂਦੇ, ਕੌਣ ਕਿੰਨੀਂ ਮਾਇਆ ਚੜ੍ਹਾਉਂਦਾ ਈ
ਸਵਰਨ ਸਿੰਘਾ ਰੱਬ ਦੀ ਰੱਬ ਜਾਣੇ, ਭਾਈ ਕੀਤੇ ਦਾ ਫਲ ਪਾਉਂਦਾ ਈ
ਛੇੜ ਮੱਝੀਆਂ ਜੂਹ ਚ ਲੈ ਜਾਵੇ, ਬੈਠ ਪਲੰਘ ਤੇ ਵੰਝਲੀ ਵਜਾਉਂਦਾ ਈ
ਸੁਣ ਵੰਝਲੀ ਸੁੱਤਾ ਵਣ ਜਾਗ ਉਠੇ, ਪਸੂ ਪੰਛੀਆਂ ਚੁੱਪ ਕਰਾਉਂਦਾ ਈ
ਜਦੋਂ ਜੂਹ ਚ ਸੱਨਾਟਾ ਛਾ ਜਾਵੇ, ਮਜ਼ਾ ਵੰਝਲੀ ਸੁਣਨ ਦਾ ਆਉਂਦਾ ਈ
ਸੁਣ ਧੁੰਨ ਜਾਨਵਰ ਬਹਿ ਹੋਣ ਕੱਠੇ, ਭੇਦ ਸ਼ੇਰ ਸਿਆਰ ਮੁੱਕ ਜਾਂਦਾ ਈ
ਵੰਝਲੀ ਰਾਂਝੇ ਚ ਰਸ ਇੰਨਾਂ, ਗਾਈਂ ਮੱਝੀਆਂ ਮਸਤੀ ਚੜ੍ਹਾਉਂਦਾ ਈ
ਗਾਈਂ ਮੱਝੀ ਰਾਂਝੇ ਇੰਞ ਪਾਲੀ, ਸਾਰਾ ਮਾਜਰਾ ਵੇਖਣ ਆਉਂਦਾ ਈ
ਰਾਂਝਾ ਵਜਾਵੇ ਮੱਝੀਂ ਚੁਗਣ ਜੂਹਾਂ, ਗੇੜਾ ਮੋੜਾ ਧੀਦੋ ਨਾ ਲਾਉਂਦਾ ਈ
ਨਾਮ ਧਿਆਵੇ ਰਾਂਝਾ ਚਿੱਤ ਲਾ ਕੇ, ਦੂਣੀ ਚੌਣੀ ਭਾਵਨਾ ਪਾਉਂਦਾ ਈ
ਮਨੋ ਭਾਵਨਾ ਰੱਬ ਪਰਵਾਨ ਕਰਦਾ, ਜੱਗ ਐਵੇਂ ਝੱਖ ਝਖਾਉਂਦਾ ਈ
ਰੁਹਾਨੀਅਤ ਧੀਦੋ ਚੱਖ ਚੱਖੇ, ਧਿਆਇ ਦਿਲੋਂ ਮਨ ਵਸ ਆਉਂਦਾ ਈ
ਨਾਥ ਜੋਗੀਆਂ ਸਾਹਮਣੇ ਨਜ਼ਰ ਆਵੇ, ਜਦੋਂ ਧੀਦੋ ਸਮਾਧੀ ਲਾਉਂਦਾ ਈ
ਮਨ ਰੱਬ ਚਿੱਤ ਚ ਹੀਰ ਮੂਰਤ, ਮੀਰਾਂ ਪੀਰਾਂ ਤਾਈਂ ਮਾਤ ਪਾਉਂਦਾ ਈ
ਬੁੱਤ ਪੂਜ ਕੇ ਰਾਂਝਣੇ ਰੱਬ ਪਾਇਆ, ਸੁਣੋ ਰੱਬ ਦੀ ਬੈਂਸ ਸੁਣਾਉਂਦਾ ਈ



## 00

ਬਾਰਾਂ ਸਾਲ ਧੀਦੋ ਚਰਾਈ ਮੱਝੀਂ, ਹੀਰ ਭੱਤਾ ਨਿੱਤ ਲਿਆਵੰਦੀ ਏ
ਪਿਆਰ ਪਾ ਇਸ਼ਕ ਨਿਭਾ ਨੱਢੀ, ਰਾਂਝੇ ਚੂਰੀਆਂ ਮੂੰਹ ਚ ਪਾਉਂਦੀ ਏ
ਪਿਆਰ ਵਧਦਾ ਵਧਦਾ ਵਧ ਗਿਆ, ਨਾਂ ਯਾਰ ਦਾ ਚਿੱਤ ਵਸਾਉਂਦੀ ਏ
ਰਾਂਝਾ ਜੂਹਾਂ ਰੱਖੇ ਹੀਰ ਚਿੱਤ ਵਸੇ, ਰਾਂਝਾ ਰਾਂਝਾ ਦਿਲੋਂ ਧਿਆਉਂਦੀ ਏ
ਦਿਨ ਬੀਤਦੇ ਬੀਤਦੇ ਦਿਲ ਮਿਲੇ, ਰਾਹ ਦਿਲ ਦਿਲਾਂ ਨੂੰ ਪਾਉਂਦੀ ਏ
ਜੂਹਾਂ ਜਾਇ ਰਾਂਝਾ ਵਜਾਵੇ ਵੰਝਲੀ, ਸੁਰ ਹੀਰ ਦੇ ਨਾਮ ਦੀ ਆਉਂਦੀ ਏ
ਮੁੱਖ ਵੰਝਲੀ ਚਿੱਤ ਚ ਨਾਮ ਸਿਆਲ, ਨਿੱਤ ਨਵੀਂ ਸੁਰ ਕਢਾਵੰਦੀ ਏ
ਇੱਥੋਂ ਤੀਕ ਰੂਹਾਂ ਚ ਰੂਹਾਂ ਮਿਲੀਆਂ, ਸੁੱਧ ਬੁੱਧ ਦੋਹਾਂ ਭੁੱਲ ਜਾਵੰਦੀ ਏ
ਸਵਰਨ ਸਮਾਂ ਰੋਕਿਆਂ ਨਹੀਂ ਰੁਕਦਾ, ਘੜੀ ਰੱਬ ਦੀ ਰੁਕ ਜਾਵੰਦੀ ਏ
ਗੱਲ ਇਕ ਸੁੱਝੇ ਦੂਜਾ ਦਿਲ ਬੁੱਝੇ, ਸੁੱਤੇ ਜਾਗਦੇ ਗੱਲ ਸੁਣ ਆਵੰਦੀ ਏ
ਧੀਦੋ ਆਖਿਆ ਹੀਰ ਥੀਂ ਕਰ ਹੁੱਜਤ, ਮੈਂ ਚਾਕ ਤੂੰ ਹੀਰ ਅਖਵਾਵੰਦੀ ਏ
ਨਾਲ ਕਿਸਮਤ ਸਾਡੀ ਲੱਗ ਬੈਠੀ, ਕਿਤੇ ਹੋਵੇ ਨਾ ਲੱਗੀ ਟੁੱਟ ਜਾਵੰਦੀ ਏ
ਕਿੱਥੋਂ ਤੀਕ ਨਿਭਾਵੇਂਗੀ ਦੱਸ ਹੀਰੇ, ਕਰ ਵਾਧਾ ਜੇ ਤੋੜ ਨਿਭਾਵੰਦੀ ਏ
ਚਾਕ ਦਾ ਚਾਕ ਨਾ ਰਹਿ ਜਾਵਾਂ, ਟੁਰ ਜਾਵੇਂ ਸ਼ਾਲ ਦੁਸ਼ਾਲ ਉੜ੍ਹਾਵੰਦੀ ਏ
ਅਸਾਂ ਸਾਰੀ ਉਮਰ ਗੁਜ਼ਾਰ ਛੱਡੀ, ਨਾਤਾ ਜੋੜਿਆ ਹੀਰ ਸੁਣਾਵੰਦੀ ਏ
ਮੰਨ ਹਾਜ਼ਿਰ ਅੱਜ ਰਸੂਲ ਤਾਈਂ, ਮੈਸ਼ਰ ਤੀਕ ਦਾ ਵਾਧਾ ਸੁਣਾਵੰਦੀ ਏ
ਸੌਂਹ ਰੱਬ ਦੀ ਮੈਂ ਸੱਚ ਭਾਖਾਂ, ਨਹੀਂ ਮੈਂ ਗੁੱਡੀਆਂ ਪਟੋ੍ਲੇ ਉਡਾਵੰਦੀ ਏ
ਤੇਰੇ ਨਾਲ ਅਸਾਂ ਰਾਂਝਣਾ ਜੋੜ ਬੈਠੇ, ਸਾਰੇ ਜੱਗ ਤੋਂ ਤੋੜ ਵਖਾਵੰਦੀ ਏ
ਤੂੰ ਮੇਰਾ ਰਾਂਝਣ ਮੈਂ ਹੀਰ ਤੇਰੀ, ਸੌਂਹ ਤੇਰੀ, ਤੇਰੀ ਹੀਰ ਕਹਾਵੰਦੀ ਏ
ਤੂੰ ਚਾਕ ਨਹੀਂ ਰਾਂਝਣਾ ਹੁਣ ਮੇਰਾ, ਅੱਜ ਹੀਰ ਤੈਨੂੰ ਅਪਣਾ ਬਣਾਵੰਦੀ ਏ
ਤੇਰੇ ਬਾਝੋਂ ਰਾਂਝਣਾ ਮਰ ਜਾਸਾਂ, ਤੇਰੀ ਆਈ ਹੀਰ ਮਰ ਜਾਵੰਦੀ ਏ
ਅੱਖੋਂ ਉ੍ਹਲੇ ਹੋ ਗਿਆ ਰਾਂਝਣਾ ਵੇ, ਹੋਣੀ ਹੀਰ ਨੂੰ ਸੱਦ ਬੁਲਾਵੰਦੀ ਏ
ਨੈਣ ਨੈਣਾਂ ਸੰਗ ਦਿਲ ਦਿਲ ਜੁੜੇ, ਕੁਦਰਤ ਇਕ ਕਲਬੂਤ ਬਣਾਵੰਦੀ ਏ
ਚਿੱਤ ਆਪਣੇ ਦੋ ਤੋਂ ਇਕ ਹੋ ਗਏ, ਉਚੱਾ ਬੋਲ ਜੱਗ ਨੂੰ ਸੁਣਾਵੰਦੀ ਏ
ਰੱਬ ਸੱਦ ਦਰਗਾਹ ਕਰਾਏ ਫੇਰੇ, ਸੱਚੇ ਰੱਬ ਨੂੰ ਆਸ਼ਿਕੀ ਭਾਵੰਦੀ ਏ

ਬੈਠ ਖੁੰਢਾਂ ਤੇ ਗੱਲਾਂ ਹੋਣ ਪਈਆਂ, ਹਰ ਕੋਈ ਹੀਰ ਦਾ ਨਾਂ ਉਚਾਰਦਾ ਈ
ਮੂਹੋਂ ਹੋਰ ਗੱਲ ਨਾ ਕੱਢੇ ਕੋਈ, ਬੱਚਾ ਬੱਚਾ ਹੀਰ ਤੇ ਰਾਂਝਾ ਪੁਕਾਰਦਾ ਈ
ਆ ਬਹੁੜਿਆ ਕਿੱਥੋਂ ਰੰਝੇਟੜਾ ਸੁ, ਰੰਗ ਚਾੜ੍ਹਿਆ ਹੀਰ ਪਿਆਰ ਦਾ ਈ
ਉਚੱ ਬੋਲੜੀ ਮਿੱਠੜੇ ਬੋਲ ਬੋਲੇ, ਸਵਰਨ ਬਰਤਿਆ ਭਾਣਾ ਕਰਤਾਰ ਈ
ਸਭ ਨੱਢੀਆਂ ਬੁੱਢੀਆਂ ਕਰਨ ਗੱਲਾਂ, ਘਰ ਘਰ ਰਾਂਝਾ ਹੀਰ ਚਿਤਾਰਦਾ ਈ
ਲੱਗੀ ਯਾਰੀ ਧੁਰ ਦਰਗਾਹੋਂ ਲਿਖੀ, ਆਪੇ ਲਿਖ ਆਪੇ ਰੱਬ ਵਿਚਾਰਦਾ ਈ
ਹੱਟੀ ਕਰਾੜ ਦੀ ਗੱਲ ਪਹੁੰਚ ਗਈ, ਆਏ ਗਏ ਕਰਾੜ ਗੱਲ ਤਾੜਦਾ ਈ
ਸੁਣਿਆਂ ਕਰਾੜ ਨੇ ਲਿਖ ਲਿੱਤਾ, ਤਾਂਘ ਕਰਾੜ ਚਿੱਤ ਕਿੱਸਾ ਕਾਰ ਦਾ ਈ
ਕੈਦੋ ਲੰਙਾਂ ਭਰਾ ਸੀ ਚੂਚਕ ਦਾ, ਹਨੇਰ ਸਵੇਰ ਫੇਰੇ ਹੱਟੀ ਤੇ ਮਾਰਦਾ ਈ
ਲੰਙਾਂ ਵੇਖ ਕੇ ਕੌਣ ਸਹੇੜੇ ਉਹਨੂੰ, ਟੁਰੇ ਖੂੰਡੀ ਸਹਾਰੇ ਲੰਙ ਮਾਰਦਾ ਈ
ਕੈਦੋ ਲੰਙੇ ਦਾ ਕੋਈ ਨ ਜੱਗ ਉਤੇ, ਭੈੜਾ ਭੈੜੇ ਬੋਲ ਮੁੱਖੋਂ ਉਚਾਰਦਾ ਈ
ਕੋਈ ਨਾ ਬੈੜੇ ਨੂੰ ਮੂੰਹ ਲਾਵੇ, ਇਸ਼ਕ ਰਾਂਝੇ ਦਾ ਨਾ ਕੋਈ ਚਿਤਾਰਦਾ ਈ
ਘੁਸਰ ਮੁਸਰ ਹੁੰਦੀ ਜਦੋਂ ਤੱਕੀ ਲੰਙੇ, ਉਚੱਾ ਬੋਲ ਕਰਾੜ ਥੀਂ ਮਾਰਦਾ ਈ
ਤੇਰੀ ਹੱਟੀ ਤੇ ਵਾਪਰੇ ਕੀ ਲਾਲਾ, ਮੈਨੂੰ ਕਿਉਂ ਨਹੀਂ ਬੋਲ ਉਚਾਰਦਾ ਈ
ਕਰਾੜ ਆਖਿਆ ਲੰਙਿਆਂ ਸੱਚ ਆਖਾਂ, ਕਿੱਸਾ ਧੀਦੋ ਹੀਰ ਪਿਆਰ ਦਾ ਈ
ਜਾਹ ਵੇਖ ਆਪਣੀ ਅੱਖੀਆਂ ਤੂੰ, ਭਾਣਾ ਬਰਤਿਆ ਕੈਦੋ ਕਰਤਾਰ ਦਾ ਈ
ਛੇੜੂ ਰਾਂਝੇ ਹੀਰ ਦੀ ਅੱਖ ਲੜ ਗਈ, ਪਿੰਡ ਸਗਨ ਕੁਸਗਨ ਵਿਚਾਰਦਾ ਈ
ਕੈਦੋਂ ਆਖਿਆ ਕੜੇ ਕਰਾੜ ਤਾਈਂ, ਗੱਲ ਝੂਠ ਹੋਈ ਗਲ ਕੱਪ ਮਾਰਦਾ ਈ
ਹੱਥ ਖੂੰਡੀ ਫੜ ਟੁਰਿਆਂ ਜੂਹਾਂ ਨੂੰ, ਜਿੱਥੇ ਧੀਦੋ ਰਾਂਝਾ ਮੱਝੀਆਂ ਚਾਰਦਾ ਈ
ਕੈਦੋ ਝਾੜੀਆਂ ਪਿੱਛੇ ਛੁਪ ਕੇ ਜਾ ਬੈਠਾ, ਮਨ ਆਪਣੇ ਝਾਤੀਆਂ ਮਾਰਦਾ ਈ
ਬਣੂ ਕੀ ਜੇ ਕਰਾੜ ਨੇ ਸੱਚ ਆਖੀ, ਜੀਣਾ ਸਿਆਲ ਪਿੰਡ ਦਰਕਾਰ ਦਾ ਈ
ਦਸ ਵੱਜੇ ਹਾਜਰੀ ਵਕਤ ਹੋਇਆ, ਭੱਤਾ ਲੈ ਆਈ ਯਾਰ ਮੱਝਾਂ ਚਾਰਦਾ ਈ
ਕੁੱਟ ਚੂਰੀ ਹੀਰ ਨੇ ਮੋਢੇ ਚਾਈ, ਚਾਟੀ ਦੁਧ ਹੱਥ ਚ ਲੱਪ ਅਚਾਰ ਦਾ ਈ
ਹੱਥੀਂ ਆਪਣੇ ਮੂੰਹ ਚ ਪਾਏ ਚੂਰੀ, ਜੋੜ ਬੁਲ੍ਹੀਆਂ ਰਾਂਝਾ ਹੀਰ ਯਾਰ ਦਾ ਈ
ਹੀਰ ਗਈ ਢਾਬ ਤੇ ਭਰਨ ਪਾਣੀ, ਚੂਰੀ ਚੋਰੀ ਕਰ ਕੈਦੋ ਛਾਲਾਂ ਮਾਰਦਾ ਈ
ਲੜ ਬੰਨ੍ਹ ਕੇ ਕੇ ਲੰਮੀਂ ਚਾਲ ਹੋਇਆ, ਢੈਂਗਾ ਨੱਸਿਆ ਢੀਂਗਾ ਮਾਰਦਾ ਈ





ਗੱਲਾਂ ਨਿੱਤ ਘਰ ਘਰ ਹੋਣ ਲੱਗਣ, ਗੱਲ ਵਾਂਗ ਭਬੂਕੇ ਫੈਲ ਗਈ
ਲਾਗੀ ਵਾਗੀ ਹੱਟੀ ਤੇ ਹੋਣ ਕੱਠੇ, ਆਖਣ ਯਾਰੋ ਬਰਤ ਕਹਿਰ ਗਈ
ਪਿੱਛੋਂ ਆ ਕੇ ਲੁੱਟ ਲਈ ਹੀਰ ਰਾਂਝੇ, ਬੇਇਨਸਾਫੀ ਗੱਭਰੂਆਂ ਗੈਲ ਹੋਈ
ਨੱਢਾ ਕੋਈ ਨ ਲੱਭਾ ਸਿਆਲਾਂ ਚ, ਜਿਹੜੇ ਤੇ ਹੀਰ ਨਾ ਮਹਿਲ ਹੋਈ
ਗੱਲ ਸਾਰੀ ਦਿਲ ਤੇ ਮੁੱਕਦੀ ਏ, ਦਿਲਾਂ ਬਾਝ ਬਾਜ਼ੀ ਬਦਫੈਲ ਹੋਈ
ਗੱਲਾਂ ਮਾਰਦੇ ਵਾਗੀ ਹੱਟੀ ਤੇ, ਚੱਜ ਚਾਰ ਨਾ ਬਦਨ ਦੀ ਮੈਲ ਧੋਈ
ਲੱਮੇ ਪਾਣੀਆਂ ਮੱਛੀਆਂ ਫੜੀ ਦੀਆਂ, ਮਾਨ ਸਰੋਵਰਾਂ ਹੰਸਾਂ ਸੈਲ ਹੋਈ
ਸੁੱਚੇ ਪਾਣੀ ਮੂੰਹ ਨ ਧੋਇਆ ਸੁ, ਸਾਡੇ ਨਾਲ ਕਿਉਂ ਅੱਖ ਮਿਲਾਏ ਕੋਈ
ਜੋ ਮੂੰਹ ਆਵੇ ਮੂੰਹ ਫਾੜ ਕੱਢਣ, ਕਈ ਆਖਦੇ ਹੀਰ ਬਦਫੈਲ ਹੋਈ
ਕੁੜੀ ਹੀਰ ਝੰਗ ਸਿਆਲ ਦੀ ਸੁ, ਹੁਸਨ ਹੀਰ ਦੇ ਯਾਰੋ ਅਖੀਰ ਹੋਈ
ਹੁਸਨ ਹਸੀਨਾਂ ਦਾ ਮਾਣ ਲੋਕੋ, ਹੁਸਨ ਵਾਲਿਆਂ ਇਸ਼ਕ ਤਦਬੀਰ ਹੋਈ
ਰੋਗ ਇਸ਼ਕ ਦਾ ਸਾਡੇ ਵਸ ਦਾ ਨਹੀਂ, ਇਸ਼ਕ ਕਮਾਵੰਦਾ ਪੀਰ ਕੋਈ
ਮੀਰ ਪੀਰਾਂ ਇਸ਼ਕ ਚੋਂ ਰੱਬ ਪਾਇਆ, ਯਾਰ ਦੀ ਚਿੱਤ ਤਸਵੀਰ ਹੋਈ
ਤੱਕ ਮੂਰਤ ਸੱਸੀ ਇਸ਼ਕ ਪਾਇਆ, ਚਿੱਤ ਆਸ਼ਿਕਾਂ ਇਸ਼ਕ ਮਨਜ਼ੂਰ ਹੋਈ
ਕੰਮ ਇਸ਼ਕ ਕਮਾਉਣਾ ਵਿਹਲੜਾਂ ਦਾ, ਹੋਰ ਕੰਮ ਨ ਉਨ੍ਹਾਂ ਮਨਜ਼ੂਰ ਕੋਈ
ਅਸਾਂ ਵੱਗ ਚਰਾਵਣਾ ਜਾਣਦੇ ਹਾਂ, ਕਰਮ ਬਖਸ਼ਿਆ ਰੱਬ ਹਜ਼ੂਰ ਹੋਈ
ਇਸ਼ਕ ਕਰਮ ਨਾ ਵਾਗੀਆਂ ਦਾ, ਉਨ੍ਹਾਂ ਇਕਸ਼ ਚੋਂ ਨ ਚੜ੍ਹੇ ਸਰੂਰ ਕੋਈ
ਝਾਤੀ ਮਾਰ ਕੇ ਵੇਖੋ ਵੱਲ ਧੀਦੋ, ਸੂਰਤ ਧੀਦੋ ਸਿਆਲਾਂ ਮਸ਼ਹੂਰ ਹੋਈ
ਸਾਰੇ ਪਿੰਡ ਚ ਕੁੜੀਆਂ ਕਰਨ ਗੱਲਾਂ, ਭਲਾ ਸਾਥੋਂ ਕਿਹੜੀ ਕਸੂਰ ਹੋਈ
ਚਾਕ ਰਾਂਝੇ ਹੀਰ ਥੀਂ ਪੱਟਿਆ ਸੁ, ਭੈੜੀ ਸਾਥੋਂ ਭੀ ਬੜੀ ਦੂਰ ਹੋਈ
ਰੱਬ ਬਖਸ਼ੇ ਇਸ਼ਕ ਮਾਸ਼ੂਕਾਂ ਨੂੰ, ਹੀਰ ਰਾਂਝੇ ਦੀ ਜੋੜੀ ਮਸ਼ਹੂਰ ਹੋਈ
ਇਸ਼ਕ ਰੱਬ ਦੇ ਰੱਬ ਆਖ ਦਿੱਤਾ, ਇਹੋ ਭੈੜੇ ਤੋਂ ਭੈੜੀ ਕਸੂਰ ਹੋਈ
ਜੱਗ ਆਸ਼ਿਕਾਂ ਫਾਸੀ ਚਾੜ੍ਹ ਦੇਵੇ, ਵੇਖੋ ਕਿਹੀ ਹਾਲਤ ਮਨਸੂਰ ਹੋਈ
ਸੱਸੀ ਰੋਲਿਆ ਵਿਚ ਥਲਾਂ ਇਸ਼ਕ, ਤੱਤੀ ਇਸ਼ਕ ਬਲੋਚ ਮਜ਼ਬੂਰ ਹੋਈ
ਸਿਰ ਚੁੰਨੀ ਨਾ ਪੈਰੀਂ ਮੌਜੇ ਸੁ, ਸੱਸੀ ਥਲਾਂ ਵਿਚ ਮੌਤ ਮਨਜ਼ੂਰ ਹੋਈ

## 00

ਕੈਦੋ ਨੱਸਿਆ ਹੀਰ ਨੇ ਵੇਖ ਲਿੱਤਾ, ਚਿੱਤ ਆਪਣੇ ਬਣਤ ਬਣਾਉਂਦੀ ਏ
ਕੀ ਹੋਸੀ ਭੈੜਾ ਕੀ ਕਰਸੀ, ਸੋਚਾਂ ਸੋਚ ਕੇ ਤਰਮੀਮ ਬਣਾਉਂਦੀ ਏ
ਜਾ ਕੇ ਰੋਕ ਸਾਂ ਭੈੜੇ ਲੰਙੇ ਕੂ, ਚਿੱਤ ਗਲਤੀ ਹੀਰ ਬਖਸ਼ਾਉਂਦੀ ਏ
ਹੀਰ ਜਾ ਕੇ ਕੈਦੋ ਨੂੰ ਡੱਕ ਮਾਰੀ, ਅੱਗੇ ਕੈਦੋ ਦੇ ਵਾਸਤੇ ਪਾਉਂਦੀ ਏ
ਆਖੀਂ ਨ ਘਰ ਜਾ ਮਾਪਿਆਂ ਨੂੰ, ਅੱਗੇ ਚਾਚੇ ਦੇ ਕੀਰਨੇ ਪਾਉਂਦੀ ਏ
ਜੋ ਆਖੇਂ ਮੈਂ ਤੇਰੀ ਮੰਨ ਲੈਸਾਂ, ਹੀਰ ਕੈਦੋ ਨੂੰ ਭਰੋਸਾ ਦਿਲਾਉਂਦੀ ਏ
ਮੁੜ ਨ ਚਾਚਾ ਇਹ ਗੱਲ ਹੋਸੀ, ਕੈਦੋ ਲੰਙੇ ਥੀਂ ਆਖ ਸੁਣਾਉਂਦੀ ਏ
ਕੈਦੋ ਆਖਿਆ ਚੂਚਕੜੀ ਸੁਣ ਮੇਰੀ, ਤੈਨੂੰ ਜ਼ਰਾ ਸ਼ਰਮ ਨ ਆਉਂਦੀ ਏ
ਸਰੇ ਆਮ ਤੂੰ ਇਸ਼ਕ ਕਰਦੀ, ਸਾਰੇ ਪਿੰਡ ਨੂੰ ਖਬਰ ਹੋ ਜਾਵੰਦੀ ਏ
ਜੋ ਸੁਣਿਆਂ ਹੱਟੀ ਕਰਾੜ ਦੀ ਤੇ, ਸੱਚ ਆਖੀ ਸੱਚ ਬਣ ਆਵੰਦੀ ਏ
ਮੂੰਹ ਵਖੌਣ ਜੋਗੇ ਨ ਛੱਡਿਆ ਸੂ, ਤੈਨੂੰ ਸ਼ਰਮ ਹਯਾ ਨਾ ਆਵੰਦੀ ਏ
ਖਾਨਦਾਨ ਦਾ ਨਾਂ ਬਦਨਾਮ ਕੀਤੋ, ਹੁਣ ਚਾਚੇ ਨੂੰ ਮਸਕਰਾਂ ਲਾਵੰਦੀ ਏ
ਜੋ ਵੇਖਿਆ ਜਾ ਕੇ ਦੱਸਾਂ ਭਾਬੀ, ਕਰ ਲੈ ਜੋ ਮਰਜ਼ੀ ਤੈਨੂੰ ਭਾਵੰਦੀ ਏ
ਗੱਲ ਸੱਚ ਦੀ ਭਾਬੀ ਨੂੰ ਜਾ ਆਖਾਂ, ਹੀਰ ਰਾਂਝੇ ਨੂੰ ਚੂਰੀ ਖੁਆਉਂਦੀ ਏ
ਕਰੇ ਮਿੰਨਤਾਂ ਹੀਰ ਪਾਏ ਤਰਲੇ, ਕੋਈ ਹੀਰ ਦੀ ਵਾਹ ਨਾ ਜਾਵੰਦੀ ਏ
ਹੀਰ ਆਖਿਆ ਲੰਙੇ ਕੂ ਬੋਲ ਉਚੱਾ, ਉਚੱਾ ਬੋਲ ਕੇ ਹੀਰ ਡਰਾਵੰਦੀ ਏ
ਮਾਰਾਂ ਛੜਾਂ ਲਹੂ ਲੁਹਾਣ ਕਰਸਾਂ, ਛੜਾਂ ਮਾਰ ਮਾਰ ਹੋਸ਼ ਭੁਲਾਵੰਦੀ ਏ
ਤੂੰ ਵੇਖੇ ਨਹੀਂ ਹੱਥ ਕੁੜੀਆਂ ਦੇ, ਤੈਨੂੰ ਹੀਰ ਅੱਜ ਸਬਕ ਸਿਖਾਵੰਦੀ ਏ
ਮਾਰ ਕੁੱਟ ਕੇ ਚੂਰੀ ਖੋਹ ਘੱਤੀ, ਹੀਰ ਕੈਦੋ ਨੂੰ ਉਥੋਂ ਭਜਾਵੰਦੀ ਏ
ਖੋ੍ਹਣ ਵੇਲੇ ਚੂਰੀ ਖਿੱਲਰ ਗਈ, ਕੈਦੋ ਚੁੱਕ ਲਈ ਜੋ ਹੱਥ ਆਵੰਦੀ ਏ
ਢੀਂਗਾਂ ਮਾਰਦਾ ਲੰਙਾਂ ਨੱਸ ਟੁਰਿਆ, ਪਿੱਛੋਂ ਹੀਰ ਛਮਕਾਂ ਲਾਵੰਦੀ ਏ
ਅੱਗੇ ਕੈਦੋ ਪਿੱਛੇ ਹੀਰ ਉਹਦੇ, ਛਮਕਾਂ ਮਾਰ ਕੇ ਭੂਤ ਬਣਾਵੰਦੀ ਏ
ਜਾ ਪਹੁੰਚੇ ਪਿੰਡ ਦੀ ਨਿਆਈਆਂ ਚ, ਹੀਰ ਪਿੱਛੇ ਮੁੜ ਜਾਵੰਦੀ ਏ
ਕੇਦੋ ਨੱਸਿਆ ਜਾਨ ਬਚਾ ਆਪਣੀ, ਚਿੱਤ ਨੂੰ ਇੱਜ਼ਤ ਸਤਾਵੰਦੀ ਏ
ਵਿਹੜੇ ਭਾਬੀ ਲੰਙਾਂ ਜਾ ਵੜਿਆ, ਘਰ ਛੁਪ ਕੇ ਜਾਨ ਬਚ ਜਾਵੰਦੀ ਏ



## 00

ਭਾਬੀ ਕੋਲ ਜਾ ਸ਼ਕਾਇਤ ਘੱਤੀ, ਤੇਰੀ ਧੀ ਨੇ ਮੇਰਾ ਲਹੂ ਲੁਹਾਣ ਕੀਤਾ
ਭੈੜੀ ਇਸ਼ਕ ਲੜਾ ਕੇ ਚਾਕ ਤਾਈਂ, ਖਾਨਦਾਨ ਦਾ ਨਾਂ ਬਦਨਾਮ ਕੀਤਾ
ਗਲ ਲੱਗ ਕੇ ਟੁਰੇ ਰੰਝੇਟੜੇ ਦੇ, ਮੈਂ ਅੱਖੀਂ ਵੇਖਿਆ ਹਾਲ ਬਿਆਨ ਕੀਤਾ
ਸਾਰੇ ਪਿੰਡ ਦੁਹਾਈ ਮਚ ਗਈ ਏ, ਤੈਨੂੰ ਕਦੀ ਨਾ ਕਿਸੇ ਪੈਗ਼ਾਮ ਦਿੱਤਾ
ਇੱਜ਼ਤ ਸਿਆਲਾਂ ਦੀ ਮਿੱਟੀ ਰੋਲ ਦਿੱਤੀ, ਧੀਦੋ ਰਾਂਝੇ ਤੁਸਾਂ ਮਹਿਮਾਨ ਕੀਤਾ
ਆਖੇ ਲੰਙਿਆਂ ਝੂਠੀਆਂ ਕਰੇਂ ਗੱਲਾਂ, ਝੂਠ ਬੋਲਣਾ ਕਿਹਨੇ ਇਨਾਮ ਦਿੱਤਾ
ਕੈਦੋ ਸੋਚਿਆ ਮਲਕੀ ਨਾ ਰਾਹ ਦੇਵੇ, ਭਰਾ ਚੂਚਕ ਨੂੰ ਜਾ ਪਰਣਾਮ ਕੀਤਾ
ਵੀਰ ਸੱਚਿਆ ਸੱਚ ਦੀ ਗੱਲ ਆਖਾਂ, ਤੇਰੀ ਹੀਰ ਨੇ ਰਾਂਝਾ ਬੇਈਮਾਨ ਕੀਤਾ
ਰੰਗ ਰਲੀਆਂ ਦੋਵੇਂ ਮਾਣਦੇ ਈ, ਵੰਨੇ ਚੰਨੇ ਸਿਆਲਾਂ ਦਾ ਨਾਂ ਬਦਨਾਮ ਕੀਤਾ
ਧੀ ਤੇਰੀ ਨੇ ਇਸ਼ਕ ਰਚਾਇਆ ਈ, ਸੱਚੇ ਸੱਚ ਨੂੰ ਚੂਚਕ ਸੱਚ ਜਾਣ ਮਿੱਤਾ
ਚੂਚਕ ਆਖਿਆ ਕੱਚੀਆਂ ਕਰੇਂ ਗੱਲਾਂ, ਤੈਨੂੰ ਕਿਸ ਨੇ ਅਜਿਹਾ ਬਿਆਨ ਦਿੱਤਾ
ਕੈਦੋ ਆਖਦਾ ਭਰਾਵਾ ਸੁਣ ਸੱਚੀ, ਵੇਖ ਲੈ! ਤੇਰੀ ਧੀ ਨੇ ਲਹੂ ਲੁਹਾਣ ਕੀਤਾ
ਪਿੱਛੇ ਝਾੜੀਆਂ ਛੁਪ ਕੇ ਬੈਠਾ ਸਾਂ, ਅੱਖੀਂ ਵੇਖਿਆ ਹਾਲ ਬਿਆਨ ਕੀਤਾ
ਖਾਨਦਾਨ ਨੂੰ ਲਾਜ ਉਸ ਲਾ ਛੱਡੀ, ਗੱਲਾਂ ਹੁੰਦੀਆਂ ਸਾਰੇ ਜਹਾਨ ਮਿੱਤਾ
ਮੈਨੂੰ ਵੇਖ ਲੋਕੀਂ ਮੂੰਹ ਵੱਟ ਲੈਂਦੇ, ਹੱਟੀ ਕਰਾੜ ਦੀ ਬਣੀ ਗੁਆਹ ਮਿੱਤਾ
ਅੱਖੀਂ ਵੇਖ ਲੈ ਬਾਬਲਾ ਜਾ ਕੇ ਤੂੰ, ਹੀਰ ਦਿੱਤਾ ਸਾਡੇ ਸਿਰ ਸੁਆਹ ਛਿੱਟਾ
ਜਾਹ ਪੁੱਛ ਲੈ ਲਾਗੀਆਂ ਵਾਗੀਆਂ ਥੀਂ, ਕਿਸ ਨਹੀਂ ਇਸ਼ਕ ਦਾ ਚੋਰ ਡਿੱਠਾ
ਗੱਲ ਸੁਣ ਚੂਚਕ ਡਾਢਾ ਪ੍ਰੇਸ਼ਾਨ ਹੋਇਆ, ਸੋਚ ਹੋਰ ਵਰਤਿਆ ਹੋਰ ਕਿੱਸਾ
ਕੈਦੋ ਆਪਣੀ ਰਾਇ ਹੁਣ ਦੱਸ ਮੈਨੂੰ, ਭਰਾ ਹੋਣ ਭਰਾਵਾਂ ਦੀ ਬਾਂਹ ਮਿੱਤਾ
ਕੈਦੋ ਆਖਿਆ ਜਾ ਕੇ ਸਮਝਾ ਭਾਬੀ, ਆਖੇ ਹੀਰ ਕੂ ਕਰੇ ਜੇ ਨਾਂਹ ਮਿੱਤਾ
ਮਾਂ ਧੀ ਦੀ ਗੱਲ ਇਕ ਮਿੱਕ ਹੋਵੇ, ਪਿਓ ਬੋਲੇ ਤਾਂ ਆਖਦੇ ਬੋਲ ਫਿੱਕਾ
ਇੱਜ਼ਤ ਰੱਖਣ ਧੀਆਂ ਮਾਪਿਆਂ ਦੀ, ਇਸ਼ਕ ਪੱਟੀਆਂ ਦੇਣ ਨਾਂ ਰੋਲ ਮਿੱਤਾ
ਕੰਮ ਮਾਂ ਦਾ ਧੀ ਸਮਝਾਉਣ ਦਾ ਈ, ਦੂਆ ਰੱਬ ਅੱਗੇ ਕੇਵਲ ਕਰੇ ਪਿਤਾ
ਕਰਮ ਲਿਖੇ ਵਿਧਾਤਾ ਨੇ ਆਪ ਕੈਦੋ, ਚਿੱਤ ਸੋਚ ਕੇ ਸ਼ਰਮ ਚ ਮਰੇ ਪਿਤਾ
ਉਠ, ਚੱਲ ਮੰਦਰ ਪੂਜੀਏ ਰਾਮ ਤਾਈਂ, ਸਾਰੇ ਜੱਗ ਦਾ ਈ ਰਾਮ ਪਿਤਾ
ਦਾਤਾ ਸੁਣ ਲਵੇ ਜੇ ਪੁਕਾਰ ਸਾਡੀ, ਮੁੜ ਵਸ ਜਾਏ ਸਾਡਾ ਵਿਹੜਾ ਮਿੱਤਾ

## 00

ਚੂਚਕ ਆਖਿਆ ਆਪਣੀ ਨਾਰ ਤਾਈਂ, ਗਜ਼ਬ ਹੋ ਗਿਆ ਕਹਿਰ ਦਾ ਈ
ਬੀਤਿਆ ਭਾਣਾ ਕਰਤਾਰ ਦਾ ਈ, ਤ੍ਹਾਨੇ ਮਾਰਦਾ ਬੱਚਾ ਬੁੱਢਾ ਸ਼ਹਿਰ ਦਾ ਈ
ਅਸਾਂ ਦੋਵਾਂ ਨੇ ਅੱਖੀਆਂ ਮੀਟੀਆਂ ਸੂ, ਸਾਰੇ ਪਿੰਡ ਨੂੰ ਪਤਾ ਹਰ ਪੈਰ ਦਾ ਈ
ਰਾਂਝੇ ਹੀਰ ਕੂ ਇਸ਼ਕ ਲੜਾ ਲਿੱਤਾ, ਡੰਗ ਮਾਰਿਆ ਨਾਗ ਨੇ ਕਹਿਰ ਦਾ ਈ
ਡਸ ਹੀਰ ਨੂੰ ਹਾਲ ਬੇਹਾਲ ਕੀਤਾ, ਨਸ਼ਾ ਚਾੜ੍ਹਿਆ ਇਸ਼ਕ ਦੇ ਜ਼ਹਿਰ ਦਾ ਈ
ਮਲਕੀ ਜਾਹ ਸਮਝਾ ਧੀ ਆਪਣੀ ਨੂੰ, ਟਲ ਜਾਵੇ ਪਲ ਇਹ ਕਹਿਰ ਦਾ ਈ
ਤੇਰੀ ਸੁਣ ਲਵੇ ਰੱਬ ਦਾ ਸ਼ੁਕਰ ਹੋਵੇ, ਮੋੜਾ ਪਾ ਲਵੇ ਹੀਰ ਸਿਰ ਪੈਰ ਦਾ ਈ
ਮਲਕੀ ਆਖਿਆ ਲਾਵਾਂਗੀ ਜ਼ੋਰ ਪੂਰਾ, ਸਿਰ ਸਾਡਾ ਈ ਪੌਲਾ ਸ਼ਹਿਰ ਦਾ ਈ
ਕਿੱਥੇ ਜਾਵਾਂਗੇ ਨੱਸ ਕੇ ਸਿਆਲਾਂ ਚੋਂ, ਤੀਰ ਮਾਰਿਆ ਰੱਬ ਨੇ ਕਹਿਰ ਦਾ ਈ
ਸਵਰਨ ਸਿੰਘਾ ਰੱਬ ਦੀਆਂ ਰੱਬ ਜਾਣੇ, ਪਤਾ ਉਸ ਨੂੰ ਪਲ ਤੇ ਪਹਿਰ ਦਾ ਈ
ਤੀਵੀਂ ਮਾਲਕ ਬੈਠ ਕਰਨ ਗੋਸਟ, ਦੋਵੇਂ ਰੱਖੀਏ ਸੂਹ ਹੀਰ ਹਰ ਪੈਰ ਦਾ ਈ
ਚੂਚਕ ਆਖਿਆ ਮਲਕੀਏ ਤਾੜ ਉਹਨੂੰ, ਕਿਉਂ ਚਾਇਆ ਹੱਥ ਗ਼ੈਰ ਦਾ ਈ
ਹੀਰ ਮੰਨਦੀ ਮਿੱਠੜੇ ਬੋਲ ਤੇਰੇ, ਟਾਲ ਲੈ ਟਲਦਾ ਜੇ ਕਹਿਰ ਪਹਿਰ ਦਾ ਈ
ਧੀ ਜੁਆਨ ਕਦੀ ਨਾ ਸੋਚਿਆ ਤੂੰ, ਵੇਲਾ ਵਿਆਹ ਕਰਨ ਦਾ ਠਹਿਰਦਾ ਈ
ਪਾਣੀ ਵਗਿਆ ਪੁਲਾਂ ਹੇਠੋਂ ਨਾ ਮੁੜੇ ਪਿੱਛੇ, ਚਿੱਤ ਨਾ ਇਕ ਜਾ ਠਹਿਰਦਾ ਈ
ਚੱਲ ਦੋਵੇਂ ਮਿੰਨਤ ਨਮਾਜ਼ ਕਰੀਏ, ਰਾਂਝਾ ਫੜੇ ਰਾਹ ਆਪਣੇ ਸ਼ਹਿਰ ਦਾ ਈ
ਹੀਰ ਭੌਂ ਆਈ ਯਾਰ ਥੀਂ ਖੁਆ ਚੂਰੀ, ਹਾਲ ਵੇਖਿਆ ਘਰ ਸ਼ਹਿਰ ਦਾ ਈ
ਕੰਨੀਂ ਉਹਦੇ ਆਵਾਜ਼ ਪੈਣ ਲੱਗੀ, ਪਤਾ ਲੱਗ ਗਿਆ ਉਸ ਹਰ ਪੈਰ ਦਾ ਈ
ਘਰ ਪੁੱਜੀ ਮਾਂ ਨੇ ਵਾਜ ਮਾਰੀ, ਧੀਏ! ਵਰ ਖੱਟਿਓ ਸੂ ਦੂਜੇ ਸ਼ਹਿਰ ਦਾ ਈ
ਬੈਠ ਮਲਕੀ ਹੀਰ ਸਮਝਾਉਣ ਲੱਗੀ, ਧੀਦੋ ਰਾਂਝਾ ਜੁੱਤਾ ਤੇਰੇ ਪੈਰ ਦਾ ਈ
ਸੁਣ ਧੀਏ ਕੁਲ ਦਾਗ ਲੱਗੇ, ਚਾਕ ਚਾਕ ਈ ਜ਼ਾਤ ਤੇਰੀ ਭਾਵੇਂ ਗ਼ੈਰ ਦਾ ਈ
ਤਰ੍ਹਾਂ ਤਰ੍ਹਾਂ ਦੇ ਮਾਇ ਫੁੱਲ ਖਿੜਦੇ, ਕੋਈ ਪਿੰਡ ਦਾ ਕੋਈ ਸ਼ਹਿਰ ਦਾ ਈ
ਜ਼ਾਤ ਪਾਤ ਬਣਾਈ ਸੂ ਮਨੂ ਨੇ, ਕੀਤਾ ਜ਼ੁਲਮ ਸੂ ਹਿੰਦ ਤੇ ਕਹਿਰ ਦਾ ਈ
ਇਕ ਰੁੱਖ ਚਾਰ ਭਾਂਤ ਫਲ ਲੱਗਣ, ਬੀਜ ਬੀਜਿਆ ਸਿਖਰ ਦੁਪਹਿਰ ਦਾ ਈ
ਚਾਰ ਸ਼ਾਖਾਂ ਆਦਮ ਜ਼ਾਤ ਯਾਰੋ, ਫੁੱਲ ਬਕਬਕੇ ਜਾਇਜ਼ਾ ਜ਼ਹਿਰ ਦਾ ਈ



## 00

ਮਲਕੀ ਵੇਖਿਆ ਹੀਰ ਨਾ ਇਕ ਮੰਨੇਂ, ਕਰੇ ਮਿੰਨਤਾਂ ਵਾਸਤੇ ਪਾਉਂਦੀ ਏ
ਕਦੀ ਇਹ ਆਖੇ ਕਦੀ ਉਹ ਆਖੇ, ਤਰ੍ਹਾਂ ਤਰ੍ਹਾਂ ਦੇ ਢੌਂਗ ਰਚਾਉਂਦੀ ਏ
ਕਰੇਂ ਇਸ਼ਕ ਤੂੰ ਛੇੜੂ ਮੱਝੀਆਂ ਸੰਗ, ਤੈਨੂੰ ਜ਼ਰਾ ਸ਼ਰਮ ਨ ਆਉਂਦੀ ਏ
ਉਹਦਾ ਤੇਰਾ ਕਾਹਦਾ ਜੋੜ ਧੀਏ, ਤ੍ਹਾਨੇ ਮਾਰ ਮਾਰ ਉਹਨੂੰ ਸੁਣਾਉਂਦੀ ਏ
ਜਦੋਂ ਸਾਰੇ ਰੰਗ ਢੰਗ ਮੁੱਕ ਜਾਂਦੇ, ਮੁੜ ਪਿਆਰ ਦੇ ਨਾਲ ਸਮਝਾਉਂਦੀ ਏ
ਪਰ ਹੀਰ ਪੰਗ ਨਾ ਲੱਗਣ ਦੇਵੇ, ਉਹਨੂੰ ਰਾਂਝੇ ਦੀ ਯਾਦ ਸਤਾਉਂਦੀ ਏ
ਇਕ ਪਲ ਨਾ ਜੀਵਾਂ ਮੈਂ ਬਾਝ ਰਾਂਝੇ, ਮੇਰੀ ਜਾਨ ਨਿਕਲਦੀ ਜਾਵੰਦੀ ਏ
ਅੱਖ ਖੋਲ੍ਹਾਂ ਮੈਨੂੰ ਦਿਸੇ ਰਾਂਝਾ, ਅੱਖ ਮੀਟਾਂ ਉਹਦੀ ਰੂਹ ਸਤਾਵੰਦੀ ਏ
ਮਰ ਜਾ ਸਾਂ ਰਾਂਝਣੇ ਬਾਝ ਮਾਇ, ਕਿਉਂ ਤੈਨੂੰ ਸਮਝ ਨਾ ਆਉਂਦੀ ਏ
ਮਲਕੀ ਆਖੇ ਮੱਝੀਆਂ ਦਾ ਛੇੜੂ ਧੀਦੋ, ਚਾਕ ਆਖ ਮਾਂ ਸਮਝਾਉਂਦੀ ਏ
ਤੇਰਾ ਉਹਦਾ ਕੀ ਮੁਕਾਬਲਾ ਈ, ਊਚ ਨੀਚ ਦਾ ਸਬਕ ਪੜ੍ਹਾਉਂਦੀ ਏ
ਤੈਨੂੰ ਜਾਪੇ ਮੱਝੀਆਂ ਦਾ ਪਾਲੀ, ਮੈਨੂੰ ਰੱਬ ਦੀ ਰੂਹ ਨਜ਼ਰ ਆਉਂਦੀ ਏ
ਧੀਦੋ ਤਖ਼ਤ ਹਜ਼ਾਰੇ ਦਾ ਵਾਲੀ ਏ, ਉਚੱਾ ਬੋਲ ਮਾਂ ਨੂੰ ਸੁਣਾਉਂਦੀ ਏ
ਤੱਕ ਰਾਂਝਾ ਸੁਰਗ ਦਾ ਰਾਹ ਦਿਸੇ, ਚੇਤੇ ਯਾਦ ਰੱਬ ਦੀ ਆਉਂਦੀ ਏ
ਮੇਰਾ ਰਾਂਝਾ ਈ ਮੇਰਾ ਰੱਬ ਮਾਇ, ਰੋ ਰੋ ਕੇ ਮਾਂ ਨੂੰ ਸਮਝਾਉਂਦੀ ਏ
ਰੱਬ ਮੰਨਦਾ ਯਾਰ ਮਨਾ ਮਾਇ, ਮਜ਼੍ਹਬਾਂ ਕਾਈ ਸਮਝ ਨ ਆਉਂਦੀ ਏ
ਕਾਜ਼ੀ ਮੁੱਲਾਂ ਭਾਈ ਪਰੋਹਿਤ ਕੂਕਣ, ਮੱਤ ਉਨ੍ਹਾਂ ਦੀ ਰੱਬ ਭਲਾਉਂਦੀ ਏ
ਨਾ ਕੋਸ ਨਾ ਹੀ ਕੱਢ ਦੋਸ਼ ਮੇਰਾ, ਨਾਤਾ ਧੁਰ ਦਰਗਾਹ ਬਣਾਉਂਦੀ ਏ
ਕੀਤੇ ਕਰਮਾਂ ਦਾ ਹਿਸਾਬ ਹੁੰਦਾ, ਜਿਹੇ ਕਰਮ ਤਿਹਾ ਫਲ ਪਾਉਂਦੀ ਏ
ਰੱਬ ਰਿਸ਼ਤਾ ਸਾਡਾ ਜੋੜਿਆ ਸੂ, ਜੋੜੀ ਪਿਛਲੇ ਜਨਮ ਦੀ ਆਉਂਦੀ ਏ
ਬਣਾਇਆਂ ਆਪ ਨ ਬਣਨ ਨਾਤੇ, ਹੀਰ ਮਾਂ ਨੂੰ ਬੈਠ ਸਮਝਾਉਂਦੀ ਏ
ਗੱਲਾਂ ਕਰਦੀ ਜਿਵੇਂ ਸਭ ਜਾਣੇ, ਜਿਵੇਂ ਉਠ ਦਰਗਾਹੋਂ ਆਉਂਦੀ ਏ
ਮਾਂ ਹੋਰ ਨਾ ਕਰੇ ਸੁਆਲ ਕੋਈ, ਮਾਰ ਧਾਹਾਂ ਰੋਂਦੀ ਕੁਰਲਾਉਂਦੀ ਏ
ਮੇਰੇ ਮਾਲਿਕਾ ਮੇਰੀ ਲਾਜ ਰੱਖੀਂ, ਧਿਆ ਰੱਬ ਨੂੰ ਢਹਿ ਜਾਵੰਦੀ ਏ
ਸਵਰਨ ਸਿੰਘਾ ਰੱਬ ਜਾਣਦਾ ਈ, ਅਸਾਂ ਮਾਸਾ ਸਮਝ ਨ ਆਵੰਦੀ ਏ

## 00

ਸ਼ਾਮਾਂ ਢਲੀਆਂ ਸੂਰਜ ਡੁੱਬਣ ਲੱਗਾ, ਰਾਂਝਾ ਮੱਝੀਆਂ ਲੈ ਘਰ ਆਵੰਦਾ ਈ
ਉਸ ਬੂੰਨੀਆਂ ਮੱਝੀਆਂ ਖੁੰਡਿਆਂ ਤੇ, ਇਕ ਅਜਬ ਨਜ਼ਾਰਾ ਦਰਸਾਵੰਦਾ ਈ
ਚੂਚਕ ਆਖਿਆ ਰਾਂਝਿਆ ਸੁਣ ਮੇਰੀ, ਗੱਲ ਸੱਚ ਦੀ ਆਖ ਸੁਣਾਵੰਦਾ ਈ
ਤੈਨੂੰ ਰੱਖਿਆ ਸੁ ਛੇੜੂ ਮੱਝੀਆਂ ਦਾ, ਤੂੰ ਪਿਆ ਉਲਟਾ ਪਰਚਾ ਪਾਵੰਦਾ ਈ
ਚਾਕ ਰੱਖਿਆ ਮੱਝੀਆਂ ਚਰਾਉਣ ਲਈ, ਮੇਰੀ ਧੀ ਨੂੰ ਪਿਆ ਚਰਾਵੰਦਾ ਈ
ਪਿਆ ਫਿਰਦਾ ਵਿਚ ਬੇਲਿਆਂ ਦੇ, ਸ੍ਹਾਨ ਜਿਵੇਂ ਗਾਈਆਂ ਫਲਾਵੰਦਾ ਈ
ਕੀਤੋ ਭਲਾ ਸੁ ਵੇਹਲੜੇ ਕੰਮ ਦੇ ਕੇ, ਮੰਦਾ ਹੋਇ ਕੈ ਸਾਹਮਣੇ ਆਵੰਦਾ ਈ
ਲੋਕੀਂ ਮਾਰਦੇ ਤ੍ਹਾਨੇ ਵਿਚ ਗਲੀਆਂ, ਬੋਲ ਸਾਥੋਂ ਨਾ ਝੱਲਿਆ ਜਾਵੰਦਾ ਈ
ਜਾਹ ਟੁਰ ਜਾ ਜਿੱਥੋਂ ਆਇਆ ਤੂੰ, ਚੂਚਕ ਰਾਂਝੇ ਨੂੰ ਆਖ ਸੁਣਾਵੰਦਾ ਈ
ਰਾਂਝੇ ਆਖਿਆ ਮੁਫਤ ਚੁਰਾਵਾਂ ਮੱਝੀਂ, ਉਲਟਾ ਇਲਜਾਮ ਪਿਆ ਲਾਵੰਦਾ ਈ
ਫੜ ਸੋਟੀ ਤੇ ਸਾਈਂ ਚੁੱਕ ਭੂਰਾ, ਤੇਰਾ ਕੰਮ ਕਾਰ ਅਸਾਂ ਨਾ ਭਾਵੰਦਾ ਈ
ਉਠ ਤੜਕੇ ਧਾਰ ਨਿੱਤ ਕੱਢਦਾ ਸਾਂ, ਮੁੜ ਦੁੱਧ ਮਧਾਣਾ ਪਾਵੰਦਾ ਈ
ਤੇਰੇ ਵਿਹੜੇ ਨਿੱਤ ਮੈਂ ਕਰਾਂ ਰਾਖੀ, ਤੈਨੂੰ ਚੋਰ ਨਜ਼ਰ ਮੈਂ ਆਵੰਦਾ ਈ
ਅਸਾਂ ਚਾ ਨਹੀਂ ਤੇਰੀ ਧੀ ਦਾ ਓਏ, ਤੈਨੂੰ ਐਵੇਂ ਕੋਈ ਭੜਕਾਵੰਦਾ ਈ
ਤੇਰੀ ਧੀ ਨੂੰ ਅਸਾਂ ਕੀ ਜਾਣਦੇ ਹਾਂ, ਲਿਖ ਪੁੱਠੀਆਂ ਕਰਾੜ ਪਾਵੰਦਾ ਈ
ਕਦੀ ਕਰਾੜ ਕੀਤਾ ਵਪਾਰ ਸੱਚਾ, ਝੂਠ ਬੋਲ ਕੇ ਮਾਇਆ ਬਣਾਵੰਦਾ ਈ
ਕੋਈ ਸ਼ੌਕ ਨਹੀਂ ਮੱਝੀਆਂ ਚਾਰਨੇ ਦਾ, ਕੀਤਾ ਵਾਧਾ ਹੀਰ ਨਿਭਾਵੰਦਾ ਈ
ਮੀਆਂ ਚੂਚਕ ਸੁਣ ਆਖਰੀ ਗੱਲ ਮੇਰੀ, ਕੰਮ ਛੱਡ ਕੇ ਧੀਦੋ ਜਾਵੰਦਾ ਈ
ਧੀਦੋ ਟੁਰ ਗਿਆ ਛੱਡ ਮੱਝੀਆਂ ਨੂੰ, ਚੂਚਕ ਚਾਕ ਨ ਕੋਈ ਥਿਆਵੰਦਾ ਈ
ਧੀਦੋ ਚਿੱਤ ਚ ਸੋਚ ਵਿਚਾਰ ਕਰਦਾ, ਇੱਥੋਂ ਛੱਡ ਹੁਣ ਕਿੱਥੇ ਜਾਵੰਦਾ ਈ
ਜਿਸ ਵਾਸਤੇ ਹਜ਼ਾਰਾ ਤਿਆਗਿਆ ਸੁ, ਅੱਜ ਪਰਾਇਆ ਬਣ ਜਾਵੰਦਾ ਈ
ਇਹੋ ਘਰ ਤੇ ਸਹੁਰੇ ਮੰਨ ਬੈਠਾ, ਕਿਤੇ ਜਾਣ ਨੂੰ ਥਾਂ ਨਾ ਥਿਆਵੰਦਾ ਈ
ਕਿੱਥੇ ਜਾਵੇ ਤੇ ਕੀ ਕਰੇ ਰਾਂਝਾ, ਚਿੱਤ ਆਪਣੇ ਚ ਬਣਤ ਬਣਾਵੰਦਾ ਈ
ਵਿਚਾਰਾ ਜਾਵੇ ਤੇ ਕਿੱਥੇ ਜਾਵੇ, ਘਰੋਂ ਨਿਕਲ ਪਿੰਡ ਛੁਪ ਜਾਵੰਦਾ ਈ



## 00

ਬੁਰਾ ਕੀਤੋ ਤਾੜ ਕੇ ਚਾਕ ਤਾਈਂ, ਮੋੜ ਲਿਆਉਣ ਦਾ ਮਤਾ ਪਕਾਵੰਦਾ ਈ
ਸੁਣ ਕੈਦੋ ਦੀ ਅਸਾਂ ਗੁਨਾਹ ਕੀਤਾ, ਦਿਲੋ ਦਿਲ ਚੂਚਕ ਪਛਤਾਵੰਦਾ ਈ
ਹੀਰ ਆਖਦੀ ਮਾਇ ਸੁਣ ਮੇਰੀ, ਕੈਦੋ ਝੂਠੀਆਂ ਤੁਹਮਤਾਂ ਲਾਵੰਦਾ ਈ
ਰਿਜਕ ਰੱਬ ਨੇ ਲਿਖਿਆ ਜਨਮ ਵੇਲੇ, ਆਪੇ ਪਾਲੇ ਆਪ ਖੁਆਵੰਦਾ ਈ
ਤੂੰ ਨਹੀਂ ਕੋਈ ਹੋਰ ਦੇਸੀ, ਕਿੱਥੋਂ ਵਾਗੀ ਅਜਿਹਾ ਮਿਲ ਪਾਵੰਦਾ ਈ
ਮਾਇ ਚੰਗਾ ਨਹੀਂ ਕੀਤੋ ਬਾਬਲੇ ਨੇ, ਚੰਗੀ ਗੱਲ ਜੇ ਮੋੜ ਲਿਆਵੰਦਾ ਈ
ਮਲਕੀ ਚੂਚਕ ਸਾਹਮਣੇ ਬੈਠ ਆਖੇ, ਚਾਕ ਨਾ ਅਜਿਹਾ ਥਿਆਵੰਦਾ ਈ
ਤੱਕ ਖੋਲੀਆਂ ਹਾਲ ਬੇਹਾਲ ਹੋਈਆਂ, ਤੇਰਾ ਵੱਗ ਨ ਕੋਈ ਚਰਾਵੰਦਾ ਈ
ਸਾਈਂ ਲੱਭ ਲੈ ਜਾ ਕੇ ਚਾਕ ਤਾਈਂ, ਭਲਾ ਸਭ ਦਾ ਇਸੇ ਚ ਪਾਵੰਦਾ ਈ
ਚੂਚਕ ਆਖਿਆ ਮਲਕੀਏ ਸੁਣ ਮੇਰੀ, ਚਾਕ ਲੱਭਣੋ ਮੈਂ ਸ਼ਰਮਾਵੰਦਾ ਈ
ਜਾਹ ਲੱਭ ਲੈ ਜਾ ਕੇ ਮਲਕੀਏ ਨੀਂ, ਅਸਾਂ ਬੁਰਾ ਨਾ ਕੋਈ ਮਨਾਵੰਦਾ ਈ
ਸਮਾਂ ਤਾੜ ਕੇ ਵਿਆਹ ਕਰ ਦੇਸਾਂ, ਤਦੋਂ ਤੀਕ ਧੀਦੋ ਮੱਝੀਂ ਚਰਾਵੰਦਾ ਈ
ਮਲਕੀ ਪਿੰਡ ਦੀ ਗਲੀਆਂ ਪਈ ਗ੍ਹਾਵੇ, ਉਹਨੂੰ ਧੀਦੋ ਨਜ਼ਰ ਨ ਆਵੰਦਾ ਈ
ਅੰਤ ਮਲਕੀ ਵੇਖਦੀ ਸੱਥ ਜਾ ਕੇ, ਬੈਠਾ ਸੱਥ ਚ ਚਾਕ ਨਜ਼ਰ ਆਵੰਦਾ ਈ
ਮਲਕੀ ਆਖਿਆ ਧੀਦੋ ਚਲ ਘਰ ਨੂੰ, ਤੇਰਾ ਵੱਗ ਭੁੱਖਾ ਮਰ ਜਾਵੰਦਾ ਈ
ਤੇਰੀ ਹੀਰ ਪਈ ਤੈਨੂੰ ਉਡੀਕਦੀ ਏ, ਤੈਨੂੰ ਜ਼ਰਾ ਭੀ ਤਰਸ ਨ ਆਵੰਦਾ ਈ
ਬਾਰਾਂ ਸਾਲ ਤੈਨੂੰ ਰੱਖਿਆ ਵਾਂਗ ਪੁੱਤਰ, ਹੁਣ ਨਾਤਾ ਨਾ ਤੋੜਿਆ ਜਾਵੰਦਾ ਈ
ਤੂੰ ਕਮਾ ਤੇ ਅਸਾਂ ਬੈਠ ਖਾਈਏ, ਬੁੜ੍ਹਾਪਾ ਸਾਹਮਣੇ ਅਸਾਂ ਦੇ ਆਵੰਦਾ ਈ
ਰਾਂਝੇ ਹੀਰ ਨਾਲ ਸਲਾਹ ਕੀਤੀ, ਤੇਰਾ ਪਿਆਰ ਪਿਆ ਮੈਨੂੰ ਬੁਲਾਵੰਦਾ ਈ
ਤੂੰ ਦੱਸ ਆਪਾਂ ਹੁਣ ਕੀ ਕਰੀਏ, ਮੁੜ ਕੇ ਧੋਖਾ ਨਾ ਕਿਤੇ ਹੋ ਜਾਵੰਦਾ ਈ
ਤੇਰੇ ਵਾਸਤੇ ਅਸਾਂ ਜਹਾਨ ਖੋਇਆ, ਤੇਰੇ ਬਾਝੋਂ ਹੋਰ ਥਾਂ ਨਾ ਥਿਆਵੰਦਾ ਈ
ਹੀਰ ਆਖਿਆ ਸੁਣ ਯਾਰ ਮੇਰੇ, ਅਜਿਹਾ ਵਕਤ ਮੁੜ ਨਹੀਂ ਆਵੰਦਾ ਈ
ਛੱਡ ਅੜੀਆਂ ਚੱਲ ਘਰ ਚੱਲੀਏ, ਤੇਰਾ ਪਿਆਰ ਪਿਆ ਤੈਨੂੰ ਬੁਲਾਵੰਦਾ ਈ
ਹੀਰ ਆਖਿਆ ਧੀਦੋ ਮੰਨ ਲਿਆ, ਜੋੜਾ ਹੰਸਾਂ ਦਾ ਘਰ ਮੁੜ ਜਾਵੰਦਾ ਈ
ਜਿਉਂ ਦਾ ਤਿਉਂ ਕੰਮ ਚੱਲ ਪਿਆ, ਹੀਰ ਲਿਆਵੇ ਰਾਂਝਾ ਚੂਰੀ ਖਾਵੰਦਾ ਈ

## 00

ਮਲਕੀ ਜਾ ਚੂਚਕ ਨੂੰ ਗੱਲ ਦੱਸੀ, ਮੇਰੀ ਵਾਹ ਨਾ ਕੋਈ ਚੱਲਦੀ ਏ
ਡੂੰਘੇ ਸੋਚ ਵਿਚਾਰ ਚ ਡੁੱਬੇ ਦੋਵੇਂ, ਕਿਵੇਂ ਲੱਭੇ ਤਰਕੀਬ ਹੱਲ ਦੀ ਏ
ਪਤੀ ਪਤਨੀ ਬੈਠ ਸਲਾਹ ਕੀਤੀ, ਰਾਹ ਇਕ ਹੀ ਇਸ ਗੱਲ ਦੀ ਏ
ਚੂਚਕ ਆਖਿਆ ਮਲਕੀ ਸੁਣ ਮੇਰੀ, ਮੇਰੀ ਜਾਨ ਤਸੀਹੇ ਝੱਲਦੀ ਏ
ਮਾਇ ਮਰਵਾ ਦੇ ਧੀ ਆਪਣੀ ਨੂੰ, ਗੱਲ ਅੱਜ ਦੀ ਭਾਵੇਂ ਕੱਲ੍ਹ ਦੀ ਏ
ਮਲਕੀ ਦਿਲ ਚ ਸੋਚ ਵਿਚਾਰ ਕੀਤੀ, ਤਰ੍ਹਾਂ ਤਰ੍ਹਾਂ ਹੀਲੇ ਦਬੱਲਦੀ ਏ
ਮਲਕੀ ਇਕ ਵਿਚਾਰ ਸੁੱਝਾ, ਸਨੇਹਾ ਕੁੰਦੀ ਮਹਿਰੀ ਵੱਲ ਘੱਲਦੀ ਏ
ਪੱਲਾ ਕੁੰਦੀ ਦਮੜਿਆਂ ਭਰ ਦਿੱਤਾ, ਗੱਲ ਹੀਰ ਮਾਰਨ ਦੀ ਚਲਦੀ ਏ
ਪਾ ਸੰਖੀਆ ਕੁੰਦੀਏ ਦੁੱਧ ਅੰਦਰ, ਸਨੇਹਾ ਹੀਰ ਦੁੱਧ ਦਾ ਘੱਲਦੀ ਏ
ਜ਼ਹਿਰ ਕੁੰਦੀ ਨੇ ਦੁੱਧ ਮਿਲਾ ਦਿੱਤੀ, ਘੋਲ ਆਪਣੇ ਘਰ ਨੂੰ ਚੱਲਦੀ ਏ
ਦੁੱਧ ਪੀ ਲੈ ਮਾਂ ਨੇ ਵਾਜ ਮਾਰੀ, ਹੀਰ ਮਟਕ ਮਟਕ ਪੱਬ ਚੱਲਦੀ ਏ
ਛੇਤੀ ਕਰ ਆ ਕੇ ਦੁੱਧ ਪੀ ਧੀਏ, ਅੱਗੋਂ ਰਾਤ ਕਹਿਰ ਦੀ ਢਲਦੀ ਏ
ਦੁੱਧ ਪੀ ਕੇ ਹੀਰ ਰਵਾਨ ਹੋਈ, ਹੋਈ ਸਵੇਰ ਹੀਰ ਉਠ ਖਲਦੀ ਏ
ਵੇਖ ਕੇ ਮਾਂ ਹੈਰਾਨ ਹੋ ਗਈ, ਅਸਰ ਹੀਰ ਤੇ ਨਾ ਕਿਸੇ ਗੱਲ ਦੀ ਏ
ਰੱਬ ਆਸ਼ਿਕ ਮਾਸ਼ੂਕਾ ਜੱਗ ਸਾਰਾ, ਪਹਿਲ ਆਸ਼ਕੀ ਰੱਬ ਦੀ ਮੱਲਦੀ ਏ
ਜਿਹਦੇ ਸਿਰ ਤੇ ਰੱਬ ਦਾ ਹੱਥ ਹੋਵੇ, ਉਹਨੂੰ ਮੌਤ ਡੰਗਣੋ ਟਲਦੀ ਏ
ਸੁੱਚਾ ਰਿਸ਼ਤਾ ਆਸ਼ਿਕ ਮਾਸ਼ੂਕਾ ਦਾ, ਸੁੱਚਾ ਤੱਕ ਹੋਣੀ ਨੱਸ ਖਲਦੀ ਏ
ਹੋਣੀ ਨਾ ਹੀਰ ਤੇ ਵਾਰ ਕੀਤਾ, ਮਚੀ ਕਹਾਣੀ ਘਰ ਥੜਥੱਲ ਦੀ ਏ
ਹੀਰ ਨਾ ਜ਼ਹਿਰ ਦੀ ਖਬਰ ਕਾਈ, ਸਵੇਰੇ ਉਠ ਭੱਤਾ ਲੈ ਚੱਲਦੀ ਏ
ਖੁਆਵੇ ਚੂਰੀਆਂ ਅੱਥਰੇ ਯਾਰ ਤਾਈਂ, ਕਮੀ ਪੇਸ਼ੀ ਇਕ ਗੱਲ ਦੀ ਏ
ਆ ਹੀਰੇ ਬੈਠ ਤਦਬੀਰ ਕਰੀਏ, ਗੱਲ ਸਾਰੇ ਇਲਾਕੇ ਚ ਚੱਲਦੀ ਏ
ਦੱਸ ਹੁਣ ਕਿਵੇਂ ਹਰ ਰੋਜ਼ ਮਿਲੀਏ, ਮਿਲੇ ਬਾਝ ਗੱਲ ਨ ਚੱਲਦੀ ਈ
ਕਿਵੇਂ ਮਾਪਿਆਂ ਰਾਜ਼ ਛੁਪਾਈਏ ਨੀ, ਗੱਲ ਮਿੱਠੀ ਨੈਣ ਦੀ ਚੱਲਦੀ ਏ
ਮਿੱਠੀ ਨੈਣ ਜੇ ਭਰੇ ਹ੍ਹਾਮੀਂ, ਗੱਲ ਇਸ਼ਕ ਦੀ ਸਾਡੇ ਸਿਰੋਂ ਟਲਦੀ ਏ



## 00

ਰਾਂਝੇ ਮਿੱਠੀ ਨੈਣ ਵੱਲ ਪਾਏ ਚਾਲੇ, ਜਾ ਕੇ ਕੁੰਡਾ ਬੂਹੇ ਖੜਕਾਇਆ ਈ
ਨੈਣ ਪੁੱਛਿਆ ਚਾਕ ਗੱਲ ਕੀ ਏ, ਸਾਡੇ ਤੇ ਤੁਹਮਤ ਲੌਣ ਆਇਆ ਈ
ਰਾਂਝੇ ਆਖਿਆ ਮਿੱਠੀਏ ਸੱਚ ਆਖਾਂ, ਇਸ਼ਕ ਨ ਜਾਂਦਾ ਛੁਪਾਇਆ ਈ
ਹੀਰ ਦੇ ਮਾਪੇ ਦਿਲਗੀਰ ਹੋਏ, ਅਸਾਂ ਮਿਲਣ ਦਾ ਸਮਾਂ ਨਾ ਪਾਇਆ ਈ
ਕਰਾਂ ਮਿੰਨਤਾਂ ਜੇ ਸਾਡੇ ਵੱਲ ਆਵੇਂ, ਨੋਟ ਪੰਜ ਦਾ ਧੀਦੋ ਫੜਾਇਆ ਈ
ਨੋਟ ਵੇਖ ਕੇ ਮਿੱਠੀ ਭਬਕ ਉਠੀ, ਕਰ ਸਾਂ ਜਿਹੜਾ ਕੰਮ ਫੁਰਮਾਇਆ ਈ
ਰਾਂਝੇ ਆਖਿਆ ਚਿੱਤ ਛੁਪਾ ਰੱਖੀਂ, ਹੀਰ ਸਹੇਲੀਆਂ ਭੇਤ ਨਾ ਪਾਇਆ ਈ
ਬੂਹਾ ਤੇਰਾ ਸੱਥ ਦੇ ਸਾਹਮਣੇ ਈ, ਸੱਥ ਬੈਠਿਆਂ ਸਾਹਮਣੇ ਪਾਇਆ ਈ
ਮਿੰਨਤ ਕਰਾਂ ਹੀਰ ਨੂੰ ਘਰ ਸੱਦੇਂ, ਅੱਗੋਂ ਚਾਕ ਨੂੰ ਇਸ਼ਾਰਾ ਕਰਾਇਆ ਈ
ਮਿੱਠੀ ਆਖਿਆ ਗੱਲ ਕੀ ਏ, ਜਾਦੂਗਰੀ ਚ ਅਸਾਂ ਹੱਥ ਅਜਮਾਇਆ ਈ
ਸੱਦ ਲਿਆ ਸਾਂ ਬਹਾਨੇ ਹੀਰ ਤਾਈਂ, ਉਠ ਰਾਂਝਾ ਆਪ ਘਰ ਆਇਆ ਈ
ਅੱਗੋ ਨੈਣ ਹੱਸੀ ਗੱਲ ਹੋਈ ਪੱਕੀ, ਹੀਰ ਰਾਂਝੇ ਦਾ ਮੇਲ ਕਰਾਇਆ ਈ
ਦਿਨ ਰਾਤ ਫਿਰ ਮੌਜਾਂ ਮਾਣ ਦੇ ਈ, ਮਿੱਠੀ ਘਰ ਚ ਸੇਜ ਵਛਾਇਆ ਈ
ਦੁਪਹਿਰ ਵੇਲੇ ਰਾਂਝਾ ਲਿਆ ਮੱਝੀਂ, ਸੰਗ ਖੁੰਡਿਆਂ ਪੈਖੜ ਪਾਇਆ ਈ
ਧੀਦੋ ਰਾਂਝਾ ਬੈਠ ਵਜਾਵੇ ਵੰਝਲੀ, ਸੰਗ ਸਹੇਲੀਆਂ ਹੀਰ ਫੇਰਾ ਪਾਇਆ ਈ
ਗੀਤ ਗਾਵੇ ਨਾਲ ਸਹੇਲੀਆਂ ਦੇ, ਨਸ਼ਾ ਵੰਝਲੀ ਦਾ ਜਦੋਂ ਚੜ੍ਹ ਆਇਆ ਈ
ਦੇਣ ਸਿੱਠਣੀ ਬੈਠ ਕੇ ਰਾਂਝੇ ਤਾਈਂ, ਇਸ਼ਕ ਦਾ ਢਕਭੰਜ ਬਣਾਇਆ ਈ
ਕੋਈ ਆਖਦੀ ਲਟਾਂ ਲਮਕਦੀਆਂ, ਕੋਈ ਆਖਦੀ ਸੁਰਮਾਂ ਪਾਇਆ ਈ
ਕੋਈ ਆਖਦੀ ਮਹੀਂ ਫਲ ਦਿੱਤਾ, ਕੱਟਾ ਕੱਟੀ ਦਾ ਰਾਜ਼ ਰਚਾਇਆ ਈ
ਕੋਈ ਆਖਦੀ ਰਾਂਝਣਾ ਦੱਸ ਅਸਾਂ, ਕਿੱਥੋਂ ਜਮਾਲ ਅਜਿਹਾ ਪਾਇਆ ਈ
ਹੀਰ ਕੱਲੀ ਨਹੀਂ ਸਾਰੀਆਂ ਮਸਤ ਹੋਵਣ, ਧੀਦੋ ਰਾਂਝਾ ਸਾਹਮਣੇ ਆਇਆ ਈ
ਸੱਠ ਸਹੇਲੀਆਂ ਤਾਈਂ ਦੇ ਭੁਚੱਕਾ, ਹੀਰ ਰਾਂਝੇ ਸੰਗ ਨੈਣ ਲੜਾਇਆ ਈ
ਦੋਵੇਂ ਝੱਬ ਕੇ ਮਿੱਠੀ ਘਰ ਵੜ ਜਾਂਦੇ, ਸੁੱਚੀ ਸੇਜ ਤੇ ਇਸ਼ਕ ਲੜਾਇਆ ਈ
ਇਕ ਦਿਨ ਦੀ ਸਵਰਨ ਗੱਲ ਨਹੀਂ, ਹਰ ਰੋਜ਼ ਇਹੋ ਰਚਨ ਰਚਾਇਆ ਈ
ਭੈੜਾ ਕੈਦੋ ਭੀ ਇਕ ਦਿਨ ਆ ਪੁੱਜਾ, ਕਾਣੀ ਅੱਖ ਨਾਲ ਭੇਦ ਸਭ ਪਾਇਆ ਈ

ਕੈਦੋ ਜਾ ਮਲਕੀ ਸ਼ਕਾਇਤ ਕੀਤੀ, ਤੇਰੀ ਧੀ ਮੁੜ ਇਸ਼ਕ ਲੜਾਵੰਦੀ ਏ
ਜਾਇ ਨਾਈ ਦੇ ਘਰ ਸਿਖਰ ਦੁਪਹਿਰੇ, ਸੰਗ ਧੀਦੋ ਜੱਫੀਆਂ ਪਾਵੰਦੀ ਏ
ਜੇ ਝੂਠ ਮੰਨੇਂ ਜਾ ਕੇ ਵੇਖ ਲੈ ਤੂੰ, ਮੇਰੀ ਗੱਲ ਜੇ ਤੈਨੂੰ ਨਹੀਂ ਭਾਵੰਦੀ ਏ
ਮਾਂ ਪਿਓ ਪਿੰਡ ਦੇ ਪੰਚ ਹਾਰੇ, ਪਰ ਤੇਰੀ ਹੀਰ ਵਸ ਨਹੀਂ ਆਵੰਦੀ ਏ
ਹੱਟੀ ਕਰਾੜ ਦੀ ਗੱਲਾਂ ਹੋਣ ਲੱਗੀ, ਮੈਨੂੰ ਜਾਂਦਿਆਂ ਸ਼ਰਮ ਪਈ ਆਵੰਦੀ ਏ
ਸਵਰਨ ਸਿੰਘਾ ਸੁੱਤੀਆਂ ਕਲਾਂ ਤਾਈਂ, ਗੱਲ ਕੈਦੋ ਦੀ ਮੁੜ ਜਗਾਵੰਦੀ ਏ
ਮਲਕੀ ਝੱਬ ਸੱਦਿਆ ਲਾਗੀਆਂ ਥੀਂ, ਨਾਈ ਨੈਣ ਕੂ ਸੱਦ ਬੁਲਾਵੰਦੀ ਏ
ਜਾਹ ਵੇਖ ਖਾਂ ਮੋਈ ਹੀਰ ਕਿੱਥੇ, ਗਈ ਸਵੇਰ ਦੀ ਮੁੜ ਨਹੀਂ ਆਵੰਦੀ ਏ
ਪਤਾ ਨਹੀਂ ਲਾਡੋ ਕਿੱਥੇ ਵੈ ਸੀ, ਕਿਤੇ ਭੁੱਖੀ ਤਿਹਾਈ ਨਾ ਮਰ ਜਾਵੰਦੀ ਏ
ਮਿੱਠੀ ਜਾਣਦੀ ਹੀਰ ਸੂ ਘਰ ਬੈਠੀ, ਝੱਟ ਹੀਰ ਨੂੰ ਖਬਰ ਪਹੁੰਚਾਵੰਦੀ ਏ
ਤੇਰੀ ਮਾਂ ਬੈਠੀ ਗਮਗੀਨ ਹੋਈ, ਨਾਲ ਕੈਦੋ ਦੀ ਆਖੀ ਗੱਲ ਸੁਣਾਵੰਦੀ ਏ
ਤੇਰੇ ਮਾਪਿਆਂ ਨੂੰ ਪਤਾ ਚੱਲ ਗਿਆ, ਹੁਣ ਮੈਂ ਨਹੀਂ ਤੁਹਾਨੂੰ ਛੁਪਾਵੰਦੀ ਏ
ਕੰਮੀਂ ਆਖਦੇ ਰਾਂਝਿਆ ਘਰ ਟੁਰ ਜਾ, ਹੁਣ ਤੇਰੀ ਸ਼ਾਮਤ ਪਈ ਆਵੰਦੀ ਏ
ਸਿਆਲ ਆਖਦੇ ਮਾਰੀਏ ਧੀਦੋ ਕੂ, ਸਾਰੇ ਪਿੰਡ ਦੀ ਇੱਜ਼ਤ ਲੁਟਾਵੰਦੀ ਏ
ਰੱਸਾ ਪਾ ਲਮਕਾਉਣਗੇ ਫਾਸੀ ਉਤੇ, ਐਵੇਂ ਜਹਿ ਇਸ਼ਕ ਚ ਜਾਵੰਦੀ ਏ
ਅੱਗੇ ਪਿੱਛੇ ਨਾ ਰਾਂਝਿਆ ਕੋਈ ਤੇਰੇ, ਧੀਦੋ ਹੋਣੀ ਤੈਨੂੰ ਘੇਰਾ ਪਾਵੰਦੀ ਏ
ਸੱਥ ਬੈਠੀ ਗੁਸੇ ਲਾਲ ਗੁਲਾਲ ਹੋਈ, ਤਰ੍ਹਾਂ ਤਰ੍ਹਾਂ ਦੀ ਬਣਤ ਬਣਾਵੰਦੀ ਏ
ਜਾਹ ਨੱਸ ਜਾ ਰਾਂਝਿਆ ਛੱਡ ਝੰਗ, ਤੈਨੂੰ ਝੰਗ ਰਾਸ ਨਹੀਂ ਆਵੰਦੀ ਏ
ਸੁਣ ਹੀਰ ਘਰ ਵੱਲ ਉਠ ਨੱਸੀ, ਜਾ ਮਾਂ ਤਾਈਂ ਨਮਸਤੇ ਬੁਲਾਵੰਦੀ ਏ
ਭੋਲੀ ਭਾਲੀ ਸਿਰ ਕੀਤੋ ਨੀਵਾਂ, ਬੋਲ ਮਿੱਠੜੇ ਮਾਂ ਤਾਈਂ ਸੁਣਾਵੰਦੀ ਏ
ਮਲਕੀ ਪੁੱਛਦੀ ਕਿੱਥੇ ਗੁਆਚੀ ਸੈਂ, ਤੇਰੀ ਫਿਕਰ ਵੱਢ ਵੱਢ ਖਾਵੰਦੀ ਏ
ਲੋਕੀਂ ਆਖਦੇ ਧੀਦੋ ਸੰਗ ਪਈ ਖੇਡ੍ਹੇਂ, ਤੈਨੂੰ ਸ਼ਰਮ ਜ਼ਰਾ ਨਾ ਆਵੰਦੀ ਏ
ਧੀ ਆਪਣੀ ਤ੍ਹਾਨੇ ਨਾ ਮਾਰ ਮਾਇ, ਮੇਰੀ ਵਸ ਨ ਹੁਣ ਕੋਈ ਜਾਵੰਦੀ ਏ
ਮੈਂ ਬਣ ਬੈਠੀ ਹਾਂ ਰਾਂਝਣੇ ਦੀ, ਧੀਦੋ ਬਾਝੋਂ ਜਾਨ ਨਿਕਲਦੀ ਜਾਵੰਦੀ ਏ
ਨਾ ਮੁੜਾਂ ਨਾਂ ਮੈਥੋਂ ਮੁੜ ਹੋਵੇ, ਸੱਚੀ ਗੱਲ ਮਾਂ ਤਾਈਂ ਆਖ ਸੁਣਾਵੰਦੀ ਏ



## 00

ਕੈਦੋ ਆਖਦਾ ਝੰਗ ਦੀ ਸੱਥ ਜਾ ਕੇ, ਮੈਥੋਂ ਗੱਲ ਸਹਾਰ ਨ ਹੋਏ ਲੋਕੋ
ਇਸ਼ਕ ਲੜਿਆ ਹੀਰ ਤੇ ਰਾਂਝੇ ਦਾ, ਸਾਰੇ ਪਿੰਡ ਦੀ ਹੋਏ ਬਦਗੋਏ ਲੋਕੋ
ਚੰਗੀ ਗੱਲ ਜੇ ਇਸ਼ਕ ਕੂ ਖਤਮ ਕਰੀਏ, ਰਹੇ ਇਕ ਨ ਭਾਵੇਂ ਦੋਏ ਲੋਕੋ
ਕਿਸੇ ਪੰਚ ਨ ਕੈਦੋ ਦੀ ਗੱਲ ਗੌਰੀ, ਲੰਙਾਂ ਜੜ ਸ਼ੈਤਾਨ ਦੀ ਹੋਏ ਲੋਕੋ
ਕੈਦੋ ਆਖਦਾ ਗੱਲ ਮੈਂ ਸੱਚ ਆਖਾਂ, ਬਦਨਾਮੀ ਸਾਰੇ ਪਿੰਡ ਦੀ ਹੋਏ ਲੋਕੋ
ਇਸ਼ਕ ਮੁਸ਼ਕ ਹੱਡਾਂ ਰਚ ਜਾਵੇ, ਸਾਬਣ ਲਾਇ ਕੈ ਹੋਇ ਨਾ ਧੋਇ ਲੋਕੋ
ਨਾਚ ਨੱਚਣਾ ਕੰਮ ਨਾਚਿਆਂ ਦਾ, ਲੱਗੀ ਅੱਗ ਨਾ ਜਾਵੇ ਲਕੋਇ ਲੋਕੋ
ਸਵਰਨ ਸਿੰਘਾ ਸ਼ਮ੍ਹਾਂ ਤੇ ਮਰਨ ਭੌਰੇ, ਜੋ ਹੋਣਾ ਸੋ ਮਗਰੋਂ ਹੋਇ ਲੋਕੋ
ਘਰ ਘਰ ਚ ਗੱਲਾਂ ਹੋਣ ਪਈਆਂ, ਨਿਹੱਥੇ ਮਾਰ ਇਨਸਾਫ ਨ ਹੋਇ ਲੋਕੋ
ਜਾ ਸਹੇਲੀਆਂ ਹੀਰ ਕੂ ਖਬਰ ਦਿੱਤੀ, ਤੈਥੋਂ ਹੀਰੇ ਨਾ ਸਕਾਂ ਲਕੋਇ ਲੋਕੋ
ਕੇਦੋ ਆਖਿਆ ਸਭ ਸੁਣਾ ਦਿੱਤਾ, ਭਾਣੇ ਰੱਬ ਦੇ ਸਭ ਕੁਝ ਹੋਇ ਲੋਕੋ
ਹੀਰ ਆਖਿਆ ਸਖ਼ੀਓ ਮੇਰੀਓ ਨੀ, ਮਿਲ ਮਾਰੀਏ ਮੋਏ ਨੂੰ ਮੋਇ ਲੋਕੋ
ਉਠ ਸਹੇਲੀਆਂ ਚੁਰਾਹੇ ਮੱਲ ਘੱਤੇ–, ਲੰਙਾਂ ਕਿਧਰੋਂ ਲੰਘ ਨਾ ਜਾਏ ਲੋਕੋ
ਉਨ੍ਹਾਂ ਤੱਕਿਆਂ ਝੁੱਗੀ ਵੜਦੇ ਕੂ, ਫਲ੍ਹੇ ਦੁਆਲੇ ਸਹੇਲੀਆਂ ਹੋਏ ਲੋਕੋ
ਉਨ੍ਹਾਂ ਡੰਡਾ ਕੈਦੋ ਕੂ ਚਾੜ੍ਹ ਦਿੱਤਾ, ਕਿਸੇ ਰੱਖਿਆ ਨ ਕੁਝ ਲਕੋਏ ਲੋਕੋ
ਇਕ ਇਕ ਮਾਰੇ ਦੂਜੀ ਦੋ ਮਾਰੇ, ਮਾਰ ਛਮਕਾਂ ਕੀਤਾ ਜੋ ਹੋਏ ਲੋਕੋ
ਪਾੜ ਝੱਗਾ ਦਾੜ੍ਹੀ ਪੁੱਟ ਘੱਤੀ, ਮਾਰੋ ਮਾਰ ਪਈ ਲੰਙੇ ਕੂ ਹੋਏ ਲੋਕੋ
ਕਿਸੇ ਇੱਟ ਚੁੱਕੀ ਕਿਸੇ ਢੀਮ ਚੁੱਕੀ, ਕਿਸੇ ਜੁੱਤੀਆਂ ਹਾਰ ਪਰੋਏ ਲੋਕੋ
ਲੰਙਾਂ ਲੜਿਆ ਨਾਲ ਬਹਾਦਰੀ ਸੂ, ਪਰ ਇਕ ਇਕੱਲਾ ਦੋ ਦੋਏ ਲੋਕੋ
ਮਾਰ ਖਾ ਕੇ ਲੰਙਾਂ ਨੱਸ ਟੁਰਿਆ, ਸੱਥ ਵੇਖਿਆ ਜੋ ਕੁਝ ਹੋਏ ਲੋਕੋ
ਕੋਈ ਕੁਝ ਕੋਈ ਕੁਝ ਆਖੇ, ਖੱਟੀ ਆਪਣੀ ਖਾਇ ਲੰਙਾਂ ਭੁੰਚੋਏ ਲੋਕੋ
ਇੱਥੇ ਗੱਲ ਨਹੀਂ ਮੁੱਕਦੀ ਏ, ਝੁੱਗੀ ਲੰਙੇ ਦੀ ਸੜ ਰਾਖ ਹੋਏ ਲੋਕੋ
ਚੁੱਕ ਭਾਂਡੇ ਗਲੀ ਦੇ ਵਿਚ ਮਾਰੇ, ਲੀੜੇ ਕੱਪੜੇ ਭੇਟ ਅਗਨ ਹੋਏ ਲੋਕੋ
ਸਵਰਨ ਸਿੰਘਾ ਚੂਹੇ ਭੀ ਨੱਸ ਟੁਰੇ, ਝੁੱਗੀ ਖਾਣ ਨੂੰ ਕੁਝ ਨ ਹੋਇ ਲੋਕੋ

## 00

ਕੈਦੋ ਜਾਇ ਪੰਚਾਇਤ ਸ਼ਕੈਤ ਕੀਤੀ, ਕੁੜੀਆਂ ਕੀਤਾ ਲਹੂ ਲੁਹਾਣ ਮੇਰਾ
ਖ਼ੂਨ ਵਗਦਾ ਕੱਪੜੇ ਫਾੜ ਸੁੱਟੇ, ਸੱਚ ਆਖਿਆ ਇਹੋ ਇਲਜ਼ਾਮ ਮੇਰਾ
ਬੋਲਾਂ ਕੌੜਾ ਪਰ ਮੈਂ ਸੱਚ ਆਖਾਂ, ਕਰਮ ਧਰਮ ਨਹੀਂ ਗੱਲ ਛੁਪਾਣ ਮੇਰਾ
ਸਿਆਣੇ ਆਖਦੇ ਸੱਚ ਚ ਰੱਬ ਵਸੇ, ਭਲਾ ਲੈਂਦਾ ਕਿਉਂ ਇਮਤਹਾਨ ਮੇਰਾ
ਮੇਰਾ ਵਸ ਨਹੀਂ ਚਲਦਾ ਪੰਚ ਲੋਕੋ, ਚਿਹਰਾ ਹੋਵੇ ਨ ਅੱਜ ਪਹਿਚਾਣ ਮੇਰਾ
ਮੈਨੂੰ ਕੁੱਟਿਆ ਪਿੰਡ ਦੀ ਕੁੜੀਆਂ ਨੇ, ਲੋਕੋ ਕੀਤਾ ਈ ਲਹੂ ਲੁਹਾਣ ਮੇਰਾ
ਕੰਮ ਆਸ਼ਿਕਾਂ ਅਹਿਮਕਾਂ ਮਾਰ ਖਾਣਾ, ਰੱਬ ਪਰਖਦਾ ਅੱਜ ਈਮਾਨ ਮੇਰਾ
ਗੱਲ ਕਿਸੇ ਨਾ ਸੁਣੀ ਭੈੜੇ ਲੰਙੇ ਦੀ, ਜਾ ਆਖ ਸਾਂ ਭਾਈ ਮਿਹਰਬਾਨ ਮੇਰਾ
ਜਾ ਚੂਚਕ ਥੀਂ ਗੱਲ ਸੁਣਾ ਦਿੱਤੀ, ਭਰਾਵਾ ਵੇਖ ਖਾਂ ਚਿਹਰਾ ਪਹਿਚਾਣ ਮੇਰਾ
ਮੈਂ ਸੱਚ ਦੀ ਗੱਲ ਬਿਆਨ ਕੀਤੀ, ਲੋਕਾਂ ਕੀਤਾ ਈ ਨਾਂ ਬਦਨਾਮ ਨਾਮ ਮੇਰਾ
ਚੂਚਕ ਆਖਿਆ ਵੇਖ ਕੇ ਲੰਙੇ ਥੀਂ, ਪਹਿਚਾਣ ਹੋਵੇ ਨਾ ਮੈਥੋਂ ਚਿਹਰਾ ਤੇਰਾ
ਖੱਲ ਸਭ ਦੀ ਪੁੱਠੀ ਲੁਹਾ ਦੇਸਾਂ, ਕੁੜੀਆਂ ਚਿੜੀਆਂ ਪੁੱਟਾਂ ਕਟਹਿਰਾ ਡੇਰਾ
ਅਸੀਂ ਪਿੰਡ ਸਿਆਲ ਦੇ ਵਾਸੀ ਹਾਂ, ਸਾਰੇ ਪਿੰਡ ਚ ਵੱਜਦਾ ਨਾਂ ਥਾਂ ਤੇਰਾ
ਗੁੰਡੇ ਗੁੰਡੀਆਂ ਲਈ ਨਹੀਂ ਥਾਂ ਏਥੇ, ਏਥੇ ਵਸਦਾ ਈ ਭਲਾ ਗਰਾਂ ਤੇਰਾ
ਚੱਲ ਵੇਖੀਏ ਜਾਇ ਕੇ ਅੱਗ ਲੱਗੀ, ਹੋਵੇ ਬਾਕੀ ਜੇ ਨਾਮ ਨਿਸ਼ਾਨ ਤੇਰਾ
ਕੈਦੋ ਆਖਿਆ ਵੀਰਨਾ ਸੱਚ ਆਖਾਂ, ਏਥੇ ਰਹਿਣ ਦਾ ਨਹੀਂ ਥਾਂ ਮੇਰਾ
ਪਰ ਮੈਂ ਲੱਭ ਵਖਾਵਾਂ ਕੁਪੱਤਿਆਂ ਥੀਂ, ਭੁੱਲ ਜਾਣ ਨਾ ਕੈਦੋ ਨਾਂ ਮੇਰਾ
ਕੈਦੋ ਵਿਚ ਚਰਾਂਦ ਦੇ ਜਾਵੰਦਾ ਈ, ਅੱਜ ਰੱਬ ਜੇ ਕਰੇ ਨਿਆਂ ਮੇਰਾ
ਕੈਦੋ ਵੇਖੀ ਕੁੜੀਆਂ ਡਾਰ ਆਉਂਦੀ, ਅੱਗੇ ਉਨ੍ਹਾਂ ਹੀਰ ਸਿਰ ਸਿਹਰਾ
ਗਾਉਂਦੀਆਂ ਮਛਕਰਾਂ ਕਰਦੀਆਂ ਨੇ, ਕੀਤਾ ਕੈਦੋ ਸੰਗ ਨਿਆਂ ਬਥੇਰਾ
ਕੁੜੀਆਂ ਚਿੜੀਆਂ ਨਿੱਖੜ ਗਈਆਂ, ਹੀਰ ਰਾਂਝੇ ਲਾਇ ਰੁੱਖ ਹੇਠ ਡੇਰਾ
ਪਈ ਇਸ਼ਕ ਮਜਾਜ਼ੀ ਹੋਣ ਲੱਗੀ, ਕੈਦੋਂ ਵੇਖਿਆ ਹਾਲ ਬਿਆਨ ਜਿਹੜਾ
ਕੈਦੋ ਚੂਚਕ ਥੀਂ ਆਖ ਸੁਣਾ ਦਿੱਤਾ, ਲੁੱਟ ਗਿਆ ਏ ਪਿੰਡ ਗਰਾਂ ਤੇਰਾ
ਜਾ ਕੇ ਵੇਖ ਲੈ ਇਸ਼ਕ ਸਲੇਟੀ ਦਾ, ਮਿਟਾ ਦਿੱਤਾ ਈ ਨਾਮ ਨਿਸ਼ਾਨ ਤੇਰਾ



ਗੱਲ ਸੁਣ ਕੇ ਚੂਚਕ ਰਵਾਨ ਹੋਇਆ, ਵੱਲ ਬੇਲੇ ਘੋੜਾ ਦੌੜਾਇਆ ਸੂ
ਪਹੁੰਚਾ ਜਿੱਥੇ ਕੈਦੋਂ ਆਖਿਆ ਸੂ, ਹੀਰ ਰਾਂਝੇ ਨੂੰ ਉਸੇ ਜਾ ਪਾਇਆ ਸੂ
ਟਾਪ ਘੋੜੇ ਦੀ ਪਈ ਹੀਰ ਕੰਨੀਂ, ਉਸ ਰਾਂਝੇ ਤਾਈਂ ਸਮਝਾਇਆ ਸੂ
ਆਵੇ ਬਾਬਲ ਧੀਦੋ ਮਾਰੋ ਮਾਰ ਕਰਦਾ, ਉਸ ਰਾਂਝੇ ਤਾਈਂ ਛੁਪਾਇਆ ਸੂ
ਚੂਚਕ ਜਾ ਹੀਰ ਦੀ ਬਾਂਹ ਪਕੜੀ, ਦੱਸ ਕਿੱਥੇ ਈ ਹਜ਼ਾਰੇ ਜਾਇਆ ਸੂ
ਅੱਜ ਮਾਰ ਮੁਕਾ ਦੇਸਾਂ ਧੀਦੋ ਥੀਂ, ਸਾਰੇ ਪਿੰਡ ਚ ਬਦਨਾਮ ਕਰਾਇਆ ਸੂ
ਹੀਰ ਆਖਿਆ ਬਾਬਲਾ ਛੱਡ ਗੁੱਸਾ, ਮੈਂ ਤੇ ਭੱਤਾ ਆਣ ਖੁਆਇਆ ਸੂ
ਅੱਜ ਹੋਈ ਗਲਤੀ ਕੱਲ੍ਹ ਨਹੀਂ ਹੋਸੀ, ਭਾਵੇਂ ਧੀਦੋ ਭੁੱਖਾ ਤਿਹਾਇਆ ਸੂ
ਤੇਰੀ ਜਾਈ ਹਾਂ ਬਾਬਲਾ ਪਿਆਰ ਤੇਰਾ, ਕਿਉਂ ਗੁੱਸਾ ਧੀ ਤੇ ਆਇਆ ਸੂ
ਚੂਚਕ ਇਕ ਨਾ ਸੁਣੇ ਹੀਰ ਆਖੀ, ਗੁੱਸਾ ਆਪਣੇ ਚਿਤ ਵਸਾਇਆ ਸੂ
ਚੂਚਕ ਭਰਿਆ ਕਹਿਰ ਨਾਲ ਗੁੱਸੇ, ਧੀ ਆਪਣੀ ਘਰ ਲੈ ਆਇਆ ਸੂ
ਖਤ ਲਿਖਿਆ ਭਰਾਵਾਂ ਵੱਲ ਧੀਦੋ, ਕਿਉਂ ਮੱਝੀਂ ਚਾਕ ਬਣ ਆਇਆ ਸੂ
ਤੂੰ ਤਖ਼ਤ ਹਜ਼ਾਰੇ ਦਾ ਵਾਲੀ ਸੈਂ, ਪਿਓ ਦਾਦੇ ਨਾਂ ਬਦਨਾਮ ਕਰਾਇਆ ਸੂ
ਵਿਚ ਖ਼ਤ ਸਿਆਲ ਹਦਾਇਤ ਘੱਲੀ, ਭੈੜਾ ਰੁੱਸ ਕੇ ਘਰੋਂ ਆਇਆ ਸੂ
ਨਿੱਤ ਭਾਬੀਆਂ ਸੋਚਦੀਆਂ ਬਹਿ ਕੱਠੇ, ਕਿਹਾ ਧੀਦੋ ਹਾਲ ਬਣਾਇਆ ਸੂ
ਛੱਡ ਦੇਵਾਂਗੇ ਜ਼ਮੀਨ ਜੈਦਾਦ ਸਾਰੀ, ਅਸ਼ਟਾਮ ਚਿੱਠੀ ਵਿਚ ਪਾਇਆ ਸੂ
ਚਰਾ ਮੱਝੀਆਂ ਵੱਢਿਆ ਨੱਕ ਸਾਡਾ, ਵਿਚ ਚਿੱਠੀਆਂ ਨਾਲ ਲਿਖਾਇਆ ਸੂ
ਪਿੱਛੇ ਘੱਲ ਦਿਓ ਮੌਜੂ ਜਾਏ ਨੂੰ, ਮਿਲ ਕੇ ਸੱਤਾਂ ਨੇ ਗੂਠਾ ਲਾਇਆ ਸੂ
ਭਰਾ ਫਿਰ ਵੀ ਭਰਾਵਾਂ ਦੀ ਬਾਂਹ ਹੁੰਦੇ, ਔਖੇ ਵੇਲੇ ਭਰਾਵਾਂ ਮੋਢਾ ਲਾਇਆ ਸੂ
ਧੀਦੋ! ਅਸਾਂ ਚੇਤਾ ਭੁੱਲਦਾ ਨਹੀਂ, ਚੇਤੇ ਕਰ ਕਰ ਨੈਣੋਂ ਨੀਰ ਬਹਾਇਆ ਸੂ
ਚਿੱਠੀ ਡਾਕੀਏ ਹੱਥ ਫੜਾਈ ਚੂਚਕ, ਉਸ ਪੜ੍ਹ ਕੇ ਹਾਲ ਸੁਣਾਇਆ ਸੂ
ਚੂਚਕ ਸੁਣ ਕੇ ਬੜਾ ਹੈਰਾਨ ਹੋਇਆ, ਭੈੜਾ ਛੱਡ ਹਜ਼ਾਰਾ ਆਇਆ ਸੂ
ਆਖ ਡਾਕੀਏ ਚੂਚਕ ਜੁਆਬ ਕੀਤੋ, ਜ਼ਾਤ ਜੱਟ ਪੇਸ਼ਾ ਜੱਟ ਕਮਾਇਆ ਸੂ
ਜੱਟ ਜਾਣ ਕੇ ਅਸਾਂ ਚਾਕ ਰੱਖਿਆ ਸੂ, ਵਾਂਗ ਪੁੱਤਰਾਂ ਅਸਾਂ ਵਸਾਇਆ ਸੂ
ਮਰਜ਼ੀ ਉਹਦੀ ਜੇ ਚਾਹੇ ਮੁੜਨਾ, ਅਸਾਂ ਮਾਸਾ ਇਤਰਾਜ਼ ਨ ਪਾਇਆ ਸੂ

## 00

ਕੱਠੀ ਹੋ ਭਰਜਾਈਆਂ ਲਿਖ ਚਿੱਠੀ, ਵੱਲ ਹੀਰ ਸਿਆਲ ਦੇ ਪਾ ਦਿੱਤੀ
ਸਾਡਾ ਧੀਦੋ ਅੱਜ ਯਤੀਮ ਬਣਿਆਂ, ਚਾਰਨ ਮੱਝੀਆਂ ਰਿਜਕ ਬਣਾ ਦਿੱਤੀ
ਸਾਥੋਂ ਰੁੱਸ ਕੇ ਟੁਰ ਗਿਆ ਵੱਲ ਸਿਆਲਾਂ, ਸਾਡੇ ਸੀਨੇ ਅੱਗ ਲਗਾ ਦਿੱਤੀ
ਕਿੱਥੇ ਜਾਈਏ ਕਿਵੇਂ ਮਨਾਈਏ ਨੀ, ਪੱਟੀ ਇਸ਼ਕ ਦੀ ਤੂੰ ਭੜਾ ਦਿੱਤੀ
ਅੱਜ ਗੌਹਰ ਕੋਲਿਆਂ ਰੋਲ ਦਿੱਤਾ, ਕਾਲਖ ਚੰਨ ਮੁੱਖੜੇ ਕੂ ਲਾ ਦਿੱਤੀ
ਅੱਜ ਹੀਰੇ ਸਾਡੀ ਅਰਜ਼ ਸੁਣ ਲੈ, ਚਿੱਠੀ ਲਿਖ ਕੇ ਡਾਕ ਚ ਪਾ ਦਿੱਤੀ
ਦਿਹ ਦੂਸਰੇ ਡਾਕ ਸਿਆਲ– ਪੁੱਜੀ, ਚਿੱਠੀ ਡਾਕੀਏ ਹੀਰ ਫੜਾ ਦਿੱਤੀ
ਹੀਰ ਆਖਿਆ ਇਹ ਆਈ ਕਿੱਥੋਂ, ਕਿਸ ਚੰਦਰੇ ਲੇਖ ਲਿਖਾ ਦਿੱਤੀ
ਪੜ੍ਹਨਾ ਗੁਣਨਾ ਸਾਡੀ ਕਾਰ ਨਹੀਂ, ਅਸਾਂ ਇਸ਼ਕ ਦੀ ਪੱਟੀ ਪੜ੍ਹਾ ਦਿੱਤੀ
ਆਪ ਖ੍ਹੋਲ ਤੇ ਆਖ ਸੁਣਾ ਸਾਨੂੰ, ਕਿਸ ਭੈੜੇ ਨੇ ਸਾਨੂੰ ਬਦ ਦੁਆ ਦਿੱਤੀ
ਖ੍ਹੋਲ ਡਾਕੀਏ ਚਿੱਠੀ ਪੜ੍ਹ ਇਕ ਵੰਨੋਂ, ਸਾਰੀ ਹੀਰ ਕੂ ਆਖ ਸੁਣਾ ਦਿੱਤੀ
ਵਿਚ ਲਿਖਿਆ ਹਾਲ ਸੁਣਾਇਆ ਸੂ, ਭੈੜੀ ਭਾਬੀਆਂ ਬਦ ਦੁਆ ਦਿੱਤੀ
ਸੁਣ ਚਿੱਠੀ ਚੋਂ ਹੀਰ ਨੇ ਗੱਲ ਸਾਰੀ, ਯਾਰ ਆਪਣੇ ਤਾਈਂ ਸੁਣਾ ਦਿੱਤੀ
ਸੁਣ ਰਾਂਝੇ ਦਿਲ ਬੇਤਾਬ ਹੋਇਆ, ਭੁੱਲੀ ਯਾਦ ਮੁੜ ਚੇਤੇ ਕਰਾ ਦਿੱਤੀ
ਭੋਇੰ ਖੋਹ ਲਈ ਸਾਰੀ ਭਰਾਵਾਂ ਨੇ, ਵੱਢੀ ਦੇ ਮੈਨੂੰ ਕੱਲਰ ਪੁਆ ਦਿੱਤੀ
ਧੀਦੋ ਕੀ ਜਾਣੇ ਜੱਗ ਕਿਵੇਂ ਵਰਤੇ, ਚੁੱਪ ਚਾਪ ਗੱਲ ਗਲ ਲਾ ਲਿੱਤੀ
ਧੀਦੋ ਜਾ ਕੇ ਵੇਖੀ ਸੁ ਫਸਲ ਬਾੜੀ, ਮੇਰੇ ਸੀਨੇ ਚ ਅੱਗ ਮਚਾ ਦਿੱਤੀ
ਨਾ ਬੁਝੇ ਨਾ ਉਹ ਸੁਲ੍ਹਗਦੀ ਏ, ਚਿੱਤ ਅਜਿਹੀ ਚਿੰਗਾਰੀ ਲਗਾ ਦਿੱਤੀ
ਸੁਣੋ ਭਾਬੀਓ ਸੱਚ ਦੀ ਗੱਲ ਸਾਰੀ, ਤੁਹਾਡੇ ਤਾ੍ਨਿਆਂ ਅਸਾਂ ਸਜ਼ਾ ਦਿੱਤੀ
ਨਿੱਤ ਆਖਦੀ ਸੈਂ ਵਿਆਹ ਲਿਆ ਹੀਰ, ਅਸਾਂ ਵਾਹ ਆਪਣੀ ਲਾ ਦਿੱਤੀ
ਟਕਾ ਧੇਲਾ ਨਾ ਤੁਸਾਂ ਛੱਡਿਆ ਸੂ, ਭਾਈ ਭਾਬੀਆਂ ਨੇ ਬਦ ਦੁਆ ਦਿੱਤੀ
ਤੀਰ ਸੀਨੇ ਚ ਚੁਭੇ ਨ ਨਿਕਲਦੇ ਈ, ਨਾ ਹੀ ਮੌਤ ਦੀ ਤੁਸਾਂ ਸਜ਼ਾ ਦਿੱਤੀ
ਬੋਲ ਰੜਕਦੇ ਆਈਆਂ ਅੱਖੀਆਂ ਵਾਂਗ, ਤੁਸਾਂ ਕਿਸੇ ਨ ਮੈਨੂੰ ਦੁਆ ਦਿੱਤੀ
ਅਸਾਂ ਬਣ ਗਏ ਹੀਰ ਸਿਆਲ ਦੇ ਈ, ਹੀਰ ਜਿੰਦੜੀ ਸਾਡੇ ਤੇ ਲਾ ਦਿੱਤੀ
ਅਸਾਂ ਆਪਣਾ ਬੋਲ ਪੁਗਾਇਆ ਈ, ਸੱਚੇ ਰੱਬ ਕੋਲ ਅਸਾਂ ਦੁਆ ਕੀਤੀ



ਭੈਣੋ ਮੰਨ ਲਓ ਦੁਆ ਸਲਾਮ ਸਾਡੀ, ਧਿਆ ਰੱਬ ਜੁਆਬ ਲਿਖਾ ਦਿੱਤੀ
ਕਰੋ ਭਲਾ ਰੱਬ ਕਰੇ ਭਲਾ, ਆਖੀ ਧੀਦੋ ਦੀ ਅਸਾਂ ਲਿਖਤ ਲਿਖਾ ਦਿੱਤੀ
ਮਿਲੇ ਦਿਲ ਰੂਹ ਇਕ ਹੋ ਗਈ, ਅਸਾਂ ਕਸਮ ਪਿਆਰ ਦੀ ਖਾ ਲਿੱਤੀ
ਅਸਾਂ ਰੱਖਿਆ ਧੀਦੋ ਸਮਝ ਅਪਣਾ, ਲੱਗੀ ਆਪਣੀ ਅਸਾਂ ਨਿਭਾ ਦਿੱਤੀ
ਘਰ ਬਾਰ ਪਰਾਇਆ ਨ ਜਾਣਿਆਂ ਸੂ, ਕੁੰਜੀ ਦਿਲ ਦੀ ਅਸਾਂ ਫੜਾ ਦਿੱਤੀ
ਭਾਵੇਂ ਖ੍ਹੋਲੇ ਤੇ ਭਾਵੇਂ ਬੰਦ ਕਰੇ, ਮਰਜ਼ੀ ਧੀਦੋ ਦੀ ਜਿਵੇਂ ਖੁਲ੍ਹਾ ਲਿੱਤੀ
ਧੀਦੋ ਮੇਰਾ ਤੇ ਮੈਂ ਮੰਗ ਰਾਂਝਣੇ ਦੀ, ਲਿਖ ਚਿੱਠੀ ਡਾਕ ਚ ਪਾ ਦਿੱਤੀ
ਪੜ੍ਹ ਚਿੱਠੀ ਭਰਜਾਈਆਂ ਰੋਸ ਕੀਤਾ, ਪੰਡ ਹੀਰਿਆਂ ਹੀਰ ਚੁਰਾ ਲਿੱਤੀ
ਮਾਲ ਸਾਡਾ ਅਸਬਾਬ ਸਾਡਾ, ਖੋਹ ਖਿੱਚ ਕੇ ਹੀਰ ਆਪਣੀ ਬਣਾ ਲਿੱਤੀ
ਧੀਦੋ ਪੁੱਤਰ ਮੌਜੂ ਜੱਟ ਦਾ ਈ, ਪਾਂਧ ਵਾਲੇ ਜ਼ਮੀਨ ਜੈਦਾਦ ਬਣਾ ਦਿੱਤੀ
ਤੂੰ ਆਖਦੀ ਏਂ ਧੀਦੋ ਮੇਰਾ ਈ, ਕਿਸ ਕਚਿਹਰੀ ਅਜਿਹੀ ਸੁਣਾ ਦਿੱਤੀ
ਛੱਡ ਟੁਰ ਗਿਆ ਭਾਈਆਂ ਭਾਬੀਆਂ ਨੂੰ, ਕਿਸ ਗੱਲ ਦੀ ਅਸਾਂ ਸਜ਼ਾ ਦਿੱਤੀ
ਅਸਾਂ ਕੀਤਾ ਸੂ ਮਿਲ ਮਜ਼ਾਕ ਧੀਦੋ, ਤੁਸਾਂ ਇਸ਼ਕ ਦੀ ਗੁੱਡੀ ਚੜ੍ਹਾ ਦਿੱਤੀ
ਅੱਗ ਲੈਣ ਆਈ ਘਰ ਮੱਲ ਬੈਠੀ, ਬਿਨ ਕਾਗਜ਼ਾਂ ਜੈਦਾਦ ਬਣਾ ਲਿੱਤੀ
ਹੀਰੇ ਸੁਣ ਲੈ ਆਖਰੀ ਗੱਲ ਸਾਡੀ, ਘੱਲ ਧੀਦੋ ਨੂੰ ਅਸਾਂ ਸਮਝਾ ਦਿੱਤੀ
ਤੁਸਾਂ ਪਿਛਲੀ ਗੱਲਾਂ ਤੇ ਪਾਓ ਮਿੱਟੀ, ਗੱਲ ਅੱਜ ਦੀ ਅਸਾਂ ਸੁਣਾ ਦਿੱਤੀ
ਬਾਝ ਰਾਂਝਣੇ ਹੀਰ ਨਾ ਰਹਿ ਸਕੇ, ਅਸਾਂ ਦਿਲ ਦੀ ਆਖ ਸੁਣਾ ਦਿੱਤੀ
ਧੀਦੋ ਮੱਝਾਂ ਚਾਰੇ ਵਿਚ ਬੇਲਿਆਂ ਦੇ, ਸਾਡੇ ਚਿੱਤ ਚਿਤਵਣੀ ਲਾ ਦਿੱਤੀ
ਕਿਤੇ ਸੱਪ ਸੜੱਪੇ ਨ ਡੰਗ ਮਾਰਨ, ਸ਼ੇਰ ਬਘੇਰੇ ਨਾ ਜਾਨ ਕੜਕਾ ਦਿੱਤੀ
ਚਿੱਤ ਸੋਚਦੀ ਚਾਰੇ ਪਹਿਰ ਰਾਂਝਾ, ਹੀਰ ਰਾਂਝੇ ਨੇ ਚਿੱਤ ਵਸਾ ਲਿੱਤੀ
ਭਲਾ ਦੱਸੋ ਤੁਹਾਡਾ ਕੀ ਜਾਂਦਾ, ਜਿਨ੍ਹਾਂ ਪਹਿਲਾਂ ਹੀ ਸਖਤ ਸਜ਼ਾ ਦਿੱਤੀ
ਧੀਦੋ ਚਾਕ ਥੀਵੇ ਵਾਗੀ ਚਿੱਤ ਮੇਰਾ, ਚਿੱਤ ਲੁੱਟ ਕੇ ਯਾਰ ਸਜ਼ਾ ਦਿੱਤੀ
ਭੈਣੋ ਲੁੱਟੋ ਨ ਅੱਜ ਸੁਹਾਗ ਮੇਰਾ, ਜੋੜੀ ਹੰਸਾਂ ਦੀ ਰੱਬ ਮਿਲਾ ਦਿੱਤੀ
ਹੀਰ ਰਾਂਝੇ ਚ ਰਾਂਝਣ ਹੀਰ ਚ, ਦੋ ਕਲਬੂਤ ਰੂਹ ਇਕ ਬਣਾ ਦਿੱਤੀ
ਹੁਣ ਹੋਰ ਨ ਹਜ਼ਾਰਿਓ ਸਜ਼ਾ ਦੇਵੋ, ਗੱਲ ਆਖਰੀ ਹੀਰ ਲਿਖਾ ਦਿੱਤੀ

ਕਰੀਏ ਵਿਆਹ ਤੇ ਮੁੱਕੇ ਝਗੜਾ, ਚੂਚਕ ਵਿਆਹ ਦੀ ਗੱਲ ਚਲਾਈ ਏ
ਵਿਆਹ ਹੀਰ ਨਾਲ ਕਰੇ ਕਿਹੜਾ, ਗੱਲ ਰਾਂਝੇ ਦੀ ਅੱਗ ਲਗਾਈ ਏ
ਚੂਚਕ ਬੈਠ ਪੰਚਾਇਤ ਗੱਲ ਕੀਤੀ, ਭਰਾਵਾਂ ਅੱਗੇ ਬੇਨਤੀ ਪਾਈ ਏ
ਆਖੋ ਤਾਂ ਵਿਆਹ ਛੱਡਾਂ ਨਾਲ ਰਾਂਝੇ, ਨਹੀਂ ਦੱਸੋ ਹੋਰ ਕੁੜਮਾਈ ਏ
ਪੰਚਾਂ ਖੋਲ੍ਹ ਗੱਲ ਸਾਫ ਆਖੀ, ਕੁੜੀ ਰਾਂਝਿਆਂ ਨ ਸਿਆਲ ਵਿਆਹੀ ਏ
ਇਹ ਤੋਂ ਚੰਗਾ ਖੂਹ ਡੋਬ ਦੇਣਾ, ਰਾਂਝੇ ਜਾਣੀਦੇ ਭੈੜੇ ਨੀਚ ਕਸਾਈ ਏ
ਸਾਡੀ ਮੰਨੇਂ ਨਾ ਵਿਆਹ ਹੀਰ ਰਾਂਝੇ, ਅਸਾਂ ਲੱਖ ਦੀ ਇਕ ਸੁਣਾਈ ਏ
ਸਾਡਾ ਕਾਰ ਬਿਹਾਰ ਈ ਖੇੜਿਆਂ ਸੰਗ, ਅਸਾਂ ਮੰਗ ਖੇੜਿਆਂ ਪਾਈ ਏ
ਅਸਾਂ ਘੱਲਿਆ ਸਨੇਹਾ ਖੇੜਿਆਂ ਥੀਂ, ਖੇੜੀਂ ਨਾਈ ਜਾ ਖਬਰ ਸੁਣਾਈ ਏ
ਖੇੜੇ ਚੌਧਰੀ ਬੂਹੇ ਤੇ ਆਣ ਢੁਕੇ, ਇਹ ਛੋਕਰੀ ਅਸਾਂ ਦੇ ਪੱਲੇ ਪਾਈ ਏ
ਚੂਚਕ ਆਖਿਆ ਸੱਤ ਬਚਨ ਪੰਚੋ, ਤੁਹਾਡੀ ਗੱਲ ਸਿਰ ਮੱਥੇ ਚਾਈ ਏ
ਝੱਟ ਪੱਟ ਖੇੜੀਂ ਲਾਗੀ ਘੱਲ ਦਿੱਤੇ, ਸਾਰੇ ਪਿੰਡ ਚ ਡੌਂਡੀ ਪਿਟਾਈ ਏ
ਹੈ ਕੋਈ ਛੜਾ ਛਾਂਗ ਅਣ ਵਿਆਹਿਆ, ਦੱਸ ਸੇਦੇ ਦੀ ਲੋਕਾਂ ਪਾਈ ਏ
ਅੱਜੂ ਚੌਧਰੀ ਦਾ ਪੁੱਤ ਸੈਦਾ, ਅੱਖੋਂ ਕਾਣਾ ਨਾ ਪਾਵੇ ਕੋਈ ਕੁੜਮਾਈ ਏ
ਭਲਾ ਕਾਣੇ ਨੂੰ ਕੁੜੀ ਕੌਣ ਦੇਵੇ, ਸੰਗ ਕਾਣੇ ਦੇ ਕੌਣ ਸਗਾਈ ਪਾਈ ਏ
ਅਫਵਾਹ ਇਸ਼ਕ ਹੀਰ ਦੀ ਉੜਦੀ ਏ, ਦਾਗੀ ਕਾਣੇ ਜੋੜੀ ਮਿਲਾਈ ਏ
ਸੱਦਾ ਘੱਲ ਦਿੱਤਾ ਖੇੜਿਆਂ ਨੂੰ, ਚੂਚਕ ਆਇਆ ਪਾਉਣ ਕੁੜਮਾਈ ਏ
ਨੀਂਗਰ ਭਾਲਿਆ ਅੱਜੂ ਦਾ ਪੁੱਤ ਸੈਦਾ, ਘਰ ਸੈਦੇ ਜਾ ਘੋੜੀ ਚੜ੍ਹਾਈ ਏ
ਚੂਚਕ ਆਖਿਆ ਚੌਧਰੀ ਸੁਣ ਮੇਰੀ, ਤੇਰੇ ਪੁੱਤ ਦੀ ਦੱਸ ਲੋਕਾਂ ਪਾਈ ਏ
ਦੱਸ ਚੌਧਰੀ ਜੇ ਕਬੂਲ ਤੈਨੂੰ, ਸਿਆਲਾਂ ਧੀ ਆਪਣੀ ਖੇੜੇ ਝੋਲੀ ਪਾਈ ਏ
ਅੱਜੂ ਆਖਿਆ ਰਿਸ਼ਤਾ ਮਨਜ਼ੂਰ ਮੈਨੂੰ, ਗੱਲ ਲੱਖ ਦੀ ਇਕ ਸੁਣਾਈ ਏ
ਦਮੜਾ ਕੱਢ ਚੂਚਕ ਪਾਇਆ ਸੈਦੇ ਪੱਲੇ, ਹੱਥ ਖੁੰਮਣੀ ਸ਼ੱਕਰ ਮੂੰਹ ਪਾਈ ਏ
ਰਸਮ ਪੁਗਾ ਕੇ ਨਾਤਾ ਹੋਇਆ ਪੱਕਾ, ਮੁੜ ਵਿਆਹ ਦੀ ਗੱਲ ਚਲਾਈ ਏ
ਝੱਟ ਮੰਗਣੀ ਪੱਟ ਵਿਆਹ ਕਰੀਏ, ਤਖ਼ਤ ਰੱਬ ਦੇ ਤੱਕੜੀ ਹਿਲਾਈ ਏ
ਸਵਰਨ ਸਿੰਘਾ ਕੀਤੀਆਂ ਫਲ ਪਾਇਆ, ਵਿਆਹ ਦੀ ਤਰੀਕ ਬਨ੍ਹਾਈ ਏ



## 00

ਗੱਲ ਹੀਰ ਦੇ ਕੰਨੀਂ ਪਹੁੰਚ ਗਈ, ਹੀਰ ਮਾਂ ਨੂੰ ਜਾ ਕੇ ਸੁਣਾਈ ਏ
ਕਿਹੜੇ ਪਾਪ ਦਾ ਮਾਏ ਬਦਲਾ ਈ, ਮੇਰੀ ਕਾਣੇ ਸੰਗ ਕੀਤੀ ਸਗਾਈ ਏ
ਪਰੀਆਂ ਦੀ ਮਾਏ ਮੈਂ ਰਾਣੀ, ਤੁਹਾਨੂੰ ਕਾਣਾ ਮੰਗਦੇ ਸੰਗ ਨ ਆਈ ਏ
ਮਾਏ ਕੂੰਜ ਨੂੰ ਕਿਉਂ ਵਿਛੋੜਦੀ ਏਂ, ਮਾਂ ਅੱਗੇ ਪਾਈ ਹੀਰ ਦੁਹਾਈ ਏ
ਇੱਟ ਚੁਬਾਰੇ ਦੀ ਮੋਰੀ ਲਾ ਦਿੱਤੀ, ਪਿੰਡ ਪੰਚਾਂ ਭੀ ਸ਼ਰਮ ਨ ਆਈ ਏ
ਸੈਦਾ ਕਾਣਾ ਤੇ ਖੇੜੇ ਅੱਗੋਂ ਅੰਨ੍ਹੇਂ, ਲੋਕਾਂ ਖੇੜਿਆਂ ਸਮਝ ਨ ਕਾਈ ਏ
ਇਹ ਰਿਸ਼ਤਾ ਕਿਵੇਂ ਮਨਜ਼ੂਰ ਕੀਤਾ, ਮਾਏ ਬੰਸ ਨੂੰ ਲਾਜ ਤੂੰ ਲਾਈ ਏ
ਗੱਲ ਸੁਣ ਹੀਰ ਰਾਂਝਾ ਦਿਲਗੀਰ ਹੋਏ, ਮੁੜ ਆਫਤ ਸਾਡੇ ਤੇ ਆਈ ਏ
ਚੱਲ ਰਾਂਝਣਾ ਪਿੰਡ ਚੋਂ ਨੱਸ ਟੁਰੀਏ, ਹੀਰ ਰਾਂਝੇ ਨੂੰ ਗੱਲ ਸਮਝਾਈ ਏ
ਭੱਜ ਚੱਲੀਏ ਛੱਡ ਸਿਆਲਾਂ ਨੂੰ, ਕਿਤੇ ਰਾਹ ਚ ਪਾਈਏ ਕੁੜਮਾਈ ਏ
ਵੇਲਾ ਬੀਤਿਆ ਮੁੜ ਨਹੀਂ ਆਉਣਾ, ਹੀਰ ਦਿਲ ਦੀ ਆਖ ਸੁਣਾਈ ਏ
ਕੇਰਾਂ ਖੇੜਿਆਂ ਝੁੱਗੇ ਘੱਲ ਦਿੱਤੀ, ਮੁੜ ਹੋਣੀ ਨਹੀਂ ਮੇਰੀ ਸੁਣਵਾਈ ਏ
ਜਦੋਂ ਮਾਪਿਆਂ ਹੀਰ ਵਿਆਹ ਦਿੱਤੀ, ਮੇਰਾ ਵਸ ਨੀ ਚੱਲਣਾ ਕਾਈ ਏ
ਰਾਂਝੇ ਆਖਿਆ ਇਸ਼ਕ ਸੁਆਦ ਫਿੱਕਾ, ਢੋਲ ਵਜਾ ਨਾ ਕੀਤੀ ਸਗਾਈ ਏ
ਤ੍ਹਾਨੇ ਸੁਣ ਮੈਂ ਨੱਸਿਆ ਭਾਬੀਆਂ ਦੇ, ਹੀਰ ਵਿਆਹ ਕੇ ਪੈਰ ਘਰ ਪਾਈ ਏ
ਜਾ ਕੇ ਆਖੂੰ ਭੈੜੀ ਭਰਜਾਈਆਂ ਨੂੰ, ਪਰੀ ਅਸਾਂ ਵਿਆਹ ਕੇ ਲਿਆਈ ਏ
ਨਾਲੇ ਵਖਾਵਾਂ ਸ਼ਰੀਕ ਭਰਾਂਵਾਂ ਕੁ, ਕਿਵੇਂ ਹੀਰ ਸੰਗ ਪਾਈ ਕੁੜਮਾਈ ਏ
ਬਾਰਾਂ ਸਾਲ ਚਰਾਈਆਂ ਮੱਝੀਆਂ ਸੁ, ਸ਼ੁਭ ਸ਼ਗਨ ਉਡੀਕ ਅਸਾਂ ਪਾਈ ਏ
ਅੜੀਏ ਤੋੜ ਨਾ ਅੱਜ ਕੀਤੇ ਵਾਧਿਆਂ ਨੂੰ, ਅਸਾਂ ਚੱਲਣਾ ਰੱਬ ਰਜਾਈ ਏ
ਰਾਂਝੇ ਆਖਿਆ ਇਹ ਮਨਜ਼ੂਰ ਨਹੀਂ, ਬਾਝ ਵਿਆਹ ਦੇ ਘਰ ਨ ਜਾਈ ਏ
ਹੋਸੀ ਜੋ ਕਾਦਰ ਮੱਥੇ ਲਿਖਿਆ, ਆਪੇ ਰਹਿਮਤਾਂ ਆਪੇ ਭੀੜੀਆਂ ਪਾਈ ਏ
ਚੱਲ ਬੈਠ ਕੇ ਰੱਬ ਦਾ ਨਾਂ ਜਪੀਏ, ਜਿਹਨੇ ਵਿਆਹ ਦੀ ਰਸਮ ਚਲਾਈ ਏ
ਲੋਕੋ ਵਿਆਹ, ਰੱਬ ਪਾਉਣ ਦੀ ਮੰਜ਼ਿਲ ਏ, ਰਾਮਦਾਸ ਲਾਵਾਂ ਚ ਪਾਈ ਏ
ਵਿਆਹ ਕਰਕੇ ਯਾਰ ਨਜ਼ਦੀਕ ਆਵੇ, ਭੈੜੇ ਸ਼ਰੀਕਾਂ ਨਜ਼ਰ ਨ ਲਾਈ ਏ
ਯਾਰ ਮਨਾ ਕੇ ਸਵਰਨ ਜੀ ਰੱਬ ਮੰਨੇ, ਬਾਝ ਯਾਰ ਨ ਪਰਮਗਤ ਪਾਈ ਏ

## 00

ਨਾਤਾ ਜੋੜ ਹੀਰ ਨੂੰ ਖਬਰ ਕੀਤੀ, ਹੀਰੇ ਖੋਜਿਆ ਈ ਅਸਾਂ ਵਰ ਤੇਰਾ
ਅੱਖੋਂ ਕਾਣਾ ਤੇ ਸ਼ਕਲ ਦਾ ਭੈੜਾ, ਆਖ ਤੋੜਿਆ ਈ ਅਸਾਂ ਡਰ ਤੇਰਾ
ਰਾਂਝੇ ਸੰਗ ਨਾਤਾ ਤੋੜ ਹੀਰੇ, ਵਿਆਹ ਕਰਕੇ ਵਸ ਜਾਏ ਘਰ ਤੇਰਾ
ਖਬਰ ਸੁਣ ਹੀਰ ਉਦਾਸ ਬੈਠੀ, ਚਿੱਤ ਸੋਚਦੀ ਰਾਂਝਾ ਈ ਵਰ ਮੇਰਾ
ਹੀਰ ਰਾਂਝੇ ਜਾ ਕੇ ਆਖ ਦਿੱਤੋ, ਉਜਾੜ ਦਿੱਤਾ ਮਾਪਿਆਂ ਘਰ ਤੇਰਾ
ਮਿੰਨਤਾਂ ਕਰਦੀ ਹਾਰ ਗਈ, ਧੀਦੋ ਸਾਹਮਣੇ ਆ ਗਿਆ ਡਰ ਮੇਰਾ
ਹੀਰ ਤਰਲੇ ਮਿੰਨਤਾਂ ਪਾਉਂਦੀ ਏ, ਮਾਇ ਤੋੜ ਨ ਕੌਲ ਕਰਾਰ ਮੇਰਾ
ਚੁੱਕ ਕੁੱਛੜ ਧੀ ਖਿਡ੍ਹਾਉਂਦੀ ਸੈਂ, ਕਿੱਥੇ ਗੁਆਚਾ ਮਾਏ ਪਿਆਰ ਤੇਰਾ
ਨਾ ਰੋਲ ਕੁਚੱਜੜੇ ਰਾਹ ਮਾਇ, ਕੀ ਲਗਦਾ ਈ ਸੈਦਾ ਸਿਆਰ ਮੇਰਾ
ਮੈਂ ਤੇ ਰਾਂਝਣੇ ਸੰਗ ਜੋੜ ਬੈਠੀ, ਮਾਇ ਕਰ ਨ ਸੈਦੇ ਕੁੜਮਾਰ ਮੇਰਾ
ਮਾਂ ਆਖੇ ਪਿਓ ਤੋਂ ਪੁੱਛ ਧੀਏ, ਵਰ ਸਹੇੜਿਆ ਸੈਦਾ ਸਰਦਾਰ ਤੇਰਾ
ਹੀਰ ਪਿਓ ਦੇ ਪੈਰੀਂ ਹੱਥ ਲਾਏ, ਨਾਲੇ ਪੁੱਛਿਆ ਕੀ ਵਿਚਾਰ ਤੇਰਾ
ਮੈਂ ਰਾਂਝੇ ਦੀ ਮੰਗ ਬਾਬਲ, ਕਿਉਂ ਸਹੇੜਿਆ ਕਾਣਾ ਸਰਦਾਰ ਮੇਰਾ
ਮੇਰੀ ਗੱਲ ਕਦੀ ਨ ਮੋੜਦਾ ਸੈਂ, ਅੱਜ ਕਿੱਥੇ ਬਾਬਲਾ ਪਿਆਰ ਤੇਰਾ
ਨਾਤਾ ਧੁਰ ਦਰਗਾਹੋਂ ਜੋੜਿਆ ਸੂ, ਤੋੜ ਖੇੜਿਆਂ ਸੰਗ ਕਰਾਰ ਮੇਰਾ
ਕੀ ਆਖਾਂ ਮੈਂ ਬੇਵਸ ਹੋ ਗਿਆ, ਛੁਪਾਇਆ ਜਾਏ ਨਾ ਮੈਥੋਂ ਮੁੱਖ ਮੇਰਾ
ਮੂੰਹ ਵਖੌਣ ਜੋਗਾ ਨ ਛੱਡਿਆ ਸੂ, ਮੇਰੀ ਮੰਨ ਲੈ ਮੁੱਕ ਜਾਏ ਦੁਖ ਮੇਰਾ
ਛੱਡ ਰਾਂਝੇ ਨੀਚ ਕਮੀਣ ਤਾਈਂ, ਕਰਾਂ ਵਿਆਹ ਬਣਾਇ ਸੰਗਾਰ ਤੇਰਾ
ਧੀਦੋ ਯਾਰ ਨਾ ਮੈਂ ਭੁਲਾ ਸਕਦੀ, ਟੁੱਟੇ ਨਾ ਰਾਂਝੇ ਸੰਗ ਪਿਆਰ ਮੇਰਾ
ਮੇਰੇ ਬਾਬਲਾ ਅਜਲ ਕਬੂਲ ਮੈਨੂੰ, ਨਾਤਾ ਰਾਂਝੇ ਸੰਗ ਰੱਬ ਗੁਆਹ ਮੇਰਾ
ਚੂਚਕ ਆਖਿਆ ਧੀਏ ਸੁਣ ਮੇਰੀ, ਵਰ ਚੁਣਿਆਂ ਈ ਵੱਡਾ ਸ਼ਾਹ ਤੇਰਾ
ਵੱਡਾ ਕੰਮ ਈ ਵੱਡੀ ਜਗੀਰਦਾਰੀ, ਗੋਲੀ ਬਾਂਦੀਆਂ ਪਾਲਣਾ ਕਰਮ ਤੇਰਾ
ਭੱਤਾ ਲੈ ਜਾਣ ਦਾ ਕੰਮ ਮੁੱਕ ਗਿਆ, ਘੁੰਡ ਕੱਢਣਾ ਮੁੱਕਿਆ ਭਰਮ ਤੇਰਾ
ਪਾਉਣ ਘੱਗਰਾ ਸੂਫ ਦਾ ਕੰਮ ਮੁੱਕਾ, ਪੈਲੀ ਜਾਣ ਦਾ ਮੁੱਕਿਆ ਰਾਹ ਤੇਰਾ
ਹੀਰ ਆਖਿਆ ਨਹੀਂ ਮਨਜ਼ੂਰ ਮੈਨੂੰ, ਕਾਣੇ ਸੰਗ ਨ ਹੋਵੇ ਵਿਆਹ ਮੇਰਾ
ਸਵਰਨ ਸਿੰਘਾ ਰੱਬ ਦੀਆਂ ਉਹ ਜਾਣੇ, ਨਹੀਂ ਫਬਦਾ ਬਾਬਲਾ ਰਾਹ ਤੇਰਾ



## 00

ਜਦੋਂ ਅੱਖੀਆਂ ਰਾਂਝੇ ਸੰਗ ਲਾਈਆਂ, ਖੋ ਗਿਆ ਕਰਾਰ ਚਿੱਤ ਦਾ
ਹੁਣ ਲੱਗੀਆਂ ਨ ਜਾਣ ਬੁਝਾਈਆਂ, ਰਾਂਝੇ ਚੋਂ ਮੈਨੂੰ ਰੱਬ ਦਿਸਦਾ

ਜਾਣ ਬੁੱਝ ਕੇ ਅਸਾਂ ਨਹੀਂ ਲਾਈ, ਮਾਇ ਲੱਗ ਗਈ ਏ ਆਪੇ
ਦਿਲ ਮੇਰਾ ਬੇਈਮਾਨ ਹੋਇਆ, ਉਮਰਾਂ ਦੇ ਪੈ ਗਏ ਸਿਆਪੇ
ਕਿਵੇਂ ਵਿਛੋੜਾਂ ਰਾਂਝਣੇ ਨੂੰ, ਮੀਟਾਂ ਅੱਖੀਆਂ ਰਾਂਝਾ ਯਾਰ ਦਿਸਦਾ
ਮੁੜ ਮੁੜ ਨ ਮੈਨੂੰ ਆਖ ਮਾਇ, ਨਾਲੇ ਮਾਰ ਨਾ ਬੋਲੜੀਆਂ
ਤਾ੍ਹਨੇ ਸੁਣ ਸੁਣ ਹਾਰੀ ਮੈਂ, ਜਦੋਂ ਸਖ਼ੀਆਂ ਕਰਨ ਕਲੋਲੜੀਆਂ
ਰਾਂਝਣ ਸੰਗ ਅਜਲ ਦਾ ਨਾਤਾ, ਮੈਂ ਕਰਾਂ ਇਤਬਾਰ ਤਿਸ ਦਾ
ਭੱਤਾ ਲੈ ਕੇ ਜਾਵਾਂ ਜੂਹਾਂ ਨੂੰ, ਮੇਰਾ ਰਾਂਝਣ ਮੱਝੀਆਂ ਚਾਰੇ
ਕੁੱਛੜ ਗੜਬਾ ਸਿਰ ਤੇ ਚੂਰੀ, ਚਿੱਤ ਮੂਰਤ ਯਾਰ ਪਿਆਰੇ
ਧੀਦੋ ਮੇਰੀ ਪਲਕਾਂ ਵਸਦਾ, ਮੇਰਾ ਚਿੱਤ ਰਾਂਝੇ ਤੇ ਟਿਕਦਾ
ਬੁਰਾ ਆਖ ਨ ਰਾਂਝੇ ਤਾਈਂ, ਰਾਂਝਾ ਤਖ਼ਤ ਹਜ਼ਾਰੇ ਦਾ ਸਾਈਂ
ਰਾਂਝਾ ਮੇਰੇ ਦਿਲ ਦਾ ਜਾਨੀ, ਰਾਂਝੇ ਜਿਹਾ ਜੱਗ ਵਿਚ ਨਾਹੀਂ
ਮਾਇ ਨੀ ਮੇਰੀ ਗੱਲ ਮੰਨ ਲੈ, ਨੀ ਛੱਡ ਦੇ ਬਖੇੜਾ ਨਿੱਤ ਦਾ
ਮੈਂ ਰਾਂਝਣ ਚ ਰਾਂਝਣ ਮੈਂ ਵਿਚ, ਦੋ ਬਦਨ ਇਕ ਕਲਬੂਤ
ਬਲਦੀ ਅੱਗ ਚੋਂ ਕੱਢ ਲੈ ਨੀ ਮਾਇ, ਲੈਣਾ ਈ ਜੇ ਸਬੂਤ
ਪਹਿਲਾਂ ਦਿਲ ਫਿਰ ਰੂਹ ਮਿਲੀ, ਮੁੱਕਿਆ ਭਰਮ ਚਿੱਤ ਦਾ
ਬਾਬਲਾ! ਇਕ ਦਿਨ ਟੁਰ ਜਾਣਾ, ਧੀਆਂ ਹੋਵੇ ਧਨ ਪਰਾਇਆ
ਪਿਆਰ ਜਤਾ ਕੇ ਗਲ ਨਾਲ ਲਾ, ਕਿਉਂ ਐਵੇਂ ਰੋਸ ਵਧਾਇਆ
ਇਕ ਦਿਨ ਪੰਛੀ ਉੜ ਜਾਣਾ, ਛੱਡ ਬਾਬਲੇ ਦਾ ਘਰ ਵਸਦਾ
ਗੱਲ ਮੰਨ ਲੈ ਬਾਬਲਾ ਮੇਰੀ, ਖੇੜਿਆਂ ਦੀ ਜੰਞ ਮੋੜ ਦੇ
ਸੱਚਾ ਸੁੱਚਾ ਰਿਸ਼ਤਾ ਈ ਮੇਰਾ, ਮੇਰੇ ਲਈ ਵਾਧੇ ਤੋੜ ਦੇ
ਮੈਂ ਨੀ ਜਾਣਾ ਖੇੜਿਆਂ ਨੂੰ, ਰਾਂਝੇ ਤੇ ਮੇਰਾ ਦਿਲ ਵਿਕਦਾ

## 00

ਸਮਾਂ ਨਾ ਕਿਸੇ ਉਡੀਕ ਕਰਦਾ, ਘੜੀ ਵਿਆਹ ਦੀ ਨੇੜੇ ਆਈਆਂ ਈ
ਹੋ ਕੱਠੀਆਂ ਹੀਰ ਸਹੇਲੀਆਂ ਨੇ, ਆਣ ਮਾਈਆਂ ਹੀਰ ਕੂ ਲਾਈਆਂ ਈ
ਹੱਥੀਂ ਮਹਿੰਦੀ ਕੰਨੀਂ ਪਾ ਝੁਮਕੇ, ਸੱਗੀ ਫੁੱਲ ਤੇ ਮੀਢੀਆਂ ਪਾਈਆਂ ਈ
ਨਾਈ ਘੱਲਿਆ ਸਾਕ ਸਰੀਕਾਂ ਥੀਂ, ਸਗਨ ਦੀਆਂ ਗੰਢਾਂ ਪਹੁੰਚਾਈਆਂ ਈ
ਹੀਰ ਜਾਪਦੀ ਅੱਜ ਵਿਹਾਂਦੜੀ ਜੇ, ਸਖ਼ੀਆਂ ਰਾਂਝੇ ਤਾਈਂ ਸੁਣਾਈਆਂ ਈ
ਦੱਸ ਰਾਂਝਿਆ ਕੀ ਉਜਰ ਤੇਰਾ, ਬਾਰਾਂ ਸਾਲ ਤੂੰ ਮੱਝੀਂ ਚਰਾਈਆਂ ਈ
ਟੁੱਟ ਗਿਆ ਰਾਂਝਿਆ ਨਾਤਾ ਤੇਰਾ, ਤੈਨੂੰ ਮਿਹਨਤਾਂ ਰਾਸ ਨ ਆਈਆਂ ਈ
ਕੋਠੇ ਚਾੜ੍ਹ ਹੇਠੋਂ ਪੌੜੀ ਖਿੱਚ ਘੱਤੀ, ਹੱਡ ਗੋਡੇ ਰਾਂਝਿਆ ਤੁੜਵਾਈਆਂ ਈ
ਹਾਰ ਤੇਰੀ ਰਾਂਝਣਾ ਜਿੱਤ ਸੈਦੇ, ਢੋਲ ਵਜਾ ਕੇ ਪਾਈ ਕੁੜਮਾਈਆਂ ਈ
ਤੇਰੇ ਚਿੱਤ ਇਸ਼ਕ ਦੀ ਅੱਗ ਮਚੇ, ਵੇਖ ਖੇੜਿਆਂ ਮਿਲਣ ਵਧਾਈਆਂ ਈ
ਬਾਹੋਂ ਫੜ ਕੇ ਪਿੰਡ ਚੋਂ ਕੱਢ ਦੇਸਣ, ਕਿਸ ਦੇਸ ਨੂੰ ਹੋਸਣ ਚੜ੍ਹਾਈਆਂ ਈ
ਜਾਹ ਵੇਖ ਲੈ ਹੀਰ ਸੰਗਾਰ ਕੀਤਾ, ਸੱਗੀ ਫੁੱਲ ਪੈਰ ਪੰਜੇਬਾਂ ਪਾਈਆਂ ਈ
ਅੱਜ ਲੁੱਟ ਗਿਆ ਧੀਦੋ ਬਾਗ ਤੇਰਾ, ਜਿੱਥੇ ਭਰ ਭਰ ਮੱਛਕਾਂ ਪਾਈਆਂ ਈ
ਨਾ ਸੋਚਿਆ ਹਾਣ ਤੇ ਲਾਭ ਕੀ ਏ, ਉਮੀਦਾਂ ਸੱਚੇ ਰੱਬ ਵੱਲ ਲਾਈਆਂ ਈ
ਆਖਿਆ ਭਾਬੀਆਂ ਆਇਆ ਅੱਗੇ, ਵੇਖਾਂ ਹੀਰ ਵਿਆਹ ਲਿਆਈਆਂ ਈ
ਹੀਰੇ ਟੁਰ ਗਈ ਤੂੰ ਛੱਡ ਕੇ ਸਾਥ ਮੇਰਾ, ਧੀਦੋ ਰਾਂਝੇ ਪਾਈ ਦੁਹਾਈਆਂ ਈ
ਜੇ ਦੇਣੀ ਸੀ ਪਿੱਠ ਤੂੰ ਯਾਰ ਤਾਈਂ, ਲਾਰੇ ਲਾ ਕਿਉਂ ਮੱਝੀਂ ਚਰਾਈਆਂ ਈ
ਮੈਂ ਵੀ ਪੁੱਤ ਹਾਂ ਮੌਜੂ ਜੱਟ ਦਾ ਨੀ, ਜਿਹਨੇ ਵੱਡੀਆਂ ਜ਼ਮੀਨਾਂ ਪਾਈਆਂ ਈ
ਛੱਡ ਆਇਆ ਭਾਈ ਭਰਜਾਈਆਂ ਨੂੰ, ਤੇਰੇ ਲਈ ਔਕੜਾਂ ਪਾਈਆਂ ਈ
ਚੁੱਪ ਬੈਠ ਕੇ ਧੀਦੋ ਵਿਚਾਰਦਾ ਈ, ਅੱਖਾਂ ਸੱਚੇ ਰੱਬ ਵੱਲ ਲਾਈਆਂ ਈ
ਪੈਣ ਔਕੜਾਂ ਤੇ ਰੱਬ ਆਵੇ ਚੇਤੇ, ਉਵੇਂ ਆਸ਼ਿਕੀ ਹੀਰ ਸੰਗ ਲਾਈਆਂ ਈ
ਇਸ ਪਿੰਡ ਮੇਰਾ ਹੁਣ ਕੀ ਰਿਹਾ, ਬਣਤਾਂ ਜਾਣ ਦੀ ਰਾਂਝੇ ਬਣਾਈਆਂ ਈ
ਕਿਸੇ ਖੂਹ ਟੋਭੇ ਜਾ ਡੁੱਬ ਸਾਂ ਮੈਂ, ਕਿਵੇਂ ਝੱਲਾਂ ਤਰਕਾਂ ਹੀਰ ਲਾਈਆਂ ਈ
ਰਹੇ ਆਪਣੇ ਘਰ ਹੀਰ ਰਾਜ਼ੀ, ਅਸਾਂ ਆਪਣੀ ਕੀਤੀਆਂ ਪਾਈਆਂ ਈ
ਪਤਾ ਹੁੰਦਾ ਰੰਨ ਵਾਧਾ ਖ਼ਾਰ ਹੋਸੀ, ਅਸਾਂ ਕਦੀ ਨ ਯਾਰੀਆਂ ਲਾਈਆਂ ਈ



## 00

ਦਿਨ ਆਇਆ ਖੇੜੀਂ ਬਾਰਾਤ ਚੜ੍ਹੀ, ਕਾਣੇ ਸਿਹਰਾ ਮੁੱਖ ਤੇ ਪਾਇਆ ਏ
ਕਿਹਾ ਰਸਮ ਰਿਵਾਜ ਜੱਗ ਰਚਿਆ, ਕਾਣਾ ਸਿਹਰੇ ਪਿੱਛੇ ਛੁਪਾਇਆ ਏ
ਸਹਿਤੀ ਭੈਣ ਪਿੱਛੇ ਝੱਲੇ ਪੱਖੀ, ਮਾਰ ਝੱਲਾਂ ਪਸੀਨਾ ਸਿਰੋਂ ਸੁਕਾਇਆ ਏ
ਰਸਮ ਰਿਵਾਜ ਨਾ ਐਵੇਂ ਬਣਦੇ, ਰਾਜ਼ ਸਾਜ਼ ਸਾਰਾ ਰਸਮਾਂ ਛੁਪਾਇਆ ਏ
ਰਥ ਗੱਡੇ ਘੋੜੀਆਂ ਚੜ੍ਹੇ ਬਾਰਾਤੀ, ਜਿਵੇਂ ਦਲ ਮੁਗਲਾਂ ਦਾ ਆਇਆ ਏ
ਧੂੜਾਂ ਉਡਦੀਆਂ ਕੱਚਿਆਂ ਰ੍ਹਾਵਾਂ ਤੇ, ਜਿਵੇਂ ਨ੍ਹੇਰੀਆਂ ਘੱਟਾ ਉਡਾਇਆ ਏ
ਜੰਞ ਸਿਆਲੀ ਦਰਵਾਜੇ ਆ ਢੁਕੀ, ਵਚੋਲੇ ਕੁੜਮਾਂ ਦਾ ਮੇਲ ਕਰਾਇਆ ਏ
ਹੋਈ ਮਿਲਣੀ ਕੁੜਮਾਂ ਕੁੜਮਣੀਆਂ, ਮਾਮੇ ਮਾਮੀਆਂ ਮੇਲ ਕਰਾਇਆ ਏ
ਵੱਡੀ ਜੰਞ ਜਿਹਦੀ ਵੱਡਾ ਪਰਵਾਰ ਹੋਵੇ, ਬਹੁ ਗਿਣਤੀ ਜੱਗ ਡਰਾਇਆ ਏ
ਇਹ ਰਸਮ ਬਣੀ ਸੱਤਾ ਵੇਖਣ ਥੀਂ, ਵੱਡੇ ਕੋੜਮੇਂ ਨ ਧਾੜਵੀ ਧਾਇਆ ਏ
ਰਸਮ ਰਿਵਾਜ ਬਣਾਏ ਸਿਆਣਿਆਂ ਨੇ, ਸਮੇਂ ਸਮੇਂ ਤੇ ਲਾਭ ਉਠਾਇਆ ਏ
ਸਾਰੇ ਪਿੰਡ ਖਬਰ ਪਹੁੰਚਾ ਦਿੱਤੀ, ਮੰਜਾ ਬਿਸਤਰਾ ਦੁੱਧ ਕੱਠਾ ਕਰਾਇਆ ਏ
ਖੋਲ੍ਹੀ ਧਰਮਸਾਲ ਬਾਰਾਤ ਜਾ ਉਤਰੀ, ਮੰਜੀ ਨਾਲ ਮੰਜਾ ਜੋੜ ਡਾਹਿਆ ਏ
ਚਾਹ ਪਾਣੀ ਸ਼ਰਾਬਾਂ ਚੱਲਣ ਸ਼ਾਮੀਂ, ਕੰਜਰੀਆਂ ਦਾ ਨਾਚ ਨਚਾਇਆ ਏ
ਸਮੇਂ ਸਮੇਂ ਦੇ ਰਸਮ ਰਿਵਾਜ਼ ਵੱਖਰੇ, ਜਿਵੇਂ ਭਾਵੇ ਜਸ਼ਨ ਮਨਾਇਆ ਏ
ਆਈ ਰਾਤ ਖਾਣ ਦਾ ਸਮਾਂ ਆਇਆ, ਬੂਰਾ ਘਿਓ ਬਰਾਤੀਆਂ ਪਾਇਆ ਏ
ਸ਼ਰਾਬ ਪੀ ਕੇ ਜੱਟਾਂ ਮਨਾਏ ਜਸ਼ਨ, ਜਾਵੀਂਆਂ ਰੱਜ ਕੇ ਭੰਗੜਾ ਪਾਇਆ ਏ
ਤਾਰਾ ਚੜ੍ਹਿਆ ਪਹਿ ਫੁੱਟੀ, ਚਿੜੀ ਚੂਕੀ ਪੰਛੀਆਂ ਛੋਰ ਮਚਾਇਆ ਏ
ਪਹਿਲਾਂ ਕੁੱਕੜ ਫਿਰ ਮੁੱਲਾਂ ਬਾਂਗ ਦਿੱਤੀ, ਅੱਲਾ ਹੂ ਦਾ ਨ੍ਹਾਰਾ ਲਾਇਆ ਏ
ਬਰਾਤੀ ਉਠ ਕੇ ਗਏ ਗੁਸਲਖਾਨੇ, ਚਾਹ ਪਾਣੀ ਦਾ ਦੌਰ ਚਲਾਇਆ ਏ
ਸੱਦ ਪੰਡਤ ਚੂਚਕ ਪੁਆਏ ਫੇਰੇ, ਅਗਨੀ ਦੇਵਤਾ ਸਾਕਸ਼ੀ ਬਣਾਇਆ ਏ
ਸੁਖ ਚੈਨ ਸੰਗ ਰਸਮ ਅਦਾ ਕੀਤੀ, ਹਵਨ ਪੰਡਤ ਘਿਓ ਦਾ ਪਾਇਆ ਏ
ਪੰਡਾਲ ਚ ਮਹਿਕ ਫੈਲਾ ਦਿੱਤੀ, ਮੇਲ, ਬਾਰਾਤੀਆਂ ਮਜ਼ਾ ਚਖਾਇਆ ਏ
ਹੀਰ ਖੇੜਿਆਂ ਦੀ ਝੋਲੀ ਪਾ ਦਿੱਤੀ, ਸਜੇ ਰਥ ਚ ਉਹਨੂੰ ਬਠਾਇਆ ਏ
ਅੱਜੂ ਜੱਟ ਰਥ ਉਤੋਂ ਵਾਰ ਪੈਸੇ, ਥੈਲਾ ਪੈਸਿਆਂ ਦਾ ਖਾਲੀ ਕਰਾਇਆ ਏ
ਸੱਠ ਸਹੇਲੀਆਂ ਸਿੱਠਣੀ ਦੇਣ ਤ੍ਹਾਨੇ, ਮੁੜ ਮੁੜ ਕਾਣਾ ਨਾਂ ਦੁਹਰਾਇਆ ਏ
ਆਖਣ ਸ਼ਰਮ ਹਯਾ ਨਾ ਕਾਣੇ ਥੀਂ, ਹੀਰ ਪਰੀ ਸੰਗ ਵਿਆਹ ਕਰਾਇਆ ਏ
ਵਿਆਹ ਕਰ ਕੇ ਬਾਰਾਤ ਵਿਦਾ ਕੀਤੀ, ਚੂਚਕ ਰੱਬ ਦਾ ਸ਼ੁਕਰ ਮਨਾਇਆ ਏ

## 00

ਪਰੀਆਂ ਦੀ ਰਾਣੀ ਹੀਰ ਸਲੇਟੀ, ਕਾਣੇ ਸੈਦੇ ਨੂੰ ਲੋਕੋ ਵਿਆਹ ਦਿੱਤੀ
ਨਾ ਮੇਲੀਆਂ ਨਾ ਜਾਂਞੀਆਂ ਉਜਰ ਕੀਤਾ, ਟੱਲੀ ਉਠੱ ਦੇ ਗਲ ਪਾ ਦਿੱਤੀ
ਭੈੜੇ ਮਾਪਿਆਂ ਤਰਸ ਨਾ ਕੀਤਾ ਮਾਸਾ, ਹੀਰ ਕਾਣੇ ਦੀ ਝੋਲੀ ਪਾ ਦਿੱਤੀ
ਕਿੱਥੇ ਹੀਰ ਸਿਆਲ ਕਿੱਥੇ ਕਾਣਾ ਸੈਦਾ, ਰੱਬਾ ਜੋੜੀ ਕਿਵੇਂ ਮਿਲਾ ਦਿੱਤੀ
ਬੈਂਸ ਪਿਛਲੇ ਜਨਮ ਦਾ ਨਾਤਾ ਸੂ, ਖੱਟੀ ਵੱਟੀ ਸਭ ਝੋਲੀ ਚ ਪਾ ਦਿੱਤੀ
ਸਭ ਖੱਟਿਆ ਵੱਟਿਆ ਆਵੇ ਅੱਗੇ, ਸੱਚੇ ਰੱਬ ਇੰਞ ਬਣਤ ਬਣਾ ਦਿੱਤੀ
ਚੁਰਾ ਨੈਣ ਤੱਕੇ ਹੀਰ ਸੇਦੇ, ਰੱਬਾ ਕਿਹੜੇ ਕਰਮ ਦੀ ਮੈਨੂੰ ਸਜ਼ਾ ਦਿੱਤੀ
ਲੋਕੋ ਮੰਗ ਸਾਂ ਮੈਂ ਰਾਂਝਣੇ ਦੀ, ਜੋੜੀ ਬਾਰਾਂ ਸਾਲ ਦੀ ਤੰਦ ਤੁੜਾ ਦਿੱਤੀ
ਟੁੱਟੀ ਤੰਦ ਜੁੜਦੀ ਏ ਗੰਢ ਪੈ ਕੇ, ਪਈ ਗੰਢ ਨੇ ਰੋੜੀ ਅਟਕਾ ਦਿੱਤੀ
ਜੋੜੀ ਸਾਰਸਾਂ ਬੈਂਸ ਨਖੇੜ ਘੱਤੀ, ਸੱਚੇ ਰੱਬ ਨੇ ਭੀ ਨਾ ਪਰਵਾਹ ਕੀਤੀ
ਧੀ ਵਿਦਾ ਕਰ ਆਖਿਆ ਧੀਦੋ ਥੀਂ, ਗਠੜੀ ਦਾਜ ਦੀ ਚੂਚਕ ਫੜਾ ਦਿੱਤੀ
ਚੂਚਕ ਆਖਿਆ ਖੇੜੀਂ ਛੱਡ ਆਵੀਂ, ਰਾਹ ਥੇਹ ਨਾ ਕੋਈ ਸਲਾਹ ਦਿੱਤੀ
ਆਖ ਸੱਤ ਬਚਨ ਸਾਈਂ ਮੇਰੇ, ਗਠੜੀ ਦਾਜ ਦੀ ਧੀਦੋ ਸਿਰ ਚਾ ਲਿੱਤੀ
ਰੰਨ ਖੋਹ ਲਈ ਵੇਖੋ ਚਿੱਤ ਉਹਦਾ, ਰਾਂਝੇ ਜ਼ਰਾ ਨਾ ਚਿੱਤ ਦੀ ਭਾ ਦਿੱਤੀ
ਚਲੋ ਚਾਲ ਟੁਰ ਬਾਰਾਤ ਮਗਰੇ, ਗਠੜੀ ਦਾਜ ਦੀ ਖੇੜੀਂ ਪਹੁੰਚਾ ਦਿੱਤੀ
ਤੱਕ ਹੀਰ ਨੂੰ ਬੱਧੀ ਘਰ ਖੇੜਿਆਂ ਦੇ, ਅੱਗ ਸੀਨੇ ਚ ਰਾਂਝੇ ਦੇ ਲਾ ਦਿੱਤੀ
ਪਿੱਛੇ ਆਇਆ ਛੱਡ ਯਾਰ ਤਾਈਂ, ਪਲਕੋਂ ਸਾਹਮਣੇ ਹੀਰ ਗੁਆ ਦਿੱਤੀ
ਦੂਰ ਅੱਖੀਓਂ ਆਸ਼ਿਕ ਮਾਸ਼ੂਕ ਹੋ ਗਏ, ਗੱਲ ਆਖਰੀ ਬੈਂਸ ਮੁਕਾ ਦਿੱਤੀ
ਰੱਬਾ ਲੁੱਟ ਗਿਆ ਅੱਜ ਸੰਸਾਰ ਮੇਰਾ, ਕਿਹੜੇ ਜ਼ੁਲਮ ਦੀ ਤੂੰ ਸਜ਼ਾ ਦਿੱਤੀ
ਜਿਨ੍ਹਾਂ ਜੂਹਾਂ ਚ ਨਿੱਤ ਖੇਡ੍ਹਦਾ ਸੈਂ, ਅੱਜ ਉਨ੍ਹਾਂ ਭੀ ਸ਼ਕਲ ਬਦਲਾ ਲਿੱਤੀ
ਗਾਈਆਂ ਮੱਝੀਆਂ ਖਲੋਤੀ ਕੰਨ ਸੁੱਟੀ, ਅੱਜ ਉਨ੍ਹਾਂ ਵੀ ਢੇਰੀ ਢਾ ਦਿੱਤੀ
ਵੱਜੇ ਵੰਝਲੀ ਨਾ ਰਾਂਝਾ ਨਜ਼ਰ ਆਵੇ, ਪਸੂ ਪੰਛੀਆਂ ਜੂਹ ਕੁਰਲਾ ਦਿੱਤੀ
ਕਿੱਥੇ ਟੁਰ ਗਏ ਸਾਥੀ ਵਾਗੀ ਸਾਰੇ, ਨਾ ਮੋਢਾ ਨਾ ਕਿਸੇ ਨੇ ਬਾਂਹ ਦਿੱਤੀ
ਧੀਦੋ ਲੁੱਟ ਗਿਆ ਸਰੇ ਬਾਜ਼ਾਰ ਲੋਕੋ, ਅਹਿਲਕਾਰਾਂ ਭੀ ਨਾ ਧਾ ਦਿੱਤੀ
ਚੋਰੀ ਜਾਰੀਆਂ ਸੁਣੀਦੀ ਰਾਤ ਬਰਾਤੀਂ, ਖੜ੍ਹੇ ਦਿਨ ਲੁੱਟ ਮਚਾ ਦਿੱਤੀ
ਕੀ ਕਰੇ ਵਿਚਾਰਾ ਕੌਣ ਭਰੇ ਹ੍ਹਾਂਮੀ, ਰਾਂਝੇ ਮਾਰ ਸਿਆਲੀਂ ਧਾ ਦਿੱਤੀ



## 00

ਸਾਇਆ ਉਠੱ ਗਿਆ ਧੀਦੋ ਰਾਂਝੇ ਦਾ, ਕਿੱਥੇ ਹੋਸੀ ਔਸੀਆਂ ਪਾਵੰਦੀ ਏ
ਅੱਖੀਆਂ ਖੁਲ੍ਹੀਆਂ ਲੈ ਸੁਫਨੇ, ਸੁਹਣੇ ਯਾਰ ਸੰਗ ਇਸ਼ਕ ਲੜਾਵੰਦੀ ਏ
ਦੁਖ ਧੀਦੋ ਦਾ ਆਪਣਾ ਜਾਣ ਤੱਤੀ, ਸੀਨੇ ਆਪਣੇ ਲਾਟ ਜਗਾਉਂਦੀ ਏ
ਜੋੜੀ ਵਿੱਛੜ ਗਈ ਸਾਰਸਾਂ ਦੀ, ਯਾਰ ਵਿੱਛੜੇ ਤਾਈਂ ਚਿਤਾਵੰਦੀ ਏ
ਜੱਗ ਜਾਣਦਾ ਹੀਰ ਵਿਆਹੀ ਕਾਣੇ, ਕਿਸੇ ਭੀ ਸ਼ਰਮ ਨਾ ਆਵੰਦੀ ਏ
ਸ਼ਰ੍ਹਾ ਨ ਕਿਸੇ ਮੁਆਫ ਕਰਦੀ, ਆਖ ਆਪਣਾ ਮਨ ਸਮਝਾਉਂਦੀ ਏ
ਵਾਂਗ ਕਾਜ਼ੀਆਂ ਜੱਗ ਇਨਸਾਫ ਕਰੇ, ਮਨ ਆਇਆ ਫੈਸਲਾ ਸੁਣਾਵੰਦੀ ਏ
ਕੀ ਮਿਲੇਗਾ ਮਾਰ ਕੇ ਮੋਇਆ ਨੂੰ, ਸੱਚੇ ਰੱਬ ਕੋਲ ਵਾਸਤੇ ਪਾਉਂਦੀ ਏ
ਬੇਕਰਮਾਂ ਤੇ ਦਾਤਿਆ ਕਰਮ ਕਰਦੇ, ਸੁੱਖ ਰਾਂਝੇ ਦੀ ਦੁਆ ਮੰਗਾਵੰਦੀ ਏ
ਕਿੱਥੇ ਹੋਸੀ ਯਾਰ ਭੁੱਖਾ ਭਾਣਾ, ਅੱਜ ਚੂਰੀ ਨਾ ਮਾਹੀ ਨੂੰ ਥਿਆਵੰਦੀ ਏ
ਕਿੱਥੇ ਟੁਰ ਗਿਆ ਅੱਜ ਯਾਰ ਮੇਰਾ, ਹੀਰ ਮਾਸਾ ਸਮਝ ਨ ਆਵੰਦੀ ਏ
ਮੁੱਕ ਗਈ ਨੈਣਾਂ ਦੀ ਸਿਆਹੀ, ਇਲਜ਼ਾਮ ਭੈੜੇ ਮਾਪਿਆਂ ਤੇ ਲਾਵੰਦੀ ਏ
ਲੱਗੇ ਇਸ਼ਕ ਦੇ ਦਾਗ ਨ ਮਿਟਦੇ ਈ, ਲੱਗੀ ਅੱਖੀਆਂ ਤਾਈਂ ਛੁਪਾਵੰਦੀ ਏ
ਹੋਵੇ ਚੁਗਲਖੋਰ ਦਾ ਚਿੱਤ ਮਾੜਾ, ਭੈੜੇ ਕੈਦੋ ਤਾਈਂ ਪਈ ਸੁਣਾਵੰਦੀ ਏ
ਅੰਤ ਚੁਗਲਖੋਰ ਦਾ ਹੋਵੇ ਭੈੜਾ, ਸਜ਼ਾ ਦੇਣ ਲਈ ਰੱਬ ਧਿਆਵੰਦੀ ਏ
ਰੱਬਾ ਮੁਆਫ ਨਾ ਕਰੀਂ ਲੰਙੇ ਕੂ, ਦੂਜੀ ਲੱਤ ਦੀ ਸਜ਼ਾ ਮੰਗਾਵੰਦੀ ਏ
ਅੱਖਾਂ ਬੰਦ ਕਰ ਯਾਰ ਨੂੰ ਕਰੇ ਚੇਤੇ, ਜਿਵੇਂ ਰੱਬ ਦਾ ਨਾਂ ਧਿਆਵੰਦੀ ਏ
ਇਸ਼ਕ ਆਸ਼ਕੀ ਰੱਬ ਦੀ ਦਾਤ ਯਾਰੋ, ਸਾਰੇ ਜੱਗ ਕੂ ਆਖ ਸੁਣਾਵੰਦੀ ਏ
ਪਿੱਛੇ ਛੱਡ ਕਾਜ਼ੀਆਂ ਪੰਡਿਤਾਂ ਥੀਂ, ਕਿੱਸਾ ਹਰਿ ਦਰਗਾਹ ਲੈ ਜਾਵੰਦੀ ਏ
ਜਦੋਂ ਕਿਤੇ ਨ ਕਿਸੇ ਦਾ ਵਾਹ ਚੱਲੇ, ਸੱਚੇ ਰੱਬ ਦੀ ਯਾਦ ਫਿਰ ਆਵੰਦੀ ਏ
ਰੱਬਾ ਸੁਣ ਲੈ ਅੱਜ ਪੁਕਾਰੀ ਮੇਰੀ, ਇਕ ਮਨ ਇਕ ਚਿੱਤ ਧਿਆਵੰਦੀ ਏ
ਭਲਾ ਕੀ ਵਗਾੜਿਆ ਅਸਾਂ ਤੇਰਾ, ਤੈਨੂੰ ਕਿਉਂ ਇਸ਼ਕ ਨਹੀਂ ਭਾਵੰਦੀ ਏ
ਰੱਬਾ ਆਖਦੇ ਮੁੜ ਮਿਲਾਪ ਹੋਸੀ, ਸੱਚੇ ਰੱਬ ਕੋਲ ਤਰਲੇ ਹੀਰ ਪਾਵੰਦੀ ਏ
ਰੱਬਾ ਸੁਫਨੇ ਚ ਯਾਰ ਮਿਲਾ ਮੇਰਾ, ਮੇਰੀ ਜਾਨ ਨਿਕਲਦੀ ਜਾਵੰਦੀ ਏ
ਹੀਰੇ ਤੂੰ ਤੇ ਸਹੁਰੇ ਘਰ ਜਾ ਬੈਠੀ, ਚਿੱਤ ਰਾਂਝੇ ਚਿਤਵਣੀ ਲਾਵੰਦੀ ਏ
ਕਿੱਥੇ ਜਾਵੇ ਹੀਰ ਦੇ ਬਾਝੋਂ ਰਾਂਝਾ, ਧੀਦੋ ਸਮਝ ਮਾਸਾ ਨਾ ਆਵੰਦੀ ਏ

## 00

ਪਿਆ ਸੋਚਦਾ ਹੋਇ ਦਿਲਗ਼ੀਰ ਰਾਂਝਾ, ਕੀ ਕਰੇ ਕਿਹੜੇ ਖੂਹ ਡੁੱਬ ਜਾਵੇ
ਨਦੀ ਵਗਦੀ ਉਤੋਂ ਕਿਨਾਰਿਆਂ ਦੇ, ਧੀਦੋ ਵਿਚ ਝਨਾ ਦੇ ਕੁੱਦ ਜਾਵੇ
ਕਿਵੇਂ ਮੂੰਹ ਵਖਾਵੇ ਭਾਬੀਆਂ ਨੂੰ, ਤੀਰ ਮਾਰਿਆ ਜਿਗਰ ਚ ਖੁਭ ਜਾਵੇ
ਨੰਗੇ ਲੋਕਾਂ ਦੀ ਨੰਗੀ ਰੂਹ ਹੋਵੇ, ਬੋਲ ਸੂਲਾਂ ਵਾਕਣ ਚਿੱਤ ਚ ਚੁਭ ਜਾਵੇ
ਰੰਨ ਕੱਚੀ ਦੀ ਕੱਚੀ ਜ਼ਬਾਨ ਹੋਵੇ, ਖੱਟਾ ਸੁਆਦ ਆਵੇ ਕੱਚਾ ਫਲ ਖਾਵੇ
ਵਚਨ ਦੇ ਕੇ ਕਦੀ ਨ ਕਰੇ ਪੂਰਾ, ਗੱਲ ਆਖ ਕੇ ਪੈਰ ਤੇ ਬਦਲ ਜਾਵੇ
ਲੋਕੋ ਨੈਣ ਲੜਾਉਣਾ ਸੌਖਾ ਈ, ਕੀਤਾ ਕੌਲ ਨਿਭਾਉਣਾ ਔਖਾ ਹੋ ਜਾਵੇ
ਜ਼ੁਬਾਨ ਕੱਚੀ ਦੂਜੀ ਨਿਰਬਲ ਨਾਰੀ, ਲਾ ਪੁਗਾਉਣਾ ਨਾ ਸੌਖਾ ਹੋ ਪਾਵੇ
ਤੀਜੇ ਕੱਟਣ ਗੁਲਾਮੀਂ ਮਰਦਾਂ ਦੀ, ਚੌਥੇ ਨਾਰੀ ਹੁਸਨ ਚ ਖੋ ਜਾਵੇ
ਮਰਦ ਥੀਂ ਸਮਝ ਤਦੋਂ ਆਵੇ, ਜਦੋਂ ਧੀ ਵਿਆਹੁਣ ਵਾਲੀ ਹੋ ਜਾਵੇ
ਭੈੜੇ ਤੱਕਦੇ ਨਾਰ ਪਰਾਈਆਂ ਈ, ਨੀਚ ਆਖ ਕੇ ਨਿੱਤ ਸੁਣਾਈ ਜਾਵੇ
ਪਿਆਰ ਮਾਂ ਦਾ ਲਾਡ ਲਡਾ ਪੁੱਤ, ਲਾਡੋ ਮਾਂ ਦਾ ਲਾਭ ਉਠਾਈ ਜਾਵੇ
ਜੱਗ ਜਾਣਦਾ ਨਰਾਂ ਦੀ ਮਾਂ ਨਾਰੀ, ਵੱਡਾ ਹੋ ਕੇ ਉਹਨੂੰ ਧਮਕਾਈ ਜਾਵੇ
ਜਨਮੇ ਮੁਹੰਮਦ ਮੁਰਾਰੀ ਨਾਨਕ, ਉਨ੍ਹਾਂ ਕੋਲੋਂ ਹੀ ਨੀਚ ਸਦਾਈ ਜਾਵੇ
ਬਚਪਨ ਬਾਲਕ ਦੀ ਮਾਂ ਪਾਕ ਹੋਵੇ, ਵੱਡੇ ਹੋ ਕੇ ਹੱਥਾਂ ਨਚਾਈ ਜਾਵੇ
ਕਿਹੋ ਜਿਹਾ ਜੱਗ ਇਨਸਾਫ ਲੋਕੋ, ਮਰਦ ਮਾਂ ਥੀਂ ਨੀਚ ਬਣਾਈ ਜਾਵੇ
ਜਿਹੜੀ ਅੱਜ ਕੁੜੀ ਕੱਲ੍ਹ ਹੋਵੇ ਬੁੜ੍ਹੀ, ਬੁੜ੍ਹੀ ਨਾਰ ਨ ਨਰ ਦੇ ਵਸ ਆਵੇ
ਵਿਚ ਗੁਲਾਮੀਂ ਜ਼ਮਾਨਾ ਵੇਖਿਆ ਈ, ਬੁੱਢੀ ਨਾਰ ਨ ਮਾਸਾ ਤਰਸ ਖਾਵੇ
ਝੂਠਾ ਇਕ ਨਹੀਂ ਝੂਠਾ ਜੱਗ ਸਾਰਾ, ਮਾਇਆ ਮਾਈ ਕਿਸੇ ਨ ਵਸ ਆਵੇ
ਖੂਹ ਟੋਭਾ ਨਹੀਂ ਡੁੱਬਣੇ ਨੂੰ, ਬੈਂਸ ਦੱਸ ਵਿਚਾਰਾ ਧੀਦੋ ਕਿੱਥੇ ਨੱਸ ਜਾਵੇ
ਸਾਜ ਮਾਇਆ ਜੱਗ ਗੁਮਰਾਹ ਕੀਤੋ, ਕੋਈ ਹੋਰ ਨ ਰੱਬ ਨੂੰ ਪੁੱਜ ਜਾਵੇ
ਰਾਤ ਢਲ ਗਈ ਪੰਛੀਆਂ ਸ਼ੋਰ ਪਾਇਆ, ਕੀ ਕਰੇ ਧੀਦੋ ਨ ਬੁੱਝ ਪਾਵੇ
ਭੈੜਾ ਡੂੰਘੀਆਂ ਸੋਚਾਂ ਚ ਡੁੱਬਿਆ ਈ, ਬੈਂਸ ਕਿੱਥੇ ਵਿਚਾਰਾ ਭੱਜ ਜਾਵੇ
ਘਰ ਦਰ ਨਾ ਰਿਹਾ ਯਾਰ ਸੋਈ, ਜਿਹੜੇ ਲਈ ਰੰਝੇਟਾ ਵੱਗ ਚਰਾਵੇ
ਦਿਲ ਬੇਚੈਨ ਤੇਹ ਭੁੱਖ ਮਰ ਗਈ, ਖੂਹ ਟੋਭੇ ਧੀਦੋ ਅੱਜ ਡੁੱਬ ਜਾਵੇ



## 00

ਸੀਨੇ ਲੱਗੀਆਂ ਨ ਜਾਂਦੀਆਂ ਬੁਝਾਈਆਂ, ਅੱਖੀਆਂ ਚ ਤੂੰ ਵਸਦਾ
ਡੁੱਲ੍ਹੀ ਪਲਕਾਂ ਨਾ ਜਾਂਦੀਆਂ ਛੁਪਾਈਆਂ, ਛਮ ਛਮ ਮੀਂਹ ਵਸਦਾ

ਚਾਕ ਸਿਆਲ ਚਰਾਵੇ ਮੱਝੀਂ, ਨਿੱਤ ਭੱਤਾ ਹੀਰ ਲਿਆਵੇ
ਚੋਰੀ ਛਿਪੇ ਕੁੱਟ ਚੂਰੀਆਂ, ਮੂੰਹ ਚਾਕ ਬੁਰਕੀਆਂ ਪਾਵੇ
ਲਿਖੇ ਲੇਖ ਵਿਧਾਤਾ ਨੇ, ਲਿਖੀਆਂ ਨਾ ਜਾਣ ਮਿਟਾਈਆਂ
ਮੂੰਹ ਹੀਰ ਸਲੇਟੀ ਖੋਲ੍ਹੇ, ਦਿਲ ਚੋਂ ਧੀਦੋ ਰਾਂਝਾ ਬੋਲੇ
ਆ ਮਾਹੀ ਗਲ ਲਾ ਮਾਹੀ, ਤੱਤੀ ਚਿੱਤ ਯਾਰ ਨੂੰ ਟੋਲੇ
ਮਾਹੀ ਮੇਰੇ ਜੀ ਚ ਵਸਦਾ, ਨਿੱਤ ਖੇਡ੍ਹੇ ਛਾਈਆਂ ਮਾਈਆਂ
ਪਾ ਪਾ ਨਿੱਤ ਗਲਵੱਕੜੀਆਂ, ਇਕ ਮਿਕ ਦੋਵੇਂ ਹੋ ਗਏ
ਆਵਾਜ਼ ਹੀਰ ਵਚਨ ਰਾਂਝਾ, ਤੱਤੇ ਇਕ, ਦੋ ਤੋਂ ਹੋ ਗਏ
ਸੱਚੇ ਰੱਬ ਦੀ ਸੱਚ ਕਮਾਈ, ਜਿਸ ਪਲਕਾਂ ਜੋੜ ਮਿਲਾਈਆਂ
ਘਰ ਦਰ ਛੱਡਿਆ ਰਾਂਝੇ ਨੇ, ਵਸਿਆ ਵਿਚ ਸਿਆਲੀ
ਸੈਦਾ ਹੀਰ ਵਿਆਹ ਲੈ ਗਿਆ, ਰਾਂਝਾ ਰਹਿ ਗਿਆ ਖਾਲੀ
ਖਾਲੀ ਆਇਆ ਖਾਲੀ ਜਾਣਾ, ਪਾਵੇ ਬੈਂਸ ਦੁਹਾਈਆਂ
ਭਾਣਾ ਬਰਤਿਆ ਰੱਬ ਦਾ, ਟੁੱਟ ਗਈ ਸਾਰਸਾਂ ਜੋੜੀ
ਬਾਝ ਪਿਆਰੇ ਮਰ ਜਾਸਾਂ, ਬੈਂਸ ਲਿਖੀ ਕਿਸੇ ਨ ਮੋੜੀ
ਰੱਬ ਦੀਆਂ ਰੱਬ ਜਾਣੇ, ਜੋ ਸੁਣੀਆਂ ਆਖ ਸੁਣਾਈਆਂ
ਆਪੇ ਯਾਰ ਸਹੇੜਿਆ ਸੂ, ਆਪੇ ਪਾਇਆ ਬਖੇੜਾ
ਚੋਰਾਂ ਥੀਂ ਮੋਰ ਪੈ ਗਏ, ਲੁੱਟ ਲੈ ਗਿਆ ਸੈਦਾ ਖੇੜਾ
ਮਾਪੇ ਅੜਿਓ ਹੋਣ ਪਰਾਏ, ਜਦੋਂ ਧੀਆਂ ਜਾਣ ਵਿਆਹੀਆਂ
ਯਾਦ ਵਿਛੜੇ ਸੱਜਣ ਦੀ ਆਈ, ਦਿਲ ਦਾ ਕਰਾਰ ਖੋ ਗਿਆ
ਯਾਦਾਂ ਆਈਆਂ ਆਈਆਂ, ਪਲਕਾਂ ਤੋਂ ਯਾਰ ਦੂਰ ਹੋ ਗਿਆ
ਅੱਖੀਆਂ ਚੋਂ ਮੀਂਹ ਵਸਦਾ, ਖੌਰੇ ਮੁੱਕਣੀ ਕਦੋਂ ਜੁਦਾਈਆਂ
ਇਸ਼ਕ ਯਾਰ ਦੀ ਫਿਤਰਤ, ਰੱਬ ਮਿਲਦਾ ਯਾਰ ਮਨਾ ਕੇ
ਇਸ਼ਕ ਬਾਝੋਂ ਰੱਬ ਨ ਮੰਨੇਂ, ਲੋਕੋ ਵੇਖ ਲਓ ਅਜਮਾ ਕੇ
ਪੌੜੀ ਇਸ਼ਕ ਦੀ ਔਖੀ ਏ, ਰੱਬ ਦੇਵੇ ਕੜੀ ਸਜਾਈਆਂ
ਇਸ਼ਕ ਚ ਜੱਗ ਬਣਾਇਆ, ਰੱਬ ਇਸ਼ਕ ਚ ਵਸਦਾ
ਨੇਣ ਮਿਲਾ ਕੇ ਨੈਣ ਚੁਰਾਵੇ, ਭੇਦ ਨਾ ਆਪਣਾ ਦੱਸਦਾ
ਜੋੜ ਜੇ ਵਿਛੋੜਨਾ ਸੀ, ਅੱਖੀਆਂ ਸੱਜਣ ਕਾਹਨੂੰ ਲਾਈਆਂ

## 00

ਜੰਞ ਜਦੋਂ ਬਹੁੜੀ ਮੁੜ ਖੇੜੇ, ਕੁੜੀਆਂ ਚਿੜੀਆਂ ਗੀਤ ਗਾਉਣ ਲੱਗੀ
ਹੀਰ ਵਿਆਹ ਲਿਆਇਆ ਵੀਰ ਸਾਡਾ, ਰੱਬ ਦਾ ਸ਼ੁਕਰ ਮਨਾਉਣ ਲੱਗੀ
ਸ਼ੱਕਰ ਘਿਓ ਪਰਾਤ ਲੱਡੂਆਂ ਚੋਂ, ਸਹਿਤੀ ਭਾਬੀ ਦੇ ਮੂੰਹ ਪਾਉਣ ਲੱਗੀ
ਨਾ ਮੂੰਹ ਖੋ੍ਲੇ ਨ ਕੁਝ ਮੂੰਹੋ ਬੋਲੇ, ਹੀਰ ਰਾਂਝੇ ਵੱਲ ਨਿਗ੍ਹਾ ਟਕੌਣ ਲੱਗੀ
ਕਿੱਥੇ ਹੋਸੀ ਮੇਰਾ ਯਾਰ ਪਿਆਰਾ, ਵਾਂਗ ਸੁਫਨੇ ਦੁਖ ਸੁਣਾਉਣ ਲੱਗੀ
ਚੁਗਲ ਹਜ਼ਾਰੇ ਖਬਰ ਪਹੁੰਚਾ ਦਿੱਤੀ, ਸਭ ਲੁਕਾਈ ਸੋਗ ਮਨਾਉਣ ਲੱਗੀ
ਮਿਲ ਭਾਬੀਆਂ ਸੋਚ ਵਿਚਾਰ ਕੀਤੋ, ਚਿੱਠੀ ਵੱਲ ਧੀਦੋ ਦੇ ਆਣ ਘੱਲੀ
ਉਜੱੜ ਗਿਆ ਅੱਜ ਧੀਦੋ ਬਾਗ ਤੇਰਾ, ਗੱਲਾਂ ਗੱਲਾਂ ਨਾਲ ਸਮਝੌਣ ਲੱਗੀ
ਹਾਰ ਗਿਐਂ ਮਿਹਨਤਾਂ ਕਰ ਧੀਦੋ, ਜੰਞ ਖੇੜਿਆਂ ਸਿਆਲੀਂ ਆਣ ਲੱਗੀ
ਕੰਡੇ ਬਣ ਫੁੱਲ ਦੀ ਰਾਖੀ ਕਰਦਾ ਸੈਂ, ਫੁੱਲ ਤੋੜ ਕੇ ਖੇੜੀਂ ਲੈ ਜਾਣ ਲੱਗੀ
ਬਾਗ ਸੁੱਕਿਆ ਬੁਲਬੁਲ ਉੜ ਘੱਤੀ, ਵਿਛੋੜਾ ਦੇ ਗਈ ਤੈਨੂੰ ਜਾਣ ਲੱਗੀ
ਲਿਖੀਆਂ ਮੱਥੇ ਦੀਆਂ ਕੌਣ ਮੋੜੇ, ਕੁਦਰਤ ਆਪਣਾ ਰੰਗ ਵਖਾਉਣ ਲੱਗੀ
ਬਾਰਾਂ ਸਾਲ ਚਰਾਈ ਮੱਝੀਆਂ ਸੂ, ਜਾਣ ਵੇਲੇ ਨਾ ਕਿਸੇ ਪਹਿਚਾਣ ਲੱਗੀ
ਸਾਰੀ ਉਮਰ ਗੁਜ਼ਾਰੀ ਬੇਲਿਆਂ ਚ, ਸ਼ੇਰ ਬਘੇਰਿਆਂ ਮਾਰ ਡਰੌਣ ਲੱਗੀ
ਰੰਨਾਂ ਹੋਣ ਜ਼ੁਬਾਨ ਦੀਆਂ ਕੱਚੀਆਂ ਈ, ਹੀਰ ਗਲ ਕਾਣੇ ਦੇ ਜਾਣ ਲੱਗੀ
ਮਿਲ ਭਾਬੀਆਂ ਲਿਖੀ ਧੀਦੋ ਚਿੱਠੀ, ਹਾਲ ਦਿਲ ਦਾ ਕਰਨ ਬਿਆਨ ਲੱਗੀ
ਜਿਹਾ ਗਿਆ ਤਿਹਾ ਮੁੜ ਧੀਦੋ, ਕਰਨ ਭਾਬੀਆਂ ਤੈਨੂੰ ਪਰਵਾਨ ਲੱਗੀ
ਸੁਹਣਾ ਮੁਖੜਾ ਅਸਾਂ ਨ ਨਜ਼ਰ ਆਵੇ, ਕਿਸ ਭੈੜੇ ਦੀ ਨਜ਼ਰ ਆਣ ਲੱਗੀ
ਲਾਲ ਦਰੀ ਵਿਛਾਵਾਂ ਵਿਚ ਵਿਹੜੇ, ਸਾਡਾ ਧੀਦੋ ਵਿਹੜੇ ਜੇ ਆਣ ਲੱਗੀ
ਸੁਣੋ ਭਾਬੀਓ ਸੱਚ ਦੀ ਗੱਲ ਆਖਾਂ, ਰਾਂਝੇ ਚਿੱਠੀ ਜੁਆਬ ਲਿਖੌਣ ਲੱਗੀ
ਖਿਜ਼ਾਂ ਆ ਗਈ ਬਹਾਰ ਮੁੱਕ ਗਈ, ਜਾਂਦੀ ਬੁਲਬੁਲ ਰਾਗ ਸੁਣਾਉਣ ਲੱਗੀ
ਉਜੱੜ ਗਿਆ ਰਾਂਝਿਆ ਬਾਗ ਤੇਰਾ, ਖਾਲੀ ਮੱਛਕਾਂ ਪਾਣੀ ਪਾਉਣ ਲੱਗੀ
ਉੜੇ ਪੰਛੀ ਕਦੀ ਨ ਬਹੁੜਦੇ ਈ, ਸਾਡੇ ਨਾਲ ਵੀ ਇਹੋ ਅੱਜ ਹੋਣ ਲੱਗੀ
ਜਿੱਥੇ ਬਾਰਾਂ ਵ੍ਹਰੇ ਉਥੇ ਹੋਰ ਹੋਸੀ, ਰਾਂਝੇ ਇਸ਼ਕ ਦੀ ਚੋਟ ਸਮਝਾਉਣ ਲੱਗੀ
ਇਸ਼ਕ ਮੁਸ਼ਕ ਖੁਦਾ ਦਾਤ ਸੱਈਓ, ਲਸਣ ਵਾਂਗ ਮਹਿਕ ਨ ਜਾਣ ਲੱਗੀ
ਕੀ ਰੱਖਿਆ ਤਖ਼ਤ ਹਜ਼ਾਰੇ ਹੁਣ, ਚਿੱਤ ਲੱਗੀ ਨ ਕੋਈ ਬੁਝਾਉਣ ਲੱਗੀ



## 00

ਪਿੰਡ ਖੇੜੇ ਬੈਠ ਸਲਾਹ ਕੀਤੀ, ਹੁਣ ਵ੍ਹਹਟੀ ਨੂੰ ਪੇਕੇ ਘੱਲਣਾ ਈ
ਸੁਣਿਆਂ ਚਾਕ ਈ ਇਕ ਇਹਦਾ, ਆ ਵਿਹੜਾ ਉਸ ਨੇ ਮੱਲਣਾ ਈ
ਕਿਤੇ ਹੋਵੇ ਨ ਵ੍ਹਹਟੀ ਬਦਲ ਜਾਵੇ, ਹੋਣ ਬੇਵਫਾ ਰੰਡੀਆਂ ਰੰਨਣਾ ਈ
ਸਵਰਨ ਸਿੰਘਾ ਚਾਕ ਨਾ ਮਿਲ ਪਾਵੇ, ਹੀਰ ਸੰਗ ਨਨਾਣ ਕੂ ਘੱਲਣਾ ਈ
ਇਕ ਵਹੁਟੀ ਜਾਣ ਸਿਆਲ ਲੱਗੀ, ਆ ਪੁੱਛਦੀ ਹੀਰ ਕੀ ਘੱਲਣਾ ਈ
ਦੱਸ ਸਹੁਰੇ ਘਰ ਕਿਵੇਂ ਬੀਤੀ, ਕਿਹਾ ਗਭਰੂ ਸੈਦਾ ਜੱਟ ਮੰਗਣਾਂ ਈ
ਕਿਹਾ ਪਿਆਰ ਕੀਤੋ ਕਿਹੀ ਸੇਜ ਮੱਲੀ, ਦੱਸ ਵ੍ਹਹਟੀ ਨ ਸੰਙਣਾ ਈ
ਕਿਹਾ ਸਹੁਰੇ ਘਰ ਪਿਆਰ ਮਿਲਿਆ, ਕਿਹਾ ਰੰਗ ਸਹੁਰੇ ਰੰਙਣਾ ਈ
ਭੁੱਲ ਬੀਤੀਆਂ ਨਵੀਆਂ ਕਰ ਤਾਜ਼ੀ, ਹੀਰੇ ਭੁੱਲ ਕੇ ਬੇਲਿਆਂ ਤੰਵਣਾ ਈ
ਹੀਰ ਆਖਦੀ ਮੇਰਾ ਨੀ ਚਿੱਤ ਲਗਦਾ, ਕੀ ਆਖਣਾ ਸੋਨੇ ਦੇ ਕੰਙਣਾ ਈ
ਗੌਹਰ ਮੈਂ ਇਕ ਗੁਆ ਬੈਠੀ, ਜੋ ਪਾਇਆ ਸੂ ਖੋਜ ਵਿਚ ਜੰਗਲਾਂ ਈ
ਹੀਰ ਆਖਦੀ ਭੈਣ ਗੱਲ ਸੁਣ ਮੇਰੀ, ਹੱਥ ਜੋੜ ਮੈਂ ਤੈਨੂੰ ਦੂਆ ਕਰਦੀ
ਪਹਿਲਾਂ ਕਰਨਾ ਦੂਆ ਸਲਾਮ ਮੇਰੀ, ਬਾਝ ਰਾਂਝਣੇ ਮੈਂ ਪਈ ਮਰਦੀ
ਸਭ ਸਹੇਲੀਆਂ ਭੁੱਲ ਗਈਆਂ, ਆਖਣਾ! ਹੀਰ ਪਈ ਯਾਦ ਕਰਦੀ
ਮੇਰਾ ਇਹੋ ਪੈਗਾਮ ਪਹੁੰਚਾ ਦੇਣਾ, ਵੇਖੀਂ ਸੁਣ ਨ ਲਵੇ ਕੋਈ ਬੇਰਦੀ
ਜਾਹ ਆਖਣਾ ਮੇਰੇ ਪਿਆਰ ਤਾਈ, ਤੇਰੇ ਬਾਝੋਂ ਸੁਹਣਿਆ ਹੀਰ ਖੋਈ
ਨਾ ਖਾਵੇ ਨ ਕੁਝ ਪਹਿਨਦੀ ਏ, ਪਿਆਰ ਬਾਝੋਂ ਮਿਲੇ ਨ ਹੀਰ ਢੋਈ
ਤੇਰੀ ਯਾਦ ਚ ਉਮਰ ਗੁਜ਼ਾਰ ਦੇਸਾਂ, ਤੇਰੇ ਬਾਝੋਂ ਮੇਰਾ ਨਾ ਹੋਰ ਕੋਈ
ਧੀਦੋ ਹੀਰ ਦਾ ਤੇ ਹੀਰ ਤੇਰੀ, ਕੱਲ੍ਹ ਤੇਰੀ ਸੂ ਹੀਰ ਤੇਰੀ ਅੱਜ ਹੋਈ
ਪੀਂਘ ਟੁੱਟ ਗਈ ਹੁਲ੍ਹਾਰਾ ਖਾ ਧੀਦੋ, ਡਿਗੀ ਹੀਰ ਤੋਂ ਨਾ ਭੱਜ ਹੋਈ
ਸਵਰਨ ਸਿੰਘਾ ਪ੍ਰੀਤ ਦੀ ਰੀਤ ਭੈੜੀ, ਨ ਛੁਪੇ ਛੁਪਾਈ ਨ ਕੱਜ ਹੋਈ
ਵ੍ਹਹਟੀ ਆ ਸਿਆਲੀਂ ਪੁੱਛ ਕੀਤੀ, ਚਾਕ ਸਿਆਲ ਦਾ ਕਿਹੜਾ ਈ
ਘਰ ਚੂਚਕ ਦਾ ਦੱਸੋ ਸਈਓ, ਕਿੱਥੇ ਹੀਰ ਸਿਆਲ ਦਾ ਵਿਹੜਾ ਈ
ਨ੍ਹੇਰੀ ਵਾਕਣਾ ਬੇਲੇ ਅਫਵਾਹ ਉੜਦੀ, ਆਸ਼ਿਕ ਹੀਰ ਦਾ ਜਿਹੜਾ ਈ
ਦਿਓ ਸਨੇਹੜਾ ਆਸ਼ਿਕ ਥੀਂ, ਜਿਹਦਾ ਉਜੜਿਆ ਬਾਗ ਤੇ ਖੇੜਾ ਈ

## 00

ਲੁੱਟ ਕੇ ਪਿਆਰ ਯਾਰ ਦਾ, ਹੀਰੇ, ਛੁਪ ਗਈ ਖੇੜਿਆਂ ਜਾ ਕੇ
ਕੰਨਾਂ ਵਿਚ ਪਾਈਆਂ ਮੁੰਦਰਾਂ, ਜੋਗੀ ਬਣਿਆਂ ਨਾਥ ਦੇ ਜਾ ਕੇ

ਹੀਰੇ ਟੁਰ ਗਈ ਖੇੜਿਆਂ ਨੂੰ, ਸੁਹਣੇ ਯਾਰ ਨੂੰ ਭੁਲੇਖਾ ਦੇ ਕੇ
ਗਲੀਆਂ ਚ ਫਿਰੇ ਟੋਲਦਾ, ਮਿਹਣੇ ਝੰਗ ਸਿਆਲਾਂ ਦੇ ਸਹਿ ਕੇ
ਨੀ ਗਲ ਲਾ ਲੈ ਰਾਂਝਣੇ ਕੂ, ਮਿਲ ਸੱਖਣੇ ਯਾਰ ਨੂੰ ਆ ਕੇ
ਹੀਰੇ, ਤੂੰ ਸਹੁਰੇ ਵੜ ਗਈ, ਘਰ ਰਾਂਝੇ ਦਾ ਰਿਹਾ ਨ ਕੋਈ
ਭੁੱਲ ਕੇ ਪੁਰਾਣਿਆਂ ਨੂੰ, ਨੀ ਤੂੰ ਨਵਿਆਂ ਦੀ ਬਣ ਖਲੋਈ
ਹੀਰੇ ਨੀ ਰਾਂਝਾ ਜੋਗੀ ਹੋ ਗਿਆ, ਟੁਰ ਗਈ ਤੂੰ ਯਾਰ ਭੁਲਾ ਕੇ
ਰਾਂਝਾ ਛੱਡ ਹਜ਼ਾਰਿਓਂ ਆਇਆ, ਤੱਤੇ ਚਾਕ ਦਾ ਭੇਸ ਬਣਾਇਆ
ਤੇਰੇ ਬਦਲੇ ਘਰ ਦਰ ਖੋਇਆ, ਤੈਨੂੰ ਤਰਸ ਜ਼ਰਾ ਨਾ ਆਇਆ
ਬਾਰਾਂ ਸਾਲ ਚਰਾਈਆਂ ਮੱਝੀਆਂ, ਹੀਰੇ ਪਿਆਰ ਤੇਰੇ ਸੰਗ ਪਾ ਕੇ
ਤੂੰ ਰਥ ਚ ਬਹਿ ਕੇ ਟੁਰ ਗਈ, ਰਾਂਝੇ ਦਾਜ ਸਿਰ ਤੇ ਚਾਇਆ
ਯਾਰ ਗੁਆ ਕੇ ਪਿਆਰ ਛੁਪਾ ਕੇ, ਦਾਜ ਖੇੜੀਂ ਛੱਡ ਆਇਆ
ਲੱਗੀਆਂ ਨਿਭਾਈਆਂ ਯਾਰ ਨੇ, ਦਿਲ ਵਿਚ ਪਿਆਰ ਛੁਪਾ ਕੇ
ਤੂੰ ਤੇ ਘਰ ਵਸਾ ਲਿਆ ਆਪਣਾ, ਨੀ ਤੂੰ ਖੇੜਿਆਂ ਦੀ ਹੋਈ
ਤੇਰੇ ਦੁਖ ਚ ਫਿਰਦਾ ਖੋਇਆ, ਕਿਤੇ ਰਾਂਝੇ ਮਿਲੇ ਨ ਢੋਈ
ਚਿੱਤ ਚ ਵਿਚਾਰਾ ਸੋਚਦਾ, ਕਿਤੇ ਡੁੱਬ ਜਾ ਰਾਂਝਿਆ ਜਾ ਕੇ
ਰੱਬ ਪਿਆਰ ਦਾ ਮੁੱਲ ਮੰਗਦਾ, ਸੁੱਚੇ ਪਿਆਰ ਤੋਂ ਵਧ ਕੇ
ਜੇ ਲੱਭਣਾ ਈ ਯਾਰ ਵਿਛੜਿਆ, ਮਿਲੂ ਰਾਂਝਿਆ ਮਰ ਕੇ
ਰਾਂਝੇ ਦਾ ਪਿਆਰ ਖੋ ਗਿਆ, ਕੀ ਖੱਟਿਆ ਯਾਰੀ ਲਾ ਕੇ
ਬੈਂਸ ਚਿੱਤ ਚ ਸੋਚ ਜ਼ਰਾ, ਕਦੀ ਵਿੱਛੜੇ ਯਾਰ ਨੀ ਮਿਲਦੇ
ਕੱਕੇ ਰੇਤ ਵਿਚ ਬਿਖ਼ਰ ਗਏ, ਭੱਜੇ ਟੁਕੜੇ ਰਾਂਝਣਾ ਦਿਲ ਦੇ
ਜਿੰਦੜੀ ਦਾ ਮਾਣ ਛੱਡ ਕੇ, ਬੈਂਸ ਚੁਗ ਲੈ ਕੀੜੀ ਬਣ ਜਾ ਕੇ



## 00

ਚੰਨਾਂ ਲੱਗੀਆਂ ਤੋੜ ਨਿਭਾ ਦੇ, ਵੇ ਸੱਜਣਾ ਦੂਰ ਦਿਆ
ਮੇਰਾ ਵਿੱਛੜਿਆ ਯਾਰ ਮਿਲਾ ਦੇ, ਸਦਕਾ ਰਸੂਲ ਦਾ

ਰੱਬਾ ਤੂੰ ਸਭ ਕੁਝ ਜਾਣੇ, ਵਿੱਛੜ ਗਿਆ ਮੇਰਾ ਮਾਹੀ
ਲੀੜੇ ਲੱਤੜ ਸਿੱਜ ਗਏ, ਨੈਣਾਂ ਦੀ ਮੁੱਕ ਗਈ ਸਿਆਹੀ
ਮੋੜ ਲਿਆ ਮੇਰੇ ਰਾਂਝਣ ਨੂੰ, ਰੱਬਾ ਗੁਆਚਾ ਯਾਰ ਮਿਲਾ ਦੇ
ਮੈਂ ਬੇਵਸ ਹੋਈ ਢੋਲਣਾ, ਕੋਈ ਵਸ ਨਾ ਨਾਰ ਦਾ ਚੱਲੇ
ਕੌੜਾ ਘੁੱਟ ਨਾਰ ਕੂ ਪੀਣਾਂ ਪੈਂਦਾ, ਮਰਦਾਂ ਦੇ ਰਾਜ਼ ਅਵੱਲੇ
ਯਾਰ ਮਿਲਾ ਮੇਰਾ ਪਿਆਰ ਮਿਲਾ, ਕੀਤੇ ਵਾਧੇ ਪੁਗਾ ਦੇ
ਮੈਨੂੰ ਕੀਤਾ ਬੰਦ ਕੋਠੜੀ, ਪਤਾ ਨਹੀਂ ਧੀਦੋ ਕਿੱਥੇ ਹੋਸੀ
ਘਰ ਬਾਰ ਨਾ ਦਰ ਰਾਂਝੇ ਦਾ, ਪਤਾ ਨਹੀਂ ਕਿੱਥੇ ਸੌਂ ਸੀ
ਬਾਝ ਰਾਂਝਣੇ ਮਰ ਜਾਸਾਂ, ਰੱਬਾ ਸੁਫਨੇ ਚ ਯਾਰ ਮਿਲਾ ਦੇ
ਪਤਾ ਨਹੀਂ ਕਿਹੇ ਕਰਮ ਲਿਖਾਏ, ਸਭ ਕੁਝ ਤੇਰੇ ਵਸ
ਤੈਨੂੰ ਹੀਰ ਵਾਸਤੇ ਪਾਉਂਦੀ ਏ, ਕਦ ਯਾਰ ਮਿਲੇਗਾ ਦੱਸ
ਬੇਕਰਮਾਂ ਤੇ ਕਰਮ ਕਮਾ ਕੇ, ਸਾਡੀ ਕਿਸਮਤ ਬਦਲਾ ਦੇ
ਚਿੱਤ ਹੋਇਆ ਮੇਰਾ ਲੀਰਾਂ, ਮਾਹੀ ਫਿਰਦਾ ਵਾਂਗ ਫਕੀਰਾਂ
ਧੁਰ ਦਰਗਾਹੋਂ ਲੇਖ ਲਿਖਾਏ, ਰੱਬ ਬਦਲੇ ਨਾ ਤਕਦੀਰਾਂ
ਜੇ ਰੱਬਾ ਨਹੀਂ ਮੇਲ ਕਰਾਉਣਾ, ਮੌਤ ਦੀ ਸਜ਼ਾ ਸੁਣਾ ਦੇ
ਇਕ ਡਾਰ ਦੇ ਪੰਛੀ ਬਿਖੜੇ, ਟੁੱਟ ਗਈ ਸਾਰਸਾਂ ਜੋੜੀ
ਇਕ ਮੋਇਆ ਦੂਜਾ ਮਰ ਜਾਸੀ, ਪ੍ਰੀਤ ਨ ਟੁੱਟਦੀ ਤੋੜੀ
ਮੇਰਾ ਸੀਨਾਂ ਸੜ ਕੇ ਰਾਖ਼ ਹੋਇਆ, ਲੱਗੀਆਂ ਯਾਰ ਬੁਝਾ ਦੇ
ਇਸ਼ਕ ਇਬਾਦਤ ਤੇਰੀ ਏ, ਤੂੰ ਇਸ਼ਕ ਚ ਜੱਗ ਬਣਾਇਆ
ਅਸਾਂ ਲਾ ਕੇ ਤੋੜ ਨਿਭਾ ਛੱਡੀ, ਇਨਸਾਫ ਤੇਰੇ ਤੇ ਪਾਇਆ
ਸੱਜਣਾ ਓਏ ਦੂਰ ਦਿਆ, ਮੇਰਾ ਵਿਛੜਿਆ ਯਾਰ ਮਿਲਾ ਦੇ

## 00

ਕੁੜੀਆਂ ਆਖਿਆ ਸ਼ੈਲ ਛਬੀਲ ਰਾਂਝਾ, ਚੇਤੇ ਕਰਦਾ ਨਿੱਤ ਖੇੜਿਆਂ ਨੂੰ
ਉਸ ਮੱਝੀਆਂ ਚਾਰਨੀ ਛੱਡ ਦਿੱਤੀ, ਨਿੱਤ ਸੋਚਦਾ ਨਵੇਂ ਬਖੇੜਿਆਂ ਨੂੰ
ਵੰਝਲੀ ਰਾਂਝੇ ਦੀ ਵੱਜਦੀ ਨਹੀਂ, ਪਿਆ ਲੋਚਦਾ ਹੀਰੇ ਗ੍ਰਾਵਾਂ ਤੇਰਿਆਂ ਨੂੰ
ਵਾਂਗ ਮੱਝੀਆਂ ਜੰਗਲੀਂ ਫਿਰੇ ਭੌਂਦਾ, ਪੈੜਾਂ ਕੱਢਦਾ ਨ੍ਹੇਰ ਸਵੇਰਿਆਂ ਨੂੰ
ਕਿਤੇ ਬਹੁੜੇ ਮੇਰਾ ਯਾਰ ਸੁਹਣਾ, ਆਖ ਸੁਣਾਵਾਂ ਦਿਲ ਦੇ ਝੇੜਿਆਂ ਨੂੰ
ਕੋਈ ਰਾਂਝੇ ਨਾਲ ਨ ਬੋਲਦਾ ਈ, ਕੋਈ ਲੰਘੇ ਨਾ ਚਾਕ ਦੇ ਨੇੜਿਆਂ ਨੂੰ
ਕੁੜੀਆਂ ਜਾ ਧੀਦੋ ਖਬਰ ਕੀਤੀ, ਤੇਰੀ ਹੀਰ ਪਈ ਤੈਨੂੰ ਬੁਲਾਵੰਦੀ ਏ
ਤੇਰੇ ਬਾਝੋਂ ਨ ਸੱਜਣਾ ਦਿਨ ਬੀਤੇ, ਰਾਤੀ ਸੁਫਨੇ ਯਾਰ ਦੇ ਲਾਵੰਦੀ ਏ
ਤੇਰੇ ਕਾਰਨੈ ਮਾਪਿਆਂ ਵੇਚ ਘੱਤੀ, ਦੋਸ਼ ਲੰਙੇ ਕੈਦੋ ਕੂ ਲਾਵੰਦੀ ਏ
ਰੱਬ ਕਰੇ ਯਾਰ ਦਾ ਮੇਲ ਹੋਵੇ, ਸੱਚੇ ਰੱਬ ਥੀਂ ਔਸੀਆਂ ਪਾਵੰਦੀ ਏ
ਸਵਰਨ ਇਸ਼ਕ ਲਪੇਟਿਆਂ ਥੀਂ, ਭਾਵੀ ਸੱਜਰੇ ਜ਼ਖਮ ਬਣਾਵੰਦੀ ਏ
ਰਾਂਝਾ ਹੱਟੀ ਕਰਾੜ ਜਾ ਪਹੁੰਚਾ, ਖ਼ਤ ਲਿਖ ਲਾਲਾ ਮੇਰੇ ਯਾਰ ਤਾਈਂ
ਲਿਖ ਦੱਸਿਆ ਹਾਲ ਰੰਝੇਟੜੇ ਨੇ, ਸੀਨੇ ਜਗਦੇ ਲਾਲ ਚਿੰਗਾਰ ਤਾਈਂ
ਸਹੁਰੇ ਘਰ ਜਾ ਹੀਰੇ ਛੁਪ ਬੈਠੀ, ਕਦੀ ਪੁੱਛਿਆ ਹਾਲ ਈ ਯਾਰ ਤਾਈਂ
ਲੱਗੀ ਸੀਨੇ ਸੀਖ ਧੁਖਦੀ ਏ, ਲਾਇ ਟੁਰ ਗਈ ਧੁਖਦੇ ਚਿੰਗਾਰ ਤਾਈਂ
ਵਾਧੇ ਕਰ ਕੇ ਮੱਝੀਂ ਚਰਾ ਛੱਡੀ, ਹੀਰੇ ਭੁੱਲ ਗਈ ਯਾਰ ਪਿਆਰ ਤਾਈਂ
ਭੁੱਲ ਗਈ ਏਂ ਕੌਲ ਕਰਾਰ ਹੀਰੇ, ਲੱਤ ਮਾਰ ਗਈ ਸੱਖਣੇ ਯਾਰ ਤਾਈਂ
ਸਿਆਣੇ ਆਖਿਆ ਔਲੇ ਦਾ ਖਾਧਾ, ਰਸ ਮਿਲਦਾ ਸੋਚ ਵਿਚਾਰ ਤਾਈਂ
ਰੰਨਾਂ ਹੁੰਦੀਆਂ ਵਾਧਿਓਂ ਕੱਚੀਆਂ ਈ, ਕੱਚੀ ਡਾਲ ਕੱਚੀ ਕਚਨਾਰ ਤਾਈਂ
ਅੱਖੀਂ ਅਰਸ਼ੋਂ ਤਾਰੇ ਤੋੜ ਲਿਆਉਣ, ਵਾਂਗ ਪੱਥਰਾਂ ਡੋਬਣ ਯਾਰ ਤਾਈਂ
ਚਾ ਆਇਆ ਨੀ ਵਿਆਹ ਕਰਾਉਣ ਤੈਨੂੰ, ਨਵੇਂ ਯਾਰ ਪੁਰਾਣੇ ਭੁੱਲ ਗਏ
ਨੰਗੀ ਅੱਖ ਨੇ ਜਦੋਂ ਪ੍ਰੇਸ਼ਾਨ ਕੀਤਾ, ਆਸ਼ਿਕ ਨਵੇਂ ਇਸ਼ਕ ਤੇ ਡੁੱਲ੍ਹ ਗਏ
ਨਹੀਂ ਸੋਚਿਆ ਹਾਲ ਪੁਰਾਣਿਆਂ ਦਾ, ਵਚਨ ਦੇ ਕੇ ਵਾਧਿਓਂ ਭੁੱਲ ਗਏ
ਸੁੱਚੇ ਮੋਤੀ ਕੋਲਿਆਂ ਰੋਲ ਦਿੱਤਾ, ਮਜਾਜ਼ੀ ਆਸ਼ਿਕ ਮਜਾਜ਼ ਤੇ ਡੁੱਲ੍ਹ ਗਏ
ਸਵਰਨ ਸਿੰਘਾ ਰੱਬ ਦਰਗਾਹ ਅੰਦਰ, ਸੱਚੇ ਆਸ਼ਿਕਾਂ ਸੱਚ ਦੇ ਮੁੱਲ ਪਏ



ਕਰਾੜ ਕੋਲੋਂ ਧੀਦੋ ਲਿਖਾ ਚਿੱਠੀ, ਡਬਲੀ ਪੈਸੇ ਦੀ ਮੁਹਰ ਲਾਵੰਦਾ ਏ
ਥੁੱਕ ਲਾ ਕੇ ਚਿੱਠੀ ਬੰਦ ਕਰਦਾ, ਝੱਟ ਪੱਟ ਡਾਕ ਵਿਚ ਪਾਵੰਦਾ ਏ
ਝੱਟ ਪੱਟ ਡਾਕੀਆ ਖੋਲ੍ਹ ਡੱਬਾ, ਚਿੱਠੀ ਧੀਦੋ ਦੀ ਚੁੱਕ ਲੈ ਜਾਵੰਦਾ ਏ
ਬਸਤਾ ਬੰਦ ਕੀਤੋ ਉਤੇ ਲਾ ਛੱਲਾ, ਝੱਬ ਡਾਕੀਆ ਡਾਕ ਘਲਾਵੰਦਾ ਏ
ਅੱਗੋਂ ਬੈਠੀ ਹੀਰ ਗ਼ਮਗੀਨ ਹੋਈ, ਸਨੇਹਾ ਨ ਕੋਈ ਮੁੜ ਆਵੰਦਾ ਏ
ਹੀਰ ਆਪਣੇ ਚਿੱਤ ਵਿਚਾਰ ਕਰਦੀ, ਵ੍ਹਟੀ ਸਮਾਂ ਨ ਮਿਲ ਪਾਵੰਦਾ ਏ
ਖ਼ੌਰੇ ਉਹ ਭੀ ਮੇਰੇ ਵਾਂਗ ਬੱਧੀ, ਮਰਦ ਆਪਣਾ ਹੁਕਮ ਚਲਾਵੰਦਾ ਏ
ਦਿਨ ਅਗਲੇ ਛਾਹ ਵੇਲਾ ਹੋਇਆ, ਆ ਡਾਕੀਆਂ ਕੁੰਡਾ ਖੜਕਾਵੰਦਾ ਏ
ਰੱਬ ਭਾਣੇ ਘਰ ਸੀ ਹੀਰ ਕੱਲੀ, ਚਿੱਠੀ ਹੀਰ ਦੀ ਹੀਰ ਫੜਾਵੰਦਾ ਏ
ਉਸ ਆਖਿਆ ਚਿੱਠੀ ਹੀਰ ਨਾਂ ਲਿਖੀ, ਖ਼ਤ ਧੀਦੋ ਰਾਂਝਾ ਪਾਵੰਦਾ ਏ
ਹੀਰ ਆਖਿਆ ਕਾਸਦਾ ਖੋਲ੍ਹ ਚਿੱਠੀ, ਮੇਰਾ ਯਾਰ ਕੀ ਲਿਖ ਪਾਵੰਦਾ ਏ
ਪੜ੍ਹਨਾ ਗੁਣਨਾ ਨਾ ਸਾਰ ਸਾਡੀ, ਅਸਾਂ ਰਾਜ਼ ਇਸ਼ਕ ਦਾ ਆਵੰਦਾ ਏ
ਖੋਲ੍ਹ ਡਾਕੀਏ ਚਿੱਠੀ ਸੁਣਾ ਦਿੱਤੀ, ਹਰਫ ਹਰਫ ਬੋਲ ਸੁਣਾਵੰਦਾ ਏ
ਬੈਠਾ ਚਾਕ ਦਿਲਗੀਰ ਹੋਇਆ, ਵਿਚ ਲਿਖਿਆ ਹਾਲ ਸੁਣਾਵੰਦਾ ਏ
ਹਜ਼ਾਰਾ ਛੱਡਿਆ ਸਿਆਲ ਛੱਡ ਚੱਲੇ, ਧੀਦੋ ਹੀਰ ਤਾਈਂ ਸੁਣਾਵੰਦਾ ਏ
ਏਥੇ ਕਿਹੜਾ ਹੀਰੇ ਅੱਜ ਮੇਰਾ, ਟੁੱਟੇ ਜਿਗਰ ਦੇ ਟੋਟੇ ਗਲ ਲਾਵੰਦਾ ਏ
ਤੇਰੇ ਵਾਸਤੇ ਹੀਰੇ ਸਾਧ ਬਣਿਆਂ, ਅੱਜ ਆਸਰਾ ਰਾਮ ਨਾਮ ਦਾ ਏ
ਪਾ ਭਗਵੇਂ ਭੇਸ ਬਣਾ ਲੈਸਾਂ, ਮੋਢੇ ਕੰਬਲੀ ਹੱਥ ਕਾਸਾ ਭਾਵੰਦਾ ਏ
ਮੇਰਾ ਵਿੱਛੜਿਆ ਯਾਰ ਮਿਲਾ ਰੱਬਾ, ਵਾਸਤਾ ਰਸੂਲ ਕੂ ਪਾਵੰਦਾ ਏ
ਤੂੰ ਤੇ ਦਰ ਖੇੜਿਆਂ ਮੱਲ ਘੱਤਾ, ਖੜ੍ਹੇ ਦਿਨ ਧੀਦੋ ਲੁੱਟ ਜਾਵੰਦਾ ਏ
ਧੀਦੋ ਲੁੱਟਿਆ ਸਰੇ ਬਾਜ਼ਾਰ ਹੀਰੇ, ਨ੍ਹਾਰਾ ਹਾ੍ ਕੋਈ ਨ ਲਾਵੰਦਾ ਏ
ਦਰ ਤੇਰੇ ਆਸ ਉਮੀਦ ਰੱਖੀ, ਯਾਰੀ ਲਾ ਤੂੰ ਭੀ ਦਗ਼ਾ ਕਾਮਵੰਦਾ ਏ
ਕੀਤਾ ਧੋਖਾ ਨਾ ਰਾਸ ਆਵੇ, ਪਰਾਇਆ ਮਾਲ ਹਜਮ ਨ ਪਾਵੰਦਾ ਏ
ਪੜ੍ਹੇ ਡਾਕੀਆ ਹੀਰ ਪ੍ਰੈਸ਼ਾਨ ਹੋਵੇ, ਦੋ ਚਾਰ ਕੋਲੋਂ ਭੀ ਲਾਵੰਦਾ ਏ
ਸੁਣ ਖ਼ਤ ਚਿੱਤ ਚੋਂ ਹੂਕ ਨਿਕਲੀ, ਦੁਖ ਯਾਰ ਨਾ ਝੱਲਿਆ ਜਾਵੰਦਾ ਏ

ਤੇਰੀ ਯਾਦ ਚ ਸੱਜਣਾ ਬੇਵਸ ਹੋਈ, ਰੂਹ ਤੇਰੀ ਮੈਨੂੰ ਸਤਾਵੰਦੀ ਏ
ਅੱਖ ਖ੍ਹੋਲਾਂ ਸਾਹਮਣੇ ਤੂੰ ਦਿੱਸੇਂ, ਰਾਤੀਂ ਸੁਫਨੇ ਆਣ ਜਗਾਵੰਦੀ ਏ
ਹੱਥੀਂ ਬੰ੍ਹਨ ਕੇ ਮਾਪਿਆਂ ਟੋਰ ਘੱਤੀ, ਮੇਰੀ ਪੇਸ਼ ਜ਼ਰਾ ਨਾ ਜਾਵੰਦੀ ਏ
ਧੀਆਂ ਹੋਵਣ ਧਨ ਪਰਾਇਆ, ਸੁਹਣੇ ਯਾਰ ਥੀਂ ਲਿਖ ਸਮਝਾਵੰਦੀ ਏ
ਨਾਰੀ ਜ਼ਾਤ ਅਬਲਾ ਜ਼ਾਤੀ ਏ, ਸ਼ਰ੍ਹਾ ਜ਼ਰਾ ਨਾ ਗੱਲ ਸੁਣ ਪਾਵੰਦੀ ਏ
ਵਿਆਹ ਕੇ ਕਾਣੇ ਸੈਦੇ ਥੀਂ, ਦੁਨੀਆਂ ਜ਼ਖਮਾਂ ਉਤੇ ਲੂਣ ਪਾਵੰਦੀ ਏ
ਲਿਖੇ ਹੋਣ ਸੰਜੋਗ ਦਰਗਾਹੋਂ ਈ, ਲਿਖੀ ਮੱਥੇ ਨਹੀਂ ਮਿਟਾਵੰਦੀ ਏ
ਮੈਨੂੰ ਝਾਕ ਰਾਂਝਿਆ ਦੀਦ ਤੇਰੀ, ਮੇਰੀ ਜਾਨ ਨਿਕਲਦੀ ਜਾਵੰਦੀ ਏ
ਮੈਨੂੰ ਕੀਤਾ ਬੰਦ ਕਸਾਈਆਂ ਨੇ, ਬੰਦ ਕੋਠੜੀ ਪਈ ਡਰਾਵੰਦੀ ਏ
ਮੇਰਾ ਵਾਹ ਚੱਲੇ ਨੱਸ ਆਵਾਂ, ਰਾਹ ਥੇਹ ਦੀ ਸਮਝ ਨ ਆਵੰਦੀ ਏ
ਬੈਂਸ ਲਿਖਿਆ ਨਿਗ੍ਹਾ ਟਿਕਾ ਉਤੇ, ਮੈਨਾਂ ਪਿੰਜਰੇ ਪਾਈ ਕੁਰਲਾਵੰਦੀ ਏ
ਹੀਰ ਪੱਕੀ ਕੌਲ ਕਰਾਰ ਦੀ ਏ, ਕੱਚੇ ਬੋਲ ਨਾ ਦਿਲੋਂ ਸੁਣਾਵੰਦੀ ਏ
ਰੱਖ ਤਸੱਲੀ ਰਾਂਝਿਆ ਕਰ ਹਿੰਮਤ, ਭਾਵੀ ਲਿਖੇ ਲੇਖ ਮਿਟਾਵੰਦੀ ਏ
ਚਿੱਠੀ ਬੋਲ ਲਿਖਾਇ ਡਾਕੀਏ ਤੋਂ, ਝੱਟ ਪੱਟ ਡਾਕ ਚ ਪਾਵੰਦੀ ਏ
ਪਹਿਲਾਂ ਲਿਖੀ ਦੁਆ ਸਲਾਮ ਮਾਹੀ, ਫਿਰ ਦਿਲ ਦਾ ਹਾਲ ਸੁਣਾਵੰਦੀ ਏ
ਅਸਾਂ ਸੈਦੇ ਸੰਗ ਨ ਮੇਲ ਕੀਤਾ, ਦੀਦ ਯਾਰ ਦੀ ਔਸੀਆਂ ਪਾਵੰਦੀ ਏ
ਤੇਰੇ ਬਾਝੋਂ ਕਿਸੇ ਦੀ ਨਹੀਂ ਬਣਸਾਂ, ਨਾ ਹੀ ਵਸਲੇ ਯਾਰ ਕਰਾਵੰਦੀ ਏ
ਜ਼ੋਰਾ ਜਰਵੀ ਮਾਹੀ ਨ ਵਸ ਮੇਰਾ, ਰੱਖ ਸੰਖੀਆ ਸਰ੍ਹਾਣੇ ਛੁਪਾਵੰਦੀ ਏ
ਮਾਹੀ ਆ ਸਹਰ ਆਫਤਾਬ ਬਣ ਕੇ, ਚਕਵੀ ਤੇਰੀ ਰੋਸ਼ਨੀ ਚਾਹੁੰਦੀ ਏ
ਲਾਹ ਛੱਲਾ ਚਿੱਠੀ ਚ ਪਾ ਦਿੱਤੋ, ਨਾਲੇ ਜੰਜੀਰੀ ਗਲੇ ਦੀ ਲਾਹੁੰਦੀ ਏ
ਕਾਲੀ ਸਿਆਹੀ ਕਾਲੇ ਅੱਖਰਾਂ ਚ, ਹੀਰ ਦਿਲ ਦਾ ਹਾਲ ਸੁਣਾਉਂਦੀ ਏ
ਜਾ ਡਾਕੀਏ ਹੀਰ ਦਾ ਖ਼ਤ ਫੜਾ ਦਿੱਤਾ, ਆਪੇ ਖੋਲ੍ਹ ਸੁਣਾਵੰਦਾ ਏ
ਵਿਚ ਲਿਖਿਆ ਹਾਲ ਬਿਆਨ ਕਰਦਾ, ਮਸਾਲਾ ਭੀ ਕੋਲੋਂ ਲਾਵੰਦਾ ਏ
ਹੀਰ ਲਿਖੇ ਦਿਲ ਦੇ ਦੁਖੜੇ ਈ, ਸੀਨਾ ਹੀਰ ਦਾ ਖੋਲ੍ਹ ਵਖਾਵੰਦਾ ਏ
ਤੇਰੇ ਬਾਝੋਂ ਰਾਂਝਿਆ ਹੀਰ ਸੁੰਞੀਂ, ਕੱਲਾ ਰੁੱਖ ਜਿਵੇਂ ਬੀਆਬਾਨ ਦਾ ਏ



ਰਾਂਝੇ ਝੱਟ ਪੱਤਰ ਜੁਆਬ ਦਿੱਤੋ, ਵਿਚ ਲਿਖਿਆ ਹਾਲ ਹਵਾਲ ਯਾਰਾ
ਬਣੇ ਸਾਧ ਤੇ ਚਿੱਤ ਗਮਗੀਨ ਮੇਰਾ, ਅੱਗੋਂ ਪੁੱਛਦਾ ਪਿਆ ਸੁਆਲ ਯਾਰਾ
ਡਾਕਾ ਤਖ਼ਤ ਹਜ਼ਾਰੇ ਮਾਰਿਆ ਸੂ, ਖੇੜੀਂ ਜਾਇ ਕੇ ਦੱਬਿਆ ਮਾਲ ਯਾਰਾ
ਸਾਡੀ ਲੱਗੀ ਨੂੰ ਤੋੜ ਮਰੋੜਿਆ ਸੂ, ਮਦਿਰਾ ਪੀ ਕੇ ਬਣੇ ਕਲਾਲ ਯਾਰਾ
ਨਾ ਮੈਖ਼ਾਨਾ ਨਾ ਸਾਕੀ ਰਿਹਾ, ਤੱਕ ਰਿੰਦ ਦਾ ਆਇਕੈ ਹਾਲ ਯਾਰਾ
ਨਾ ਸ਼ਮ੍ਹਾ ਨਾ ਪਰਵਾਨਾ ਈ, ਧੂਆਂ ਨਿਕਲਦਾ ਅੱਗ ਨਹੀਂ ਲਾਲ ਯਾਰਾ
ਮੈ ਖੇੜਿਆਂ ਦੀ ਹੀਰੇ ਬਣ ਬੈਠੀ, ਨਹੀਂ ਸੋਚਿਆ ਯਾਰ ਕਲਾਲ ਯਾਰਾ
ਮੰਗੋ ਭਲਾ ਤੇ ਰੱਬ ਭਲਾ ਕਰਸੀ, ਕੱਢ ਦਿਲ ਚੋਂ ਕ੍ਰੋਧ ਖ਼ੁਮਾਰ ਯਾਰਾ
ਸੱਚੇ ਰੱਬ ਦੀ ਮਿਹਰ ਦੇ ਬਾਝ ਧੀਦੋ, ਭਵਸਾਗਰ ਤਰੇ ਨ ਪਾਰ ਯਾਰਾ
ਮੌਜੂ ਜੱਟ ਦਾ ਪੁੱਤ ਚਾਕ ਬਣਿਆਂ, ਝੰਗ ਸਿਆਲਾਂ ਮੱਝੀਆਂ ਚਾਰ ਯਾਰਾ
ਵਾਧਾ ਤੋੜ ਹੀਰੀਏ ਚੜ੍ਹੀ ਡੋਲੀ, ਭੁੱਲ ਗਿਆ ਯਾਰ ਦਾ ਪਿਆਰ ਯਾਰਾ
ਪੁੱਤ ਜੱਟ ਦਾ ਅੱਜ ਦਿਲਗੀਰ ਬੈਠਾ, ਕਿੱਥੇ ਜਾਵੇ ਸੋਚ ਵਿਚਾਰ ਯਾਰਾ
ਖੂਹ ਟੋਭਿਆਂ ਜੱਟਾ ਥਾਂ ਨਹੀਂ, ਅਸ਼ਿਕ ਨਹੀਂ ਕਹਾਵਣ ਕਾਇਰ ਯਾਰਾ
ਹੀਰੇ ਤੂੰ ਤੇ ਸੇਜ ਤੇ ਜਾ ਬੈਠੀ, ਗੱਲਾਂ ਤਾਰਿਆਂ ਨਾਲ ਕਰੇ ਯਾਰ ਯਾਰਾ
ਕਿੱਥੇ ਜਾਵੇ ਤੂੰ ਹੀ ਦੱਸ ਮੈਨੂੰ, ਮੇਰਾ ਲੁੱਟ ਗਿਆ ਅੱਜ ਸੰਸਾਰ ਯਾਰਾ
ਨਾ ਪਿੱਛੇ ਨਾ ਅੱਗੇ ਕੋਈ, ਕਿਤੇ ਜਾਇ ਮੱਲਾਂ ਨਾਥ ਦਾ ਦੁਆਰ ਯਾਰਾ
ਜਾ ਆਖਾਂ ਬਿਰਥਾ ਚਿੱਤ ਦੀ ਓਏ, ਬੇੜਾ ਨਾਥ ਜੇ ਕਰਦੇ ਪਾਰ ਯਾਰਾ
ਪਹਾੜੀ ਕੜਾਣੇ ਤੇ ਜੋਗੀ ਡੇਰਾ, ਜਿੱਥੇ ਵਸਦਾ ਬਾਲ ਨਾਥ ਯਾਰ ਯਾਰਾ
ਕਹਿੰਦੇ ਜੋਗ ਕਮਾਉਣਾ ਸੌਖਾ ਨਹੀਂ, ਬਾਝ ਜੋਗ ਨ ਬੇੜਾ ਪਾਰ ਯਾਰਾ
ਮੋਢੇ ਬਗਲੀ ਹੱਤ ਚ ਫੜ ਕਾਸਾ, ਮੰਗੂੰ ਦਰ ਦਰ ਯਾਰ ਪਿਆਰ ਯਾਰਾ
ਰੱਬ ਕਰੇ ਯਾਰ ਦੀ ਮਿਹਰ ਹੋਸੀ, ਮੰਨ ਲਏ ਭੀਖਣ ਸਰਕਾਰ ਯਾਰਾ
ਸੱਚੇ ਰੱਬ ਨੂੰ ਦੁਆ ਪਿਆ ਕਰਦਾ, ਰਾਂਝੇ ਤੱਕਿਆ ਚਿੱਤ ਚਿਤਾਰ ਯਾਰਾ
ਇਸ ਜੱਗ ਤੇ ਮੇਰਾ ਹੋਰ ਕਿਹੜਾ, ਮੇਰੇ ਰੱਬਾ ਕਰ ਬੇੜਾ ਪਾਰ ਯਾਰਾ
ਤੂੰ ਜਾਣਦਾ ਚਿੱਤ ਚ ਕੀ ਮੇਰੇ, ਜੰਗ ਜਿੱਤ ਕੇ ਦੇਵੀਂ ਨਾ ਹਾਰ ਯਾਰਾ

## 00

ਹੋਈ ਸਹਿਰ ਜੂਹਾਂ ਜਾਗ ਉਠੀਆਂ, ਹਾਲੀ ਪਾਲੀ ਜੂਹਾਂ ਨੂੰ ਜਾਣ ਲੱਗੇ
ਭੁੱਖੇ ਪਸੂ ਜੂਹਾਂ ਨੂੰ ਜਾਣ ਨੱਸੇ, ਰਸ ਭਿੰਨੜੇ ਫਲ ਫੁੱਲ ਖਾਣ ਲੱਗੇ
ਵੱਗ ਰਾਂਝਿਆ ਤੈਨੂੰ ਉਡੀਕਦਾ ਈ, ਉਠੱ ਰਾਂਝਣਾਂ ਪਸੂ ਕੁਰਲੌਣ ਲੱਗੇ
ਚੁੱਕ ਵੰਝਲੀ ਅੱਗੇ ਵੱਗ ਕੀਤਾ, ਧੀਦੋ ਦਰਦ ਭਰੀ ਤੂਤੀ ਵਜਾਉਣ ਲੱਗੇ
ਰੋਸ ਛਾ ਗਿਆ ਵਿਚ ਜੂਹਾਂ ਦੇ, ਪਸੂ ਪੰਛੀ ਮਿਲ ਦੁਖੜੇ ਗਾਉਣ ਲੱਗੇ
ਨਾ ਰੋਣ ਨਾ ਅੱਖੀਆਂ ਰੋਕ ਸਕਣ, ਤੱਕ ਰਾਂਝੇਂ ਪਸੂ ਘਬਰਾਉਣ ਲੱਗੇ
ਜਦੋਂ ਵਸ ਨ ਕਿਸੇ ਦਾ ਚੱਲਦਾ ਈ, ਸੱਚੇ ਰੱਬ ਨੂੰ ਮੁੜ ਧਿਆਉਣ ਲੱਗੇ
ਮੁਖ ਮੀਰ ਚਿੱਤ ਚ ਹੀਰ ਮੂਰਤ, ਰਾਂਝਾ ਹੀਰ ਥੀਂ ਮੀਰ ਕੁਰਲੌਣ ਲੱਗੇ
ਰਾਮ ਅੱਲਾ ਤੇ ਇਕ ਨ੍ਯਾਰਾ ਈ, ਅਸਲ ਗੱਲ ਈ ਮਨ ਸਮਝਾਉਣ ਲੱਗੇ
ਰੱਬ ਆਖ ਕਿਸੇ ਨ ਰੱਬ ਪਾਇਆ, ਯਾਰ ਆਖਿਆ ਬੈਂਸ ਸੁਣਾਉਣ ਲੱਗੇ
ਅਲਿਫ ਇਕ ਰੱਬ ਉਚਾਰਿਆ ਸੂ, ਜੱਗ ਰਚਨਾ ਜਦੋਂ ਸਜਾਉਣ ਲੱਗੇ
ਅਲਿਫ ਚ ਆਪ ਛੁਪਾਇਆ ਈ, ਮੀਰਾਂ ਪੀਰਾਂ ਵਚੋਲਾ ਬਣਾਉਣ ਲੱਗੇ
ਸ਼ਬਦ ਅਲਿਫ ਕਰੋ ਅਲਾਪ ਲੋਕੋ, ਚਿੱਤ ਰੱਬ ਦਾ ਨਾਂ ਧਿਆਉਣ ਲੱਗੇ
ਰਾਂਝਾ ਮੀਰ ਪੀਰ ਥੀਂ ਹੀਰ ਭਾਖੈ, ਆਖ ਰੱਬ ਦਾ ਤਖ਼ਤ ਹਿਲਾਉਣ ਲੱਗੇ
ਜਦੋਂ ਰੱਬ ਧੀਦੋ ਵੱਲ ਤੱਕਿਆ ਸੂ, ਦੁਖ ਰਾਂਝੇ ਦਾ ਰੱਬ ਨੂੰ ਭਾਉਣ ਲੱਗੇ
ਅਰਸ਼ਾਂ ਚੋਂ ਧੀਦੋ ਆਵਾਜ਼ ਆਈ, ਰੱਬ ਨਾਥ ਦਾ ਰਾਹ ਸਮਝਾਉਣ ਲੱਗੇ
ਅਰਸ਼ੋਂ ਅਜੀਬ ਅਲਾਪ ਹੋਇਆ, ਬਾਲ ਨਾਥ ਵਚੋਲਾ ਅਖਵਾਉਣ ਲੱਗੇ
ਸਾਂਦਲ ਬਾਰ ਗੜ੍ਹ ਜੋਗੀਆਂ ਦਾ, ਸਾਂਦਲ ਜੋਗੀ ਨਾਂ ਬਾਰ ਕਹਾਉਣ ਲੱਗੇ
ਆਵਾਜ਼ ਆਖਿਆ ਟਿੱਲੇ ਵੱਲ ਮੂੰਹ ਫੇਰ, ਰੱਬ ਆਪੇ ਰਾਹ ਵਖਾਉਣ ਲੱਗੇ
ਧੀਦੋ ਟੁਰਿਆ ਵੱਲ ਨਾਥ ਟਿੱਲੇ, ਰੱਬ ਨਾਥ ਦਾ ਟਿੱਲਾ ਹਿਲਾਉਣ ਲੱਗੇ
ਜਾ ਚੜ੍ਹਿਆ ਨਾਥ ਦੇ ਟਿੱਲੇ ਰਾਂਝਾ, ਜੋਗੀ ਮਛਕਰਾਂ ਰਾਂਝੇ ਸੁਣਾਉਣ ਲੱਗੇ
ਡੋਲ ਡੀਲ ਪੁੱਤ ਰਾਜਿਆਂ ਦਾ, ਵਾਕਣ ਜੋਗੀਆਂ ਟਿੱਲੇ ਨੂੰ ਧਾਉਣ ਲੱਗੇ
ਬਾਲ ਨਾਥ ਅਰਸ਼ੋਂ ਆਵਾਜ਼ ਆਈ, ਬੰਦਾ ਰੱਬ ਦਾ ਦਰ ਤੇ ਆਉਣ ਲੱਗੇ
ਕੌਣ ਹੋਸੀ ਅਜਿਹਾ ਬਲਾਕਾਰੀ, ਰੱਬ ਨਾਥ ਕੂ ਖੁਦ ਸਮਝਾਉਣ ਲੱਗੇ
ਚੱਲ ਵੇਖੀਏ ਜਾਇ ਕੇ ਮੁਖੜੇ ਥੀਂ, ਰੱਬ ਆਪੇ ਰੱਬ ਮਿਲਾਉਣ ਲੱਗੇ
ਨਾਥ ਤੱਕਿਆ ਜਾਇ ਖੋਲ੍ਹ ਕੁੰਡਾ, ਵੱਲ ਰਾਂਝੇ ਅੱਖੀਆਂ ਲਾਉਣ ਲੱਗੇ



ਤਨ ਸਾਧਨਾ ਮੁਸ਼ੱਕਤ ਕਰਨਾ ਈ, ਇਹਨੂੰ ਜੋਗੀ ਯੋਗਾ ਆਖਦੇ ਈ
ਮਨ ਸਾਧਨ ਦਾ ਵੱਲ ਨਹੀਂ, ਐਵੇਂ ਅੰਗ ਵਿਯੰਗ ਵਿਆਖਦੇ ਈ
ਸਿਧਾਂਤ ਸਾਧਨਾ ਕਰੇ ਜਿਹੜਾ, ਉਹਨੂੰ ਮਜ਼੍ਹਬ ਪਾਲਣਾ ਆਖਦੇ ਈ
ਰੱਬ ਦੇ ਰਾਹ ਦੀ ਕਰਨ ਨਕਲਾਂ, ਪੂਜ ਮਜ਼੍ਹਬਾਂ ਉਮਰ ਗੁਆਚਦੇ ਈ
ਤਨ ਸਾਧ ਮਨ ਗੁਮਰਾਹ ਕਰਨਾ, ਸਿੱਧ ਪੀਰ ਕਹਾਉਣਾ ਭਾਸਦੇ ਈ
ਕਰਨ ਮਛਕਰਾਂ ਵਖਾ ਕਰਤਬ, ਬਾਜ਼ੀ ਪਾ ਬਾਜ਼ੀਗਰੀ ਥਾਪਦੇ ਈ
ਮਨ ਸਾਧਨਾ ਕਰ ਮਨ ਸਿੱਧਾ, ਭਗਤ ਰੱਬ ਦੇ ਰੱਬ ਨੂੰ ਭਾਸਦੇ ਈ
ਮਨ ਸਾਧਨਾ ਇਕ ਮਨ ਹੋ ਕੇ, ਬਾਜ਼ੀ ਜਾਨ ਲਾ ਮਨ ਤਰਾਸਦੇ ਈ
ਪਿਆਰ ਪਾ ਕੇ ਹੋ ਇਕ ਚਿੱਤ, ਇਕ ਵੱਲ ਇਕ ਨਜ਼ਰ ਝਾਕਦੇ ਈ
ਇਸ਼ਕ ਆਸ਼ਿਕੀ ਕਮਾਉਣ ਆਸ਼ਿਕ, ਰੱਬ ਵਾਂਗ ਮਾਸ਼ੂਕਾ ਜਾਚਦੇ ਈ
ਇਸ਼ਕ ਮੰਜ਼ਿਲ ਕੁਤਬੋਂ ਉਚੀ, ਫਰਹਾਦ ਇਸ਼ਕ ਪਹਾੜ ਤਰਾਸਦੇ ਈ
ਸੰਗ ਇਕ ਮਨ ਰੰਗ ਬਰੰਗ ਕੀਤੋ, ਰੰਗ ਦੁਐਤ ਭੰਗ ਭੰਗਾਸਦੇ ਈ
ਲਾਇ ਇਕ ਸੰਗ ਮਨ ਹੋਇ ਸਿੱਧਾ, ਮਨ ਸਿੱਧਾ ਰੱਬ ਵੱਲ ਝਾਕਦੇ ਈ
ਮਨ ਸਿੱਧਾ ਕਰਨ ਦਾ ਰਾਹ ਇਸ਼ਕ, ਆਸ਼ਿਕ ਦਰ ਮਾਸ਼ੂਕਾ ਝਾਕਦੇ ਈ
ਇਸ਼ਕ ਮੁਸ਼ਕ ਉਹ ਨੇ ਥਾਪ ਜੱਗ, ਤੱਕ ਕੁਦਰਤ ਰੱਬ ਰੰਗ ਭਾਸਦੇ ਈ
ਹਰ ਸ਼ੈ ਚ ਹਰ ਜਾ ਹਰਿ ਵਸੇ, ਚੁੱਕ ਪਲਕਾਂ ਵੇਖ ਰੰਗ ਰਾਸ ਦੇ ਈ
ਇੱਟਾਂ ਤੇ ਚੂਨਾ ਲਾ ਲੋਕੀਂ, ਮੰਦਰ ਮਸਜਿਦ ਗੁਰਦੁਆਰੇ ਥਾਪਦੇ ਈ
ਵਿਚ ਰੱਖ ਕਿਤਾਬਾਂ ਰਹਿਬਰਾਂ ਦੀ, ਵੱਖ ਧਰਮ ਸਿਖਿਆ ਭਾਖਦੇ ਈ
ਮਜ਼੍ਹਬ ਇਕ ਤੋਂ ਜਦੋਂ ਦੋ ਹੋ ਜਾਣ, ਰਾਹ ਰੱਬ ਦਾ ਨਹੀਂ ਵਿਆਖਦੇ ਈ
ਰਾਹ ਇਕ ਤੇ ਮਜ਼੍ਹਬ ਇਕ ਹੋਵੇ, ਇਹਨੂੰ ਸਜਦਾ ਰੱਬ ਦਾ ਆਖਦੇ ਈ
ਇਸ਼ਕ ਬਾਝੋਂ ਕਿਸੇ ਨ ਰੱਬ ਪਾਇਆ, ਕੱਚੇ ਮਜ਼੍ਹਬ ਕੱਚੀਆਂ ਝਾਖਦੇ ਈ
ਮਨ ਸਾਧਨਾ ਇਸ਼ਕ ਕਮਾਉਣਾ ਏ, ਰਾਹ ਲੱਭਦੇ ਕਾਦਰੀ ਰਾਸ ਦੇ ਈ
ਮਿਲਿਆ ਤ ਆਪਣੇ ਘਰੋਂ ਮਿਲਿਆ, ਮਨ ਮੰਦਰ ਜਿਹੜੇ ਝਾਕਦੇ ਈ
ਮਜ਼੍ਹਬ ਪੂਜਦੇ ਤਵਾਰੀਖ ਲੋਕੋ, ਬੈਂਸ ਆਖਿਆ ਚਿੱਤ ਚ ਝਾਕ ਕੇ ਈ
ਕਮਾਓ ਇਸ਼ਕ ਸੱਚੇ ਰੱਬ ਵਾਲਾ, ਰੱਬ ਮਿਲਦਾ ਇਸ਼ਕ ਤਰਾਸ ਕੇ ਈ
ਰਾਸ ਇਸ਼ਕ ਦੀ ਰਾਹ ਰੱਬ ਵਾਲਾ, ਆਸ਼ਿਕ ਦਰ ਰੱਬ ਦੇ ਝਾਕਦੇ ਈ

## 00

ਲਿਖਣ ਲਈ ਜ਼ਮਾਨੇ ਮਜ਼ਬੂਰ ਕੀਤਾ, ਕਿੱਸਾ ਸੋਧ ਕੇ ਲੇਖ ਲਿਖਾ ਆਪੇ
ਸੋਚ ਲਿਖੀ ਹੀਰ ਦੀ ਕਾਵਿਆ ਈ, ਚਿੱਤ ਬੈਂਸ ਦਾ ਰੱਬਾ ਸਮਝਾ ਆਪੇ
ਘਰੋਂ ਦਰੋਂ ਰਾਂਝਾ ਬਰਬਾਦ ਹੋ ਕੇ, ਆ ਬਹੁੜਿਆ ਬਾਲ ਨਾਥ ਦਰ ਆਪੇ
ਦਿਨ ਰਾਤ ਉਸ ਰੱਬ ਸਾਧਿਆ ਸੂ, ਰੱਬ ਘੱਲਿਆ ਨਾਥ ਦੇ ਘਰ ਆਪੇ
ਡੇਰੇ ਨਾਥ ਦੇ ਅਲਖ਼ ਜਗਾ ਦਿੱਤੀ, ਬਾਹਰ ਵੇਖਿਆ ਨਾਥ ਨੇ ਆ ਆਪੇ
ਨਾਥ ਪੁੱਛਿਆ ਬੱਚਾ ਆਉਣ ਕਾਰਨ, ਗੱਲ ਦਿਲ ਦੀ ਬੱਚਾ ਸੁਣਾ ਆਪੇ
ਕੰਨੀਂ ਮੁੰਦਰਾਂ ਪੈਰੀਂ ਪੰਜੇਬਾਂ ਈ, ਕੱਢੀ ਮੀਢੀਆਂ ਮੋਢੇ ਤੇ ਖੇਸ ਜਾਪੇ
ਭਰਵੱਟੇ ਕਾਲੜੇ ਅੱਖ ਮਸਤਾਨੜੀ ਏ, ਪਾ ਕਜਲਾ ਨੈਣਾਂ ਨਰੇਸ਼ ਜਾਪੇ
ਸ਼ਕਲ ਸੂਰਤ ਵੇਖ ਹੈਰਾਨ ਹੋਇਆ, ਧੀਦੋ ਨਾਥ ਨੂੰ ਪਿਆ ਬੇਕਾਰ ਜਾਪੇ
ਪਿੱਠ ਪਿੱਛੇ ਲਟੂਰੀਆਂ ਲਮਕਦੀਆਂ, ਹੱਥ ਵੰਝਲੀ ਵੇਖਣ ਨਚਾਰ ਜਾਪੇ
ਭਲਾ ਕੰਮ ਕੀ ਡੇਰੇ ਨਾਚਿਆਂ ਦਾ, ਸੱਚੇ ਰੱਬ ਦਾ ਨਾਥ ਦਰਬਾਰ ਜਾਪੇ
ਧੀਦੋ ਆਖਿਆ ਨਾਥ ਕੂ ਸੱਚ ਆਖਾਂ, ਬਾਝੋਂ ਯਾਰ ਜੀਣਾ ਬੇਕਾਰ ਜਾਪੇ
ਤੇਰਾ ਡੇਰਾ ਈ ਮੇਰਾ ਘਰ ਜੋਗੀ, ਤੇਰੇ ਬਾਝ ਨਾ ਕੋਈ ਪਰਵਾਰ ਜਾਪੇ
ਸਾਰੇ ਜੱਗ ਦੇ ਰਿਸ਼ਤੇ ਤੋੜ ਆਇਆ, ਮੇਰੇ ਸਾਈਂ ਰੱਖ ਸਰਕਾਰ ਆਪੇ
ਜੋਗੀ ਆਖਿਆ ਜੇ ਸੱਚ ਬੋਲੇਂ, ਟਿੱਲਾ ਨਾਥਾ ਦਾ ਤੇਰਾ ਘਰ ਬਾਰ ਮਾਪੇ
ਜੋਗੀ ਆਖਿਆ ਰਾਂਝਿਆ ਸੁਣ ਮੇਰੀ, ਬਣ ਜੋਗੀ ਤਿਆਗ ਹੰਕਾਰ ਆਪੇ
ਮਹਾਂਦੇਵ ਈ ਪੰਥੀ ਜੋਗੀਆਂ ਦਾ, ਖੜਕੌਣ ਜੰਗਮ ਜਾਇ ਕੈ ਟੱਲ ਇਹਾ
ਭਗਵੇਂ ਕੱਪੜੇ ਗਲ ਪਾ ਝੋਲੀ, ਦਰ ਦਰ ਮੰਗਦੇ ਜਾਇ ਕੇ ਕੱਲ੍ਹ ਇਹਾ
ਗਜਾ ਮੰਗਣਾ ਕਰਮ ਜੋਗੀਆਂ ਦਾ, ਤਾਨ੍ਹੇ ਸੁਣਨਾ ਜੋਗ ਦਾ ਹੱਲ ਇਹਾ
ਮਨ ਨੀਵਾਂ ਤੇ ਮੱਤ ਉਚੀ ਬਣੇ, ਰਾਹ ਜੋਗੀਆਂ ਰੱਬ ਦਾ ਵੱਲ ਇਹਾ
ਨਹੀਂ ਤੱਕਣਾ ਨਾਰ ਪਰਾਈਆਂ ਥੀਂ, ਸਿਰ ਕੱਪ ਕਰਨਗੇ ਕੱਲ ਇਹਾ
ਘੁੱਟ ਕੌੜਾ ਮਿੱਠਾ ਕਰ ਮੰਨਣਾ ਈ, ਸੁਆਦ ਭੈੜੀ ਜੀਭ ਦਾ ਹੱਲ ਇਹਾ
ਘੋਟ ਨਿੰਮ ਤੇ ਸੁੱਖਾ ਪੀਵਣਾ ਈ, ਚੜ੍ਹੇ ਮਸਤੀ ਭੁੱਲ ਜਾਏ ਜੱਗ ਇਹਾ
ਅੱਜ ਲੰਘ ਗਈ ਕੱਲ੍ਹ ਸੋਚਣੀ ਨਹੀਂ, ਚਿੱਤ ਜਾਏ ਰੱਬ ਵੱਲ ਲੱਗ ਇਹਾ
ਜੋਗੀ ਜੋਗ ਦਾ ਚਿੱਤ ਅਲਾਪ ਕਰਨਾ, ਮਾਲਾ ਫੇਰ ਰਾਮ ਰਮਾ ਇਹਾ
ਬੁਰਾ ਸੁਣ ਕੇ ਭਲਾ ਮੰਨਣਾ ਈ, ਮਨ ਸਿੱਧਾ ਕਰਨ ਦਾ ਰਾਹ ਇਹਾ



## 00

ਧੀਦੋ ਆਖਿਆ ਸ਼ਰਤ ਮਨਜ਼ੂਰ ਸਾਈਂ, ਤੁਸੀਂ ਆਖੋ ਵਚਨ ਕਮਾਵਸਾਂ ਮੈਂ
ਛੱਡ ਮੱਝੀਆਂ ਜੋਗ ਦੇ ਰਾਹ ਟੁਰਿਆ, ਹੁਣ ਨਵਾਂ ਰਾਹ ਅਪਣਾਵਸਾਂ ਮੈਂ
ਕੀਤੀ ਆਸ਼ਿਕੀ ਬਾਰਾਂ ਵ੍ਹਰੇ ਬਾਬਾ, ਬਾਰਾਂ ਸਾਲ ਹੋਰ ਚਿੱਤ ਲਾਵਸਾਂ ਮੈਂ
ਦਿਲ ਤੋੜਿਆ ਕੱਚੇ ਵਾਧਿਆਂ ਸੂ, ਰਾਹ ਜੋਗੀਆਂ ਹੁਣ ਅਜਮਾਵਸਾਂ ਮੈਂ
ਤੇਰੇ ਦਰ ਤੇ ਨਾਥ ਮੁਹਤਾਜ ਬੈਠਾ, ਨਾ ਮੰਨਿਆਂ ਥਾਇਂ ਮਰ ਜਾਵਸਾਂ ਮੈਂ
ਬੱਚਾ ਜੋਗ ਦੇ ਮਾਇਨੇ ਬੜੇ ਔਖੇ, ਚਿੱਤ ਵਿਛੜੇ ਯਾਰ ਵੱਲ ਲਾਉਣਾ ਏ
ਗਲ ਮਾਲਾ ਹੱਥ ਕਾਸਾ ਗਲ ਝੋਲੀ, ਦਰ ਦਰ ਜਾ ਅਲਖ਼ ਜਗਾਉਣਾ ਏ
ਜੋਗੀ ਜੰਗਮ ਚੜ੍ਹ ਬਲਦ ਧੌਲਾ, ਮੱਥੇ ਸ਼ਿਵਜੀ ਤਰਸੂਲ ਬਣਾਉਣਾ ਏ
ਤਾੜੀ ਲਾਇ ਕੈ ਨਾਥ ਨੂੰ ਚਿੱਤ ਧਰਨਾ, ਸਾਹ ਦਸਵੇਂ ਦੁਆਰ ਚੜ੍ਹਾਵਣਾ ਏ
ਕਾਮ ਕ੍ਰੋਧ ਦਿਲੋਂ ਭੁਲਾ ਬੱਚਾ, ਲੋਭ ਮੋਹ ਹੰਕਾਰ ਨੂੰ ਦੂਰ ਭਜਾਉਣਾ ਏ
ਜੰਮਣ ਮਰਨ ਹਰਖ ਤੇ ਸੋਗ ਭੁੱਲ, ਸੋਗ ਵਿੱਛੜਿਆਂ ਛੱਡ ਪਛਤਾਵਣਾ ਏ
ਸੌਣਾ ਨਾਥ ਦੇ ਡੇਰੇ ਆ ਬੱਚਾ, ਜਤੀ ਸਤੀ ਬਣ ਕੇ ਜੋਗ ਕਮਾਵਣਾ ਏ
ਸਾਰੀ ਉਮਰ ਕਮਾ ਕੇ ਜੋਗ ਮਿਲਦਾ, ਆਖ ਚੇਲਿਆਂ ਤੈਨੂੰ ਸੁਣਾਉਣਾ ਏ
ਆਗਿਆ ਮੰਨਣਾ ਕਰਮ ਤੇਰਾ, ਅਸਾਂ ਜੋਗ ਲਈ ਤੈਨੂੰ ਅਜਮਾਉਣਾ ਏ
ਨਾਥ ਆਖਿਆ ਜੋਗ ਕਰਮ ਔਖਾ, ਹਠ ਕਮਾਵਣਾ ਕੰਮ ਜੋਗੀਆਂ ਦਾ
ਸੁੱਟ ਵੰਝਲੀ ਹੱਥ ਚੁੱਕ ਕਾਸਾ, ਗਜਾ ਮੰਗਣਾ ਕਰਮ ਈ ਜੋਗੀਆਂ ਦਾ
ਦਰ ਦਰ ਜਾ ਅਲਖ਼ ਜਗਾ ਬੱਚਾ, ਤੱਕ ਵਿਰਸਾ ਰੋਗੀਆਂ ਭੋਗੀਆਂ ਦਾ
ਕੋਈ ਗਜਾ ਦੇਵੇ ਕੋਈ ਗਾਲ੍ਹ ਦੇਵੇ, ਸੱਤ ਬਚਨ ਕਰਮ ਈ ਜੋਗੀਆਂ ਦਾ
ਇੱਥੇ ਸ਼ਿਕਵੇ ਸ਼ਿਕੇਤਾਂ ਚੱਲਣੀ ਨਹੀਂ, ਸ਼ਿਕੈਤਾਂ ਕਰਮ ਈ ਰੋਗੀਆਂ ਦਾ
ਮੱਥੇ ਤਿਲਕ ਲਾ ਗਲ ਪਾ ਝੋਲੀ, ਜਾ ਕੇ ਕਰਮ ਕਮਾ ਵਿਜੋਗੀਆਂ ਦਾ
ਜੋਗੀ ਬਣਦਾ ਰੋਗ ਵਿਜੋਗ ਲਾ ਕੇ, ਵਿਜੋਗ ਕਰਮ ਦਿਲ ਦੇ ਰੋਗੀਆਂ ਦਾ
ਬੱਚਾ ਭੁੱਲ ਜਾ ਦੁਨੀਆਂਦਾਰੀ ਨੂੰ, ਨਾਮ ਰੱਬ ਦਾ ਕਰਮ ਈ ਜੋਗੀਆਂ ਦਾ
ਚੌਥੀ ਪੌੜੀ ਤੇ ਚੜ੍ਹ ਬੈਠੈਂ, ਪੌੜੀ ਪੰਜਵੀ ਵੈਰਾਗ ਕਰਮ ਜੋਗੀਆਂ ਦਾ
ਛਟੀ ਮੁੰਦਰਾਂ ਪਾਉਣ ਦਾ ਈ, ਪਾ ਮੁੰਦਰਾਂ ਬਦਲੇ ਰੰਗ ਜੋਗੀਆਂ ਦਾ

## 00

ਗਜਾ ਕਰਦੇ ਵ੍ਹਰਾ ਬੀਤ ਗਿਆ, ਧੀਦੋ ਜਪਦਾ ਜਾਪ ਸੂ ਚਿੱਤ ਲਾ ਕੇ
ਰਾਂਝੇ ਇਸ਼ਕ ਚ ਚਿੱਤ ਸਾਧਿਆ ਸੂ, ਰੱਬ ਮੰਨਦਾ ਯਾਰੋ ਪਿਆਰ ਪਾ ਕੇ
ਬਾਝ ਯਾਰ ਰੱਬ ਨ ਮੰਨਦਾ ਈ, ਰੱਬ ਬੈਠਾ ਈ ਯਾਰ ਦੇ ਚਿੱਤ ਛੁਪਾ ਕੇ
ਯਾਰ ਥਾਪਿਆ ਰੱਬ ਵਚੋਲੜਾ ਈ, ਬਾਝ ਵਚੋਲੇ ਰੱਬ ਨ ਸਾਕ ਥਾਪੇ
ਬੰਦਾ ਰੱਬ ਦਾ ਰੱਬ ਨੇ ਘੱਲਿਆ ਈ, ਤੱਕਿਆ ਨਾਥ ਸੂ ਮਨ ਟਿਕਾ ਆਪੇ
ਨਾਥ ਸੱਦਿਆ ਰਾਂਝੇ ਕੋਲ ਅਪਣੇ, ਹੱਥ ਰੱਖਿਆ ਸਿਰ ਤੇ ਨਾਥ ਆਪੇ
ਚੇਲੇ ਸੈਕੜੇ ਬੈਠੇ ਵ੍ਹਰਿਆਂ ਤੋਂ, ਨਾਥ ਦੱਸੇ ਨਾ ਚੇਲਿਆਂ ਚਿੱਤ ਲਾ ਕੇ
ਹਿੰਦੂ ਜੋਗੀਆਂ ਭਗਵਾ ਭੇਸ ਬਣਿਆ, ਗਲ ਮਾਲਾ ਮੱਥੇ ਤਿਲਕ ਜਾਪੇ
ਲੋਕੋ ਸੋਚ ਵਿਚਾਰ ਕੇ ਵੇਖੋ ਜ਼ਰਾ, ਦਰ ਜੋਗੀਆਂ ਮੋਮਨਾਂ ਬੇਕਾਰ ਜਾਪੇ
ਮੁਸਲਮਾਨ ਇਮਾਨ ਮੁਸੱਲਮ ਈ, ਲਿਖਣ ਹਿੰਦੂਆਂ ਉਨ੍ਹਾਂ ਦੁਸ਼ਵਾਰ ਜਾਪੇ
ਤੁਰਕ ਸਜਦੇ ਕਰਨ ਕਿਬਲੇ ਕਾਬੇ ਨੂੰ, ਬੁੱਤਖ਼ਾਨਾ ਉਨ੍ਹਾਂ ਬੁੱਤਖ਼ਾਰ ਜਾਪੇ
ਕਬਰ ਹੀਰ ਬਣਾਈ ਇਸ ਕਾਰਨ, ਹਿੰਦੂ ਆਸ਼ਿਕਾਂ ਤਾਈਂ ਗੱਦਾਰ ਆਖੇ
ਬੁੱਲੇ ਵਾਕਰਾਂ ਹੀਰ ਨ ਫੂਕੇ ਕੋਈ, ਭੈੜੇ ਹਿੰਦੂਆਂ ਹੀਰ ਬਦਕਾਰ ਜਾਪੇ
ਉਚੱਾ ਤੱਕ ਵੇਖਿਆ ਸੂਫੀਆਂ ਨੇ, ਧੀਦੋ ਰਾਂਝੇ ਰੱਬ ਸੰਗ ਪਿਆਰ ਜਾਪੇ
ਗੱਲ ਚਲਦੀ ਚਲਦੀ ਵਧੀ ਅੱਗੇ, ਰਾਸ ਰਾਂਝੇ ਸੂਫੀਆਂ ਰਾਹ ਰੱਬ ਜਾਪੇ
ਮੁਸਲਮਾਨਾਂ ਅਪਣਾਇਆ ਰਾਂਝਣੇ ਨੂੰ, ਸੂਫੀਆਂ ਇਸ਼ਕ ਚੋਂ ਰੱਬ ਜਾਪੇ
ਹਕੀਕੀ ਇਸ਼ਕ ਰੱਬ ਦਾ ਰਾਹ ਲੋਕੋ, ਮਜ਼੍ਹਬਾਂ ਇਸ਼ਕ ਮਜਾਜ਼ ਜਾਪੇ
ਹੀਰ ਰਾਂਝਾ ਧੀ ਪੁੱਤ ਹਿੰਦੂਆਂ ਦੇ, ਕਵੀ ਕਾਵਿ ਛੁਪਾਇ ਹਿਜਾਬ ਜਾਪੇ
ਖੱਟੇ ਨਾਮਣੇ ਲਿਖ ਸੱਈਅਦਾਂ ਨੇ, ਬਿਨ ਖੋਜਿਆਂ ਲਿਖਤ ਦਰਕਾਰ ਜਾਪੇ
ਲੋਕੋ ਸੋਚ ਵਿਚਾਰ ਕੇ ਵੇਖੋ ਜ਼ਰਾ, ਨਾਥ ਡੇਰੇ ਦਾ ਮੋਮਨ ਨਾ ਪੀਰ ਆਖੇ
ਮੁਸਲਮਾਨ ਜਾਣ ਨਾ ਜੋਗੀਆਂ ਦਰ, ਰੱਬ ਮੁੱਹਮੰਦ ਮੋਮਨਾਂ ਮੀਰ ਥਾਪੇ
ਮਜ਼੍ਹਬ ਨਾ ਰੱਬ ਦਾ ਰਾਹ ਜਾਨਣ, ਮਰਨ ਮਾਰਨ ਮਜ਼੍ਹਬਾਂ ਪਾਇ ਸਿਆਪੇ
ਗ਼ਲਤ ਲਿਖਣਾ ਗਲਤ ਵਿਚਾਰਧਾਰਾ, ਰੱਬ ਕਰੇ ਨ ਪਾਰ ਉਤਾਰ ਆਪੇ
ਸੱਚ ਸੱਚ ਈ ਝੂਠ ਝੂਠ ਆਖੋ, ਨੀਰ ਸ਼ੀਰ ਨਖੇੜਨਾ ਹੰਸਾਂ ਰਾਜ਼ ਜਾਪੇ



ਪਹਿਲਾਂ ਰੱਬ ਨੇ ਸਾਧਨਾ ਆਪ ਕੀਤੀ, ਉਸ ਆਪਣਾ ਆਪ ਉਪਾਇਆ ਈ
ਜਦੋਂ ਤੱਕਿਆ ਆਪਣਾ ਆਪ ਕੱਲਾ, ਚਿੱਤ ਪਿਆਰ ਚ ਡੁੱਬਿਆ ਪਾਇਆ ਈ
ਜਦੋਂ ਵੈਰਾਗ ਚ ਰੱਬ ਰੋਇਆ, ਬਰਖਾ ਵ੍ਹਰਨ ਦਾ ਸਾਧਨ ਬਣਾਇਆ ਈ
ਪਿਆਰ ਪਿਆਰ ਹੈ ਸੱਚ ਸੱਚਾ, ਇਸੇ ਪਿਆਰ ਨੇ ਰੱਬ ਤੜਫਾਇਆ ਈ
ਮੁੜ ਰੱਬ ਨੇ ਸਾਧਨਾ ਸਾਧ ਘੱਤੀ, ਸਾਧ ਅੱਲਾ ਨੇ ਅਲਿਫ ਅਲਾਇਆ ਈ
ਸਵਰਨ ਸਿੰਘਾ ਅੱਲਾ ਦਾ ਫਜ਼ਲ ਵੇਖੋ, ਸਾਰਾ ਜੱਗ ਰੱਬ ਸਜਾਇਆ ਈ
ਜੱਗ ਸਾਜਿਆ ਆਪਣੇ ਇਸ਼ਕ ਤਾਈਂ, ਮਜ਼੍ਹਬਾਂ ਲੋਕਾਂ ਭਰਮਾਂ ਪਾਇਆ ਈ
ਜੱਗ ਸਾਜ ਮੁੜ ਆਬਾਦ ਕੀਤਾ, ਰੁੱਖ ਬਿਰਖ ਧਰ ਆਕਾਸ਼ ਬਣਾਇਆ ਈ
ਧਰ ਆਕਾਸ਼ ਸੂਰਜ ਚੰਦ ਤਾਰੇ ਚੁੱਪ ਸਾਰੇ, ਕਿਨ੍ਹੇ ਨ ਪਿਆਰ ਜਤਾਇਆ ਈ
ਇਸੇ ਵਾਸਤੇ ਨਿੱਤ ਲਾਉਣ ਚੱਕਰ, ਜਿਨ੍ਹਾਂ ਭੇਦ ਨ ਇਸ਼ਕ ਦਾ ਪਾਇਆ ਈ
ਵਿਚਾਰ ਕਰ ਪਹਿਲਾਂ ਬਣਾਈ ਜਨਨੀ, ਪਿਆਰ ਉਸ ਦੀ ਝੋਲੀ ਪਾਇਆ ਈ
ਫਿਰ ਮਾਦਾ ਨੇ ਪੈਦਾ ਕੀਤੇ ਮਰਦ, ਵਸਲ ਨਰ ਨਾਰੀ ਜੱਗ ਚਲਾਇਆ ਈ
ਸੁੱਚੇ ਪਿਆਰ ਦਾ ਰੱਬ ਆਪ ਭੁੱਖਾ, ਭਾਇ ਭਾਵਨਾ ਭਾਵਨੀ ਭਾਇਆ ਈ
ਪਿਆਰ ਪਿਆਰ ਨੂੰ ਖਿੱਚ ਲੈਂਦਾ, ਦਿਲ ਖਿੱਚਣਾ ਰੱਬ ਮਨ ਭਾਇਆ ਈ
ਭਾਇ ਭਾਵਨੀ ਬਾਝ ਨ ਮਿਲੇ ਮੰਜ਼ਿਲ, ਭਾਵੇਂ ਰੱਜ ਰੱਜ ਲਾਡ ਲਡਾਇਆ ਈ
ਵੇਦ ਗ੍ਰੰਥ ਲੋਕੀਂ ਪੜ੍ਹਨ ਸੁਬਹ ਸ਼ਾਮ, ਨਮਾਜ਼ ਪੜ੍ਹਨਾ ਕਈਆਂ ਭਾਇਆ ਈ
ਪਾਠ ਕੀਤਿਆਂ ਕਿਸੇ ਨ ਰੱਬ ਪਾਇਆ, ਬੈਂਸ ਥੀਂ ਯਾਰ ਸਮਝਾਇਆ ਈ
ਹੀਰ ਰਾਂਝਾ ਦੋਵੇਂ ਭੁੱਖੇ ਭਾਵਨਾ ਦੇ, ਇਸ ਲਈ ਪਿਆਰ ਉਨ੍ਹਾਂ ਪਾਇਆ ਈ
ਪਿਆਰ ਵਧਦੇ ਵਧਦੇ ਵਧ ਗਿਆ, ਪਿਆਰ ਭਾਵਨਾ ਬਣ ਆਇਆ ਈ
ਦੋ ਪੰਛੀ ਮਿਲ ਜੋੜਾ ਸਾਰਸਾਂ ਦਾ, ਪਿਆਰ ਯਾਰ ਦਾ ਚਿੱਤ ਛੁਪਾਇਆ ਈ
ਦੋ ਬਦਨ ਇਕ ਰੂਹ ਹੋ ਗਈ, ਰਾਂਝਾ ਹੀਰ, ਹੀਰ ਰਾਂਝਾ ਬਣ ਆਇਆ ਈ
ਵੱਜੇ ਵੰਝਲੀ ਰਾਂਝੇ ਦੀ ਝੰਗ ਅੰਦਰ, ਮੁੱਖ ਹੀਰ ਦਾ ਚਿੱਤ ਛੁਪਾਇਆ ਈ
ਭੱਤਾ ਲੈ ਕੇ ਸਲੇਟੀ ਟੁਰੇ ਘਰੋਂ, ਮੂਰਤ ਰਾਂਝੇ ਦਾ ਦਿਲ ਚ ਵਸਾਇਆ ਈ
ਹੀਰ ਰਾਂਝਾ, ਰਾਂਝੇ ਨੂੰ ਹੀਰ ਦਿਸੇ, ਰੱਬ ਦੋਹਾਂ ਦੇ ਚਿੱਤ ਵਸ ਆਇਆ ਈ
ਭੈੜੀ ਗੱਲ ਰੱਬ ਇਮਤਹਾਨ ਲੈਂਦਾ, ਭੈੜਾ ਬੈਂਸ ਦੇ ਚਿੱਤ ਨ ਭਾਇਆ ਈ
ਪਹਿਲਾਂ ਮਰ ਕੇ ਉਨ੍ਹਾਂ ਯਾਰ ਪਾਇਆ, ਰੱਬ ਮੋਇਆਂ ਮਾਰ ਮੁਕਾਇਆ ਈ
ਜਿਨ੍ਹਾਂ ਆਪਣਾ ਆਪ ਕੁਰਬਾਨ ਕੀਤਾ, ਰੱਬ ਤਿਨ੍ਹਾਂ ਗਲ ਨਾਲ ਲਾਇਆ ਈ
ਸਵਰਨ ਸਿੰਘਾ ਅੱਲਾ ਦਾ ਫਜ਼ਲ ਵੇਖੋ, ਹੀਰ ਰਾਂਝੇ ਵਸ ਰੱਬ ਆਇਆ ਈ

## 00

ਵੇਖਿਆ ਨਾਥ ਨੇ ਝਾਕ ਅਰਸ਼ਾਂ, ਰਾਂਝੇ ਕੀਤੀਆਂ ਬਹੁਤ ਕਮਾਈਆਂ ਈ
ਧੂਣਾ ਲਾਇ ਕੈ ਉਤੋਂ ਭਬੂਤ ਚਾੜ੍ਹੀ, ਕੰਨੀਂ ਮੁੰਦਰਾਂ ਰਾਂਝੇ ਪਾਈਆਂ ਈ
ਕੰਨੀਂ ਮੁੰਦਰਾਂ ਭਗਵਾਂ ਭੇਸ ਕੀਤੋ, ਰਾਂਝੇ ਕੀਤੀਆਂ ਰੱਜ ਕਮਾਈਆਂ ਈ
ਨਾਥ ਰੱਖਿਆ ਹੱਥ ਸਿਰ ਰਾਂਝੇ ਦੇ, ਕਰਾਮਾਤਾਂ ਰਾਂਝੇ ਚ ਪਾਈਆਂ ਈ
ਚਿੱਤ ਹੋਇਆ ਚਾਨਣ ਰੰਝੇਟੜੇ ਦੇ, ਰਾਂਝੇ ਪਿਛਲੀ ਗੱਲਾਂ ਭੁਲਾਈਆਂ ਈ
ਦਿਨ ਦੂਣਾ ਰਾਤ ਚੌਣਾ ਜਾਪ ਜਪੇ, ਉਸ ਅੱਖੀਆਂ ਨਾਥ ਸੰਗ ਲਾਈਆਂ ਈ
ਨਾਥ ਆਪੇ ਜਾਣੀ ਜਾਣ ਯਾਰੋ, ਰਾਂਝੇ ਲੱਗੀਆਂ ਨਾਥ ਬੁੱਝ ਪਾਈਆਂ ਈ
ਚੇਲੇ ਬੈਠੇ ਦਹਾਕਿਆਂ ਆਸ ਲਾਈ, ਟਿੱਲੇ ਨਾਥ ਦੇ ਮਚੀ ਦੁਹਾਈਆਂ ਈ
ਕਿੱਥੋਂ ਘੱਲਿਆ ਰੱਬ ਆਪ ਚੇਲਾ, ਕੱਲ੍ਹ ਆਇਆ ਮੁੰਦਰਾਂ ਪਾਈਆਂ ਈ
ਸਾਨੂੰ ਦੱਸ ਖਾਂ ਓਏ ਬਾਲ ਨਾਥਾ, ਕਮੀ ਪੇਸ਼ੀਆਂ ਅਸਾਂ ਕੀ ਪਾਈਆਂ ਈ
ਨਾਲ ਰੰਝੇਟੇ ਨਿੱਤ ਗਜਾ ਕੀਤੀ, ਪੈਰ ਘਸ ਗਏ ਮਸ਼ੱਕਤਾਂ ਪਾਈਆਂ ਈ
ਤੈਨੂੰ ਰੱਖਿਆ ਸਦਾ ਚਿੱਤ ਅੰਦਰ, ਮਾਲਾ ਫੇਰ ਕੇ ਅਸਾਂ ਘਸਾਈਆਂ ਈ
ਕੀਤਾ ਅਸਾਂ ਜੋ ਤੂੰ ਆਖਿਆ ਸੂ, ਸਾਡੀ ਖੱਟੀਆਂ ਰਾਸ ਨ ਆਈਆਂ ਈ
ਤਥਾ ਵੇਖ ਕੇ ਚੇਲੇ ਹੋਏ ਗੁੱਸੇ, ਕਈਆਂ ਲੰਮੀਆਂ ਜੀਭਾਂ ਕਢਾਈਆਂ ਈ
ਲਾਹੁਣ ਨਕਲਾਂ ਸਹਾਮਣੇ ਨਾਥ ਬੈਠੇ, ਕਈਆਂ ਗੁੱਸੇ ਚ ਮੁੱਛਾਂ ਚੜ੍ਹਾਈਆਂ ਈ
ਨਾਥ ਆਖਿਆ ਜੋਗ ਨਹੀਂ ਗਜਾ ਕਰਨਾ, ਨਾ ਹੀ ਮੱਥੇ ਤਿਲਕ ਲਗਾਵਣਾ ਈ
ਨਾ ਹੀ ਭਗਵਾਂ ਭੇਸ ਬਣਾਉਣਾ ਈ, ਨਾ ਹੀ ਫੇਰ ਕੇ ਮਾਲਾ ਘਸਾਵਣਾ ਈ
ਨਾ ਹੀ ਮੁੱਖੋਂ ਰਾਮ ਰਾਮ ਕਹਿਣਾ, ਨਾ ਹੀ ਨਾਥ ਦਾ ਵਚਨ ਕਮਾਵਣਾ ਈ
ਨਾ ਹੀ ਅੰਗ ਵਿਅੰਗ ਮੋੜਨਾ ਹੀ, ਨਾ ਹੀ ਯੋਗਾ ਕਰ ਤਨ ਘਸਾਵਣਾ ਈ
ਇਹ ਸਭ ਸਰੀਰਕ ਮੁਸ਼ੱਕਤਾਂ ਈ, ਬਦਨ ਸਾਧਣਾ ਹੁਕਮ ਪੁਗਾਵਣਾ ਈ
ਜੋਗ ਖੱਟਣਾ ਮਨ ਦੀ ਸਾਧਨਾ ਏ, ਸ਼ੁਰੂ ਹੋਵੇ ਜਦੋਂ ਧਰਮ ਮੁੱਕ ਜਾਵਣਾ ਈ
ਰੱਬ ਆਖ ਕੇ ਕਿਸੇ ਨ ਰੱਬ ਪਾਇਆ, ਨਾ ਹੀ ਪਾਠ ਪੜ੍ਹ ਸੁਣਾਵਣਾ ਈ
ਨਾ ਨਮਾਜ਼ ਪੜ੍ਹ ਉਹਦਾ ਰਾਹ ਲੱਭੇ, ਐਵੇਂ ਗੋਡੇ ਨੱਕ ਰਗੜਾਵਣਾ ਈ
ਜੋਗ ਖੱਟਣਾ ਮਨ ਦੀ ਸਾਧਨਾ ਈ, ਨਾਮ ਧਿਆਇ ਮਨ ਸਮਝਾਵਣਾ ਈ
ਜਦੋਂ ਮੂਰਤ ਯਾਰ ਦੀ ਚਿੱਤ ਵਸੇ, ਤਦੋਂ ਸੁਲ੍ਹਗਦੀ ਚਿੱਤ ਦੀ ਭਾਵਨਾ ਈ
ਮਨੋਂ ਭਾਵਨਾ ਰੱਬ ਦਾ ਰਾਹ ਲੋਕੋ, ਕਮੌਣਾ ਧਰਮ ਕੰਮ ਨ ਆਵਣਾ ਈ



## 00

ਪੜ੍ਹ ਪੜ੍ਹ ਉਚੱ ਪਾਠ ਸੁਣਾਉਣ ਭਾਈ, ਅੱਖੀਆਂ ਮਾਇਆ ਚ ਲਾਈਆਂ ਈ
ਪੜ੍ਹ ਪਾਦਰੀ ਲੋਕਾ ਸੁਣਾਉਣ ਬਾਈਬਲ, ਅੱਖਾਂ ਨਾਬਾਲਗਾਂ ਤੇ ਲਾਈਆਂ ਈ
ਕੱਚੀ ਉਮਰ ਭੈੜੇ ਹਲਾਲ ਕਰਦੇ, ਉਮਰ ਭਰ ਨਾ ਪਾਉਣ ਰਿਹਾਈਆਂ ਈ
ਪੰਡਿਤ ਬੁੱਤਖ਼ਾਨੇ ਪੂਜਣ ਪੱਥਰ, ਆਪ ਡੁੱਬੇ ਸੰਗ ਜਜਮਾਨ ਡੁਬਾਈਆਂ ਈ
ਜਿਹੜੇ ਆਪ ਡੁੱਬੇ ਤੈਨੂੰ ਕਿਵੇਂ ਤਾਰਨ, ਭੋਲੇ ਹਿੰਦੂਆਂ ਸਮਝ ਨ ਪਾਈਆਂ ਈ
ਉਠੱ ਤੜਕੇ ਮੁੱਲਾਂ ਉਚੀ ਬਾਂਗ ਦੇਵੇ, ਕੰਨ ਫੂਕ ਭੀ ਉਹਨੂੰ ਸੁਣ ਜਾਈਆਂ ਈ
ਆਪ ਕਦੀ ਰੱਬ ਨ ਯਾਦ ਕੀਤਾ, ਸੁੱਤੀ ਰੂਹਾਂ ਤਾਈਂ ਪਾਈ ਦੁਹਾਈਆਂ ਈ
ਕਾਜ਼ੀ ਮੁੱਲਾਂ ਸ਼ਰੀਅਤ ਤੇ ਰੁਕ ਜਾਂਦੇ, ਤ੍ਰੀਕਤਾਂ ਉਨ੍ਹਾਂ ਨਹੀਂ ਭਾਈਆਂ ਈ
ਰੋਗੀ ਜੋਗੀ ਤ੍ਰੀਕਤ ਨ ਪਾਰ ਕਰਦੇ, ਰਾਂਝੇ ਲੰਮੀਆਂ ਤਾਰੀਆਂ ਲਾਈਆਂ ਈ
ਮਨ ਮਾਰ ਮਾਰਫਤ ਮਿਲੇ ਮੰਜ਼ਿਲ, ਰਾਂਝੇ ਉਚੀਆਂ ਮੰਜ਼ਿਲਾਂ ਪਾਈਆਂ ਈ
ਦੋ ਤੋਂ ਜਦੋਂ ਇਕ ਚਿੱਤ ਹੋ ਗਏ, ਸੜੇ ਸੂਫੀਆਂ ਹਕੀਕਤਾਂ ਪਾਈਆਂ ਈ
ਚਾਰ ਲਾਵਾਂ ਗੁਰਾਂ ਨੇ ਥਾਪੀਆਂ ਸੂ, ਪੰਜਵੀਂ ਰਸਮ ਵਿਆਹ ਬਣਾਈਆਂ ਈ
ਕਰ ਵਿਆਹ ਯਾਰ ਚਿੱਤ ਚੈਨ ਲੁੱਟੇ, ਜਦੋਂ ਸੱਚੀਆਂ ਅੱਖੀਆਂ ਲਾਈਆਂ ਈ
ਜੋੜਾ ਸਾਰਸਾਂ ਚਿੱਤ ਇਕ ਹੋਵੇ, ਦੋ ਬਦਨ ਇਕ ਕਲਬੂਤ ਬਣਾਈਆਂ ਈ
ਨਾਲੇ ਰਕੀਬ ਸਰੀਕੇ ਦਾ ਧੰਦ ਮੁੱਕੇ, ਪਾ ਪਿਆਰ ਮਿਲਣ ਰਿਹਾਈਆਂ ਈ
ਰਾਸ ਰੱਬ ਦੀ ਘਰ ਦੇ ਵਿਚ ਵਸੇ, ਭੈੜੇ ਬੈੜਿਆਂ ਸਮਝ ਨਾ ਪਾਈਆਂ ਈ
ਵਿਆਹ ਰੱਬ ਦਾ ਰਾਹ ਲੋਕੋ, ਬੈਂਸ ਵਿਆਹ ਚੋਂ ਹਕੀਕਤਾਂ ਪਾਈਆਂ ਈ
ਅੱਠ ਪੌੜੀਆਂ ਜੋਗੀਆਂ ਭੋਗੀਆਂ ਦੇ, ਇੰਵ ਨਾਥਾਂ ਬਣਤ ਬਣਾਈਆਂ ਈ
ਪਹਿਲੀ ਪੌੜੀ ਜਦੋਂ ਜਨਮ ਹੋਵੇ, ਦੂਜੀ ਪੌੜੀ ਪਿਆਰ ਰਸ ਆਈਆਂ ਈ
ਪੌੜੀ ਤੀਜੀ ਸ਼ੁਭ ਕਰਮ ਕਰਨਾ, ਵੰਡ ਖਾਣੀਆਂ ਕਿਰਤ ਕਮਾਈਆਂ ਈ
ਚੌਥੀ ਪੌੜੀ ਨਾਥ ਦੇ ਜਾ ਟਿੱਲੇ, ਬੂਹੇ ਨਾਥ ਜਾ ਨਜ਼ਰਾਂ ਝੁਕਾਈਆਂ ਈ
ਪੌੜੀ ਪੰਜਵੀਂ ਨਾਥ ਬਚਨ ਦੇਵੇ, ਜੋਗੀ ਕੀਤੀਆਂ ਸ਼ਬਦ ਕਮਾਈਆਂ ਈ
ਛਟੀ ਪੌੜੀ ਚੜ੍ਹ ਨਾਥ ਜੋਗ ਬਖਸ਼ੇ, ਜਦੋਂ ਮੁੰਦਰਾਂ ਕੰਨਾਂ ਚ ਪਾਈਆਂ ਈ
ਬੋਲੇ ਜੋਗੀ ਤੇ ਮੰਗਾਂ ਹੋਣ ਪੂਰੀ, ਮੰਗਾਂ ਪੂਰਨਾ ਜੋਗੀ ਅਜਮਾਈਆਂ ਈ
ਪੌੜੀ ਸੱਤਵੀਂ ਬਾਲ ਨਾਥ ਚੜ੍ਹ ਬੈਠਾ, ਸਾਰੇਜੱਗ ਚ ਹੋਣ ਰੁਸਵਾਈਆਂ ਈ
ਨਾਥ ਨਾਥੀਂ ਰੱਬ ਆਪ ਨੱਥੇ, ਵਿਰਲੇ ਵਿਰਲੇ ਮੰਜ਼ਿਲਾਂ ਪਾਈਆਂ ਈ
ਮੰਜ਼ਿਲ ਅੱਠਵੀਂ ਰੱਬ ਆਪ ਥਾਪੀ, ਬੈਠਾ ਚਿੱਤ ਚ ਛਾਈਆਂ ਮਾਈਆਂ ਈ

## 00

ਵੱਡੀ ਥੀਂ ਮਾਂ ਸਮਝਣਾ ਈ, ਧੀਆਂ ਭੈਣਾਂ ਬੇਟੀਆਂ ਨਜ਼ਰ ਆਈਆਂ ਈ
ਨਾਥ ਸੱਦਿਆ ਰਾਂਝਣੇ ਜੋਗੀ ਨੂੰ, ਪਿੱਠ ਥਾਪੜਾ ਦਿੱਤੀ ਵਧਾਈਆਂ ਈ
ਹੱਥ ਰੱਖਿਆ ਬਾਲੜੇ ਸਿਰ ਰਾਂਝੇ, ਕਰਾਮਾਤਾਂ ਰਾਂਝੇ ਸਿਰ ਪਾਈਆਂ ਈ
ਨਾਥ ਆਖਿਆ ਹੋ ਰਵਾਨ ਬੱਚਾ, ਜਾਹ ਆਪਣੀ ਧੂਣੀ ਮਚਾਈਆਂ ਈ
ਰੱਬ ਆਪੇ ਕਰੇਗਾ ਭਲਾ ਤੇਰਾ, ਬਾਲ ਨਾਲ ਨੇ ਦਿੱਤੀ ਵਧਾਈਆਂ ਈ
ਬਚਨ ਸੁਣ ਰਾਂਝੇ ਨਮਸਕਾਰ ਕੀਤੋ, ਵਰ ਨਾਥ ਦੇ ਝੋਲੀ ਪਾਈਆਂ ਈ
ਪੈਰੀਂ ਹੱਥ ਲਾ ਬਾਲ ਨਾਥ ਜੋਗੀ, ਰਾਂਝੇ ਟਿੱਲਿਓਂ ਪਾਈ ਵਿਦਾਈਆਂ ਈ
ਸੋਗ ਛਾ ਗਿਆ ਚਿੱਤ ਨਾਥ ਦੇ ਸੂ, ਅੱਖੀਆਂ ਨਾਥ ਭਰ ਆਈਆਂ ਈ
ਚਾਟੜੇ ਚੇਲਿਆਂ ਸ਼ੁਕਰ ਕੀਤਾ, ਸਿਰੋਂ ਉਨ੍ਹਾਂ ਦੇ ਟਲੀ ਵਲਾਈਆਂ ਈ
ਨਿੱਤ ਨਵੇਂ ਜੋਗੜੇ ਗਜਾ ਮੰਗਣ, ਵੰਨੇਂ ਚੰਨੇ ਚ ਮਚੀ ਦੁਹਾਈਆਂ ਈ
ਰੰਨਾਂ ਪੁੱਛਣ ਨਵੇਂ ਜੋਗੀਆਂ ਥੀਂ, ਕਿੱਥੇ ਰਾਂਝਣੇ ਕੀਤੀ ਚੜ੍ਹਾਈਆਂ ਈ
ਸੁਣ ਜੋਗੀ ਰੋਹ ਦੀ ਕਰਨ ਬਰਖਾ, ਉਨ੍ਹਾਂ ਈਰਖਾ ਚਿੱਤ ਵਸਾਈਆਂ ਈ
ਲੋਭ ਈਰਖਾ ਕਾਮ ਮੋਹ ਹੰਕਾਰ ਪੰਜੇ, ਰੱਬ ਤੋਂ ਦੂਰ ਲੈ ਜਾਈਆਂ ਈ
ਇਸ ਕਾਰਨੈ ਨਾਥ ਨ ਜੋਗ ਦੇਵੇ, ਕੰਨੀਂ ਮੁੰਦਰਾਂ ਕਿਸੇ ਨ ਪਾਈਆਂ ਈ
ਬੈਠੇ ਜੋਗੜੇ ਪੇਟ ਦੇ ਪਾਲਣੇ ਨੂੰ, ਨੰਗੀ ਭੁੱਖੀਆਂ ਤਿਨ੍ਹਾਂ ਦੀ ਮਾਈਆਂ ਈ
ਲੋਕੋ ਐਵੇਂ ਨ ਜੋਗ ਕਮਾ ਹੋਵੇ, ਗੱਲਾਂ ਸੱਚੀਆਂ ਸਵਰਨ ਸੁਣਾਈਆਂ ਈ
ਜੋਗ ਕਮਾਉਣਾ ਮਨ ਮਾਰ ਮਰਨਾਂ, ਬੈਂਸ ਔਖੀਆਂ ਬੜੀ ਕਮਾਈਆਂ ਈ
ਇੰਨਾਂ ਸੋਖਾ ਹੋਵੇ ਰੱਬ ਪਾਉਣਾ, ਗਿਆਨੀ ਮੁੱਲਾਂ ਹੋਣ ਰੁਸਵਾਈਆਂ ਈ
ਪੜ੍ਹ ਗ੍ਰੰਥ ਕਤੇਬ ਸੁਣਾ ਦੇਂਦੇ, ਆਪ ਮਾਸਾ ਭੀ ਸਮਝ ਨਾ ਪਾਈਆਂ ਈ
ਰੱਬ ਮਿਲਦਾ ਯਾਰ ਮਾਨ ਕੇ ਈ, ਦਰ ਯਾਰ ਦੇ ਪਲਕਾਂ ਝੁਕਾਈਆਂ ਈ
ਦਿਲ ਸੱਚ ਹੋਵੇ ਯਾਰ ਪੱਕ ਹੋਵੇ, ਸ਼ਬਦ ਯਾਰ ਦਾ ਚਿੱਤ ਵਸਾਈਆਂ ਈ
ਗੱਲ ਯਾਰ ਦੀ ਅੱਲਾ ਫਜ਼ਲ ਜਾਣ, ਅੱਖਾਂ ਸੱਖਣੇ ਯਾਰ ਥੀਂ ਲਾਈਆਂ ਈ
ਬਚਨ ਯਾਰ ਦੁਹਰਾ ਮਨ ਹੋਇ ਸਿੱਧਾ, ਮਨ ਸਿੱਧੇ ਹੋਣ ਰੁਸ਼ਨਾਈਆਂ ਈ
ਯਾਰ ਮਨਾ ਕੇ ਮਨ ਸਾਫ ਕਰ ਲੈ, ਬੈਂਸ ਨਿਮਾਣੇ ਪਾਈ ਦੁਹਾਈਆਂ ਈ
ਮਨ ਸਾਫ ਹੋਵੇ ਬਚਨ ਕਮਾ ਯਾਰੋ, ਬਾਝ ਯਾਰ ਨ ਚਿੱਤ ਸਮਾਈਆਂ ਈ
ਯਾਰ ਆਸ਼ਿਕ ਮਾਸ਼ੂਕ ਮੁਰੀਦ ਹੋਵੇ, ਦਿਲ ਦਿਲਾਂ ਦੀ ਦਵੇ ਗੁਆਹੀਆਂ ਈ
ਜਿਸ ਕਾਰਨੈ ਲੋਕਾਂ ਘਰ ਬਾਰ ਛੱਡੇ, ਜੰਗਲ ਬੇਲੇ ਪਾਈ ਦੁਹਾਈਆਂ ਈ
ਘਰ ਬੈਠਿਆਂ ਬੈਂਸ ਗਿਆਨ ਹੋਵੇ, ਚਿੱਤ ਯਾਰ ਚ ਪਲਕਾਂ ਝੁਕਾਈਆਂ ਈ
ਗਿਆਨ ਧਿਆਨ ਨਾ ਸਵਰਨ ਕਾਈ, ਯਾਰੋ ਸੁਣੀਆਂ ਆਖ ਸੁਣਾਈਆਂ ਈ



## 00

ਇਕ ਕਵਾਓ ਜੱਗ ਥਾਪ ਦਿੱਤਾ, ਵਿਚੇ ਵਸਦਾ ਆਪ ਕਰਤਾਰ ਯਾਰੋ
ਹਰ ਸ਼ੈ ਹਰ ਜਾ ਹਰਿ ਵਸੇ, ਬਾਝੋਂ ਵੇਖਿਆਂ ਨ ਆਵੇ ਇਤਬਾਰ ਯਾਰੋ
ਰੱਬ ਆਪ ਸਾਹਮਣੇ ਨਹੀਂ ਆਉਂਦਾ , ਵਿਚ ਪਾਏ ਵਚੋਲੇ ਯਾਰ ਯਾਰੋ
ਬਾਵਨ ਰਾਮ ਕ੍ਰਿਸ਼ਣ ਮੁਹਮੰਦ ਮੂਸਾ, ਪੁਰਾਣੇ ਸਮੇਂ ਦੇ ਅਵਤਾਰ ਯਾਰੋ
ਨਾਨਕ ਪਾਤਸ਼ਾਹ ਬਾਨੀਂ ਸਿੱਖਾਂ ਦਾ, ਥਾਪੇ ਨਾਨਕ ਦਸ ਆਵਤਾਰ ਯਾਰੋ
ਨਾਨਕ ਪੀਰ ਹਿੰਦੂਆਂ ਮੋਮਨਾਂ ਦਾ, ਸਿੱਖ ਸਿੱਖਿਆ ਕਰੇ ਪਰਚਾਰ ਯਾਰੋ
ਰੱਜਬ ਮੋਮਨ ਸਿੱਖਿਆ ਹਿੰਦੂ ਦਾਦੂ ਤੋਂ, ਭਵਸਾਗਰ ਤਰਿਆ ਪਾਰ ਯਾਰੋ
ਮੀਆਂ ਮੀਰ ਮੋਮਨ ਅਰਜਣ ਸਿੱਖ ਗੁਰੂ, ਡਾਢਾ ਦੋਹਾਂ ਦਾ ਪਿਆਰ ਯਾਰੋ
ਨੀਂਹ ਰਖਾਈ ਹਰਿਮੰਦਰ ਮੀਆਂ ਮੀਰੋਂ, ਧਰਮ ਵੱਖਰੇ ਇਕ ਵਿਚਾਰ ਯਾਰੋ
ਧਰਮ ਇਕ ਤੇ ਲੋਕ ਬਹੁ ਆਖਣ, ਮਜ਼੍ਹਬ ਭੋਲਿਆਂ ਕਰਨ ਖੁਆਰ ਯਾਰੋ
ਰੱਬ ਇਕ ਰੱਬ ਦਾ ਰਾਹ ਇਕ, ਮਜ਼੍ਹਬ ਜਾਨਣ ਨਾ ਰੱਬ ਦੀ ਸਾਰ ਯਾਰੋ
ਗੌਂਸ ਰਾਮਾ ਨੰਦ ਕਬੀਰ ਜੱਟ ਧੰਨਾਂ, ਸ਼ੱਮਸ ਰੂਮੀਂ ਕਬੀਰ ਚਮਾਰ ਯਾਰੋ
ਖਵਾਜਾ ਪੀਰ ਫਰੀਦ ਬਾਲਮੀਕ, ਰੱਬ ਆਪ ਪ੍ਰਹਲਾਦ ਦਾ ਯਾਰ ਯਾਰੋ
ਸਹਿਤੀ ਲੈਲਾ ਸੋਹਣੀ ਹੀਰ ਰਾਂਝਾ, ਮਜਨੂ, ਫਰਹਾਦ ਰੱਬ ਪਰਵਾਰ ਯਾਰੋ
ਸਧਨਾ ਜਿਉਂਦੇ ਬੱਕਰੇ ਕਸਦਾ ਸੂ, ਦੁਖ ਹੋਵੇ ਨ ਜਿਉਂਦੇ ਸਹਾਰ ਯਾਰੋ
ਅਰਸ਼ੋਂ ਅੰਤ ਆਵਾਜ਼ ਆਈ, ਸਧਨਿਆਂ! ਪੈਣੀ ਇਹੋ ਤੈਨੂੰ ਮਾਰ ਯਾਰੋ
ਧੰਦਾ ਛੱਡ ਰੱਬ ਨੂੰ ਯਾਦ ਕੀਤਾ, ਸਧਨਾ ਤਰਿਆ ਸਾਗਰ ਪਾਰ ਯਾਰੋ
ਰਾਮ ਦਾਸ ਰੱਬ ਦਾ ਦਾਸ ਲੋਕੋ, ਮੀਰਾ ਕੀਤੀ ਸੂ ਪਾਰ ਚਮਾਰ ਯਾਰੋ
ਮੀਰ ਪੀਰ ਬਥੇਰੇ ਗੁਜ਼ਰ ਗਏ, ਹੋਰ ਆਉਣਗੇ ਅਜੇ ਅਵਤਾਰ ਯਾਰੋ
ਰੰਗ ਵੱਖਰਾ ਜੋਗਾ ਯੋਗਾ ਦਾ, ਬਦਨ ਸਾਧਨਾ ਕਰ ਹੋਣ ਖੁਆਰ ਯਾਰੋ
ਇਕ ਮਾਹ ਬਰਤ ਰੱਖ ਰੱਬ ਖੋਜਣ, ਗਿਆਰਾਂ ਮਾਹ ਜਾਣ ਬੇਕਾਰ ਯਾਰੋ
ਸੁੱਨਤ ਕਰ ਬਣ ਜਾਣ ਸੁੱਨੀਂ, ਬਣਨਾ ਔਰਤ ਥੀਂ ਸੁੱਨੀ ਬੇਕਾਰ ਯਾਰੋ
ਪੂਜਣ ਪੱਥਰ ਜਿਹੜੇ ਆਪ ਡੁੱਬੇ, ਕਿਵੇਂ ਚੇਲਿਆਂ ਕਰਨਗੇ ਪਾਰ ਯਾਰੋ
ਸਿੱਧ ਲੋਕਾਂ ਨੂੰ ਪੁੱਠੇ ਲਮਕਾ ਦਿੰਦੇ, ਆਪ ਡਿਗਦੇ ਚਿੱਤੜਾਂ ਭਾਰ ਯਾਰੋ
ਰੱਬ ਪਾਉਣਾ ਚਿੱਤ ਦੀ ਸਾਧਨਾ ਏ, ਯਾਰ ਦੱਸੇ ਸ਼ਬਦ ਵਿਚਾਰ ਯਾਰੋ
ਮਨ ਚ ਮੂਰਤ ਚਿੱਤ ਚ ਵਸੇ ਸੂਰਤ, ਮੁੱਖੋਂ ਅਲਾਏ ਸ਼ਬਦ ਯਾਰ ਯਾਰੋ
ਇਸ਼ਕ ਬੰਦੇ ਨੂੰ ਰੱਬ ਬਣਾ ਦੇਵੇ, ਬੈਂਸ, ਕਮਾਓ ਇਸ਼ਕ ਉਤਰੋ ਪਾਰ ਯਾਰੋ

## 00

ਨਾਥ ਰਾਂਝੇ ਕੂ ਜੋਗ ਪਰਦਾਨ ਕੀਤਾ, ਮਨ ਅੰਦਰੋਂ ਪਿਆ ਡਰਾਵੰਦਾ ਸੂ
ਅੱਖਾਂ ਮੀਟ ਰੱਬ ਅੱਗੇ ਅਰਦਾਸ ਕੀਤੀ, ਰੱਬਾ ਲਾਜ ਨਾ ਜੋਗ ਨੂੰ ਲਾਵੰਦਾ ਸੂ
ਜੋਗ ਖੱਟਿਆ ਰਾਂਝੇ ਕਰ ਕਮਾਈ, ਗਜਾ ਕਰ ਕੇ ਨਿੱਤ ਲਿਆਵੰਦਾ ਸੂ
ਨਾਲੇ ਨਾਥ ਦਾ ਵਚਨ ਕਮਾਇਆ ਸੂ, ਮੁੱਖੋਂ ਰਾਮ ਦਾ ਨਾਮ ਧਿਆਵੰਦਾ ਸੂ
ਰਾਂਝੇ ਕੀਤੀ ਕਮਾਈ ਇਸ਼ਕ ਮਾਰੇ, ਇਸ਼ਕ ਹੀਰ ਦਾ ਧੀਦੋ ਸਤਾਵੰਦਾ ਸੂ
ਰਾਂਝਾ ਆਸ਼ਿਕ ਹੀਰ ਮਾਸ਼ੂਕ ਉਹਦੀ, ਹਕੀਕੀ ਇਸ਼ਕ ਜੋੜਾ ਕਮਾਵੰਦਾ ਸੂ
ਆਪੇ ਘੱਲਿਆ ਨਾਥ ਦੇ ਡੇਰੇ ਰਾਂਝਾ, ਆਪੇ ਜੋਗ ਦਾ ਹੁਕਮ ਸੁਣਾਵੰਦਾ ਸੂ
ਅਸਾਂ ਤੇਰੀ ਆਗਿਆ ਪਾਲ ਮਾਲਿਕ, ਧੀਦੋ ਰਾਂਝੇ ਜੋਗ ਸਿਰ ਪਾਵੰਦਾ ਸੂ
ਰੱਖੀਂ ਲਾਜ ਨਿਮਾਣੇ ਦੀ ਐ ਖ਼ਾਲਿਕ, ਬਾਲ ਨਾਥ ਵਾਸਤੇ ਪਾਵੰਦਾ ਸੂ
ਅੱਖ ਖੋਲ੍ਹੀ ਤੇ ਨਾਥ ਆਵਾਜ਼ ਸੁਣੀ, ਕੀਤਾ ਤੇਰਾ ਨ ਰੱਬ ਮਿਟਾਵੰਦਾ ਸੂ
ਅਸਾਂ ਬਖ਼ਸ਼ੀ ਹੀਰ ਰੰਝੇਟੜੇ ਕੂ, ਇਸ਼ਕ ਰੱਬ ਦਾ ਰਾਹ ਬਣ ਆਵੰਦਾ ਸੂ
ਜਾਹ ਆਖਦੇ ਜੋਗੀ ਰੰਝੇਟੜੇ ਥੀਂ, ਤੇਰਾ ਰੱਬ ਨਾ ਤੈਨੂੰ ਭੁਲਾਵੰਦਾ ਸੂ
ਬਾਲ ਨਾਥ ਰੱਬ ਦਾ ਸ਼ੁਕਰ ਕੀਤੋ, ਝੱਬ ਰਾਂਝੇ ਕੂ ਸੱਦ ਬੁਲਾਵੰਦਾ ਸੂ
ਜੋਗੀ ਅਸਾਂ ਰੱਬ ਕੂ ਅਰਜ਼ ਕੀਤੀ, ਰੱਬ ਆਣ ਕੇ ਸੂਰਤ ਵਖਾਵੰਦਾ ਸੂ
ਬੈਠ ਸਾਹਮਣੇ ਰੱਬ ਨੇ ਸੁਣੀ ਮੇਰੀ, ਰੱਬ ਸਾਰੀਆਂ ਭੁੱਲਾਂ ਬਖਸ਼ਾਵੰਦਾ ਸੂ
ਯਾਰ ਆਖਿਆ ਰਾਂਝਿਆ ਭਲਾ ਹੋਸੀ, ਰੱਬ ਪੁੱਠੀਆਂ ਸਿੱਧੀਆਂ ਪਾਵੰਦਾ ਸੂ
ਜਾਹ ਜੋਗੀਆ ਅਲਖ਼ ਜਗਾ ਖੇੜੀਂ, ਜਿੱਥੇ ਸੈਦਾ ਪਿਆ ਹੀਰ ਛੁਪਾਵੰਦਾ ਸੂ
ਧੂਣੀ ਲਾ ਜਾ ਕੇ ਜੂਹਾਂ ਖੇੜਿਆਂ ਦੇ, ਅਲਖ਼ ਜੋਗੀਆਂ ਵਾਲੀ ਜਗਾਉਂਦਾ ਸੂ
ਧੂਣੀ ਖਚ ਮਚ ਧੂੰਆਂ ਧਾਰ ਹੋਸੀ, ਧੂੰਆਂ ਰੰਗ ਪੁਰ ਖੇੜਿਆਂ ਜਾਵੰਦਾ ਸੂ
ਭੱਜੇ ਆਉਣਗੇ ਖਾਨ ਮਲੂਕ ਸਾਰੇ, ਬੰਨਾਂ ਚੰਨਾਂ ਭੀ ਸੀਸ ਝੁਕਾਵੰਦਾ ਸੂ
ਹੋਸੀ ਜੋਗੀ ਦਾ ਹਲਕੇ ਚ ਬੋਲ ਬਾਲਾ, ਸ਼ੱਕ ਨਾ ਇਸ਼ਕ ਕੋਈ ਪਾਵੰਦਾ ਸੂ
ਮਨ ਲਾ ਕੇ ਜੋਗੀ ਮੀਟ ਅੱਖੀਂ, ਸੱਚੇ ਯਾਰ ਦਾ ਨਾਮ ਚਿੱਤ ਲਾਵੰਦਾ ਸੂ
ਪੂਰੀ ਹੋਣ ਉਮੀਦਾਂ ਭਟਕਿਆਂ ਦੀ, ਮਨ ਭਾਵੰਦੀ ਭਿੱਖਿਆ ਪਾਵੰਦਾ ਸੂ
ਮੰਗਾਂ ਕਰ ਪੂਰੀਆਂ ਭੁੱਖਿਆਂ ਦੀ, ਜੋਗੀ ਜੱਗ ਦਾ ਪੀਰ ਬਣ ਜਾਵੰਦਾ ਸੂ
ਤਦ ਮੰਗ ਲੈਣਾ ਹੀਰ ਸੱਚੇ ਰੱਬ ਕੋਲੋਂ, ਰੱਬ ਹੀਰ ਕੂ ਸੱਦ ਮਿਲਾਵੰਦਾ ਸੂ



## 00

ਰਾਂਝਾ ਉਠਿਆ ਸਾਧਨਾ ਸਾਧ ਕੇ ਈ, ਵੱਲ ਖੇੜਿਆਂ ਕੀਤੀ ਚੜ੍ਹਾਈਆਂ ਈ
ਰਾਂਝੇ ਜੋਗੀ ਖੇੜਿਆਂ ਨੂੰ ਪਾਏ ਚਾਲੇ, ਯਾਦ ਹੀਰ ਦੀ ਜੀ ਤੜਫਾਈਆਂ ਈ
ਨਿੱਤ ਲੰਮੀਆਂ ਵਾਟਾਂ ਤਹਿ ਕਰਦਾ, ਜੂਹਾਂ ਖੇੜਿਆਂ ਚਿੱਤ ਵਸਾਈਆਂ ਈ
ਕਦੀ ਇਹ ਸੋਚੇ ਕਦੀ ਉਹ ਸੋਚੇ, ਚਿੱਤ ਬੜੀਆਂ ਦਲੀਲਾਂ ਬਣਾਈਆਂ ਈ
ਕਦੀ ਸੋਚਦਾ ਵਖਾਊਂ ਭਾਬੀਆਂ ਨੂੰ, ਚਿੱਤ ਤਾ੍ਨਿਆਂ ਸੂਲਾਂ ਚੁਭਾਈਆਂ ਈ
ਨਾਲੇ ਦੱਸੂੰ ਭਰਾਵਾਂ ਸਰੀਕਿਆਂ ਥੀਂ, ਕਿਵੇਂ ਪਾਈਆਂ ਉਨ੍ਹਾਂ ਕਠਨਾਈਆਂ ਈ
ਉਹਦੇ ਚਿੱਤ ਚ ਚਿਤਵਣੀ ਇਕ ਲੱਗੀ, ਅੱਖੀਆਂ ਹੀਰ ਸੰਗ ਲਾਈਆਂ ਈ
ਅੱਗੇ ਚਿੱੜੀਆਂ ਦੀ ਡਾਰ ਡਿੱਠੀ, ਮਰਜੋ ਚਿੜੀਓ ਅਲਾਪ ਸੁਣਾਈਆਂ ਈ
ਸਾਰੀ ਡਾਰ ਚਿੱੜੀਆਂ ਗੁੰਮ ਸੁੰਮ ਹੋਈ, ਤੱਕ ਰਾਂਝੇ ਖੁਸ਼ੀਆਂ ਮਨਾਈਆਂ ਈ
ਜੋਗੀ ਆਖਿਆ ਉੜੋ ਚਿੜੀਓ, ਚਿੜੀਆਂ ਲੰਮੀਆਂ ਡਾਰੀਆਂ ਲਾਈਆਂ ਈ
ਨਾਥ ਆਖਿਆ ਹੋਊ ਵਾਕ ਪੂਰਾ, ਬਾਲ ਨਾਥ ਸੱਚ ਆਖ ਸੁਣਾਈਆਂ ਈ
ਬਲੀਆਂ ਚੋਂ ਬਲੀ ਨਾਥਾਂ ਚੋਂ ਨਾਥ, ਸੱਚੇ ਰੱਬ ਦੀ ਰਹਿਮਤਾਂ ਪਾਈਆਂ ਈ
ਬਾਲ ਨਾਥ ਦਾ ਸ਼ੁਕਰ ਗੁਜ਼ਾਰ ਰਾਂਝੇ, ਲਾਂਘਾਂ ਖੇੜਿਆਂ ਵੱਲ ਵਧਾਈਆਂ ਈ
ਲੋਕੋ ਸੱਚ ਦੀ ਬੈਂਸ ਯਾਰ ਸੱਚ ਆਖੇ, ਨਾਥ ਆਡਾਂ ਰੱਬ ਸੰਗ ਲਾਈਆਂ ਈ
ਸਵਰਨ ਖੁਦਾ ਖੁਦੀ ਦਾ ਵੈਰ ਹੋਵੇ, ਮੰਗਾਂ ਪੂਰਨੀਂ ਰੱਬ ਨਾ ਭਾਈਆਂ ਈ
ਕਈ ਮਜ਼੍ਹਬ ਉਦੋਂ ਸਵੀਕਾਰ ਕਰਦੇ, ਕਰਾਮਾਤਾਂ ਜਦੋਂ ਵਖਾਈਆਂ ਈ
ਮੀਰ ਪੀਰ ਤਿਨ੍ਹਾਂ ਖ਼ਤਾਬ ਪਾਏ, ਜਿਨ੍ਹਾਂ ਰੱਬ ਦੀ ਰਹਿਮਤਾਂ ਪਾਈਆਂ ਈ
ਯਾਰ ਆਖਿਆ ਬੈਂਸ ਨਿਮਾਣੇ ਥੀਂ, ਕੱਚੇ ਕੱਚੀਆਂ ਕਰਨ ਕਮਾਈਆਂ ਈ
ਹੋ ਨਿਮਾਣਾ ਪਿਆਰ ਸੰਗ ਯਾਰ ਮੰਨੇ, ਗੱਲਾਂ ਸੱਚੀਆਂ ਆਖ ਸੁਣਾਈਆਂ ਈ
ਚਿੱਤ ਯਾਰ ਮੂਰਤ ਮੁਖ ਰਾਮ ਰਾਮ, ਯਾਰ ਸਾਹਮਣੇ ਅੱਖੀਂ ਝੁਕਾਈਆਂ ਈ
ਸਿੱਧ ਪੀਰ ਅਖਵਾਉਣ ਸੁਆਦ ਵੱਖਰਾ, ਸਿੱਧਾਂ ਨਾ ਪਾਈ ਰਿਹਾਈਆਂ ਈ
ਬਣ ਮਸਕੀਨ ਰੱਬ ਦਾ ਜਾਪ ਕਰ ਲੈ, ਜਪੁ ਜਾਪ ਰੱਬ ਮਿਲਾਈਆਂ ਈ
ਰੱਬ ਪਾਉਣ ਦਾ ਮਕਸਦ ਇਕੋ, ਜੰਮਣ ਮਰਨੋਂ ਮਿਲਣ ਰਿਹਾਈਆਂ ਈ
ਭੈੜੀ ਮੌਤ ਮਰਨ ਤੋਂ ਜੱਗ ਡਰਦਾ, ਡਰ ਮੌਤ ਦੇ ਜਹਿਮਤਾਂ ਪਾਈਆਂ ਈ
ਜੇ ਜੰਮਣਾ ਨਹੀਂ ਫਿਰ ਮਰਨ ਕਿੱਥੋਂ, ਨੱਸ ਜਾਣਗੀ ਦੂਰ ਵਲਾਈਆਂ ਈ
ਸੱਚੇ ਰੱਬ ਦਾ ਬੈਂਸ ਜਾਪੁ ਕਰ ਲੈ, ਭੁੱਲਾਂ ਚੁੱਕਾਂ ਸਭ ਮਾਫ ਕਰਾਈਆਂ ਈ

## 00

ਬਾਰਾਂ ਬਾਰਾਂ ਕੋਹਾਂ ਤੇ ਜਲੇ ਦੀਵਾ, ਰਾਂਝੇ ਅੱਖੀਆਂ ਖੇੜਿਆਂ ਲਾਈਆਂ ਈ
ਸੂਰਜ ਡੁੱਬਿਆ ਸ਼ਾਮਾਂ ਢਲ ਗਈਆਂ, ਜੂਹਾਂ ਸਾਹਮਣੇ ਖੇੜਿਆਂ ਆਈਆਂ ਈ
ਪੈਰ ਚੁੱਕਿਆ ਤਿੱਖੇ ਤੀਰ ਹੋਇਆ, ਅੱਗੇ ਰੱਬ ਦੇ ਪਲਕਾਂ ਵਿਛਾਈਆਂ ਈ
ਬਾਗ ਦਿੱਸਣ ਸਾਹਮਣੇ ਖੇੜਿਆਂ ਦੇ, ਰਾਂਝੇ ਰੱਬ ਦਾ ਸ਼ੁਕਰ ਮਨਾਈਆਂ ਈ
ਵਿਚ ਜੂਹਾਂ ਖੇੜਿਆਂ ਫਿਰੇ ਅਯਾਲੀ, ਭੇਡਾਂ ਬੱਕਰੀਆਂ ਜਿਹੜਾ ਚਾਰਦਾ ਈ
ਨੰਗ ਮਲੰਗ ਛੜਾ ਛਾਂਡ ਛੇੜੂ, ਹੱਥ ਡਾਂਗ ਪੈਰ ਨੰਗੇ ਮੋਢੇ ਕੰਬਲੀ ਧਾਰਦਾ ਈ
ਐਹ ਤੋਂ ਪਰੇ ਰੱਬ ਹੋਰ ਕੀ ਖੋਹ ਲੂ, ਜਾਂਦੇ ਜੋਗੀ ਨੂੰ ਵਾਜ ਪਿਆ ਮਾਰਦਾ ਈ
ਸ਼ਕਲ ਸੂਰਤ ਵੇਖ ਕੇ ਜੋਗੜੇ ਦੀ, ਜੋਗੀ ਤਾਈਂ ਅਯਾਲੀ ਵੰਗਾਰਦਾ ਈ
ਭੇਸ ਜੋਗੀਆਂ ਦਾ ਰੰਗ ਰੋਗੀਆਂ ਦਾ, ਖੱਲ ਭੇਡ ਪਾ ਬਾਘ ਭੇਡਾਂ ਮਾਰਦਾ ਈ
ਕਿਹੜੇ ਟਿੱਲੇ ਕਿਸ ਡੇਰਿਓਂ ਓਏ, ਕਿਸ ਨਾਥ ਦੇ ਚਾਪੀਆਂ ਮਾਰਦਾ ਈ
ਕਿਹੜੇ ਦੇਸ ਕਿਸ ਪਰਦੇਸ ਦਾ ਈ, ਦੂਰ ਮਛਰਿਕੋਂ ਸਮੁੰਦਰੋਂ ਪਾਰ ਦਾ ਈ
ਕਿਧਰੇ ਲੰਕ ਭਭੀਖਣ ਘੱਲਿਆ ਈ, ਰਾਮ ਨਾਮ ਚਿੱਤ ਲਾਇ ਤਾਰਦਾ ਈ
ਅੱਖ ਮਸਤਾਨੀ ਮੁਖ ਮਲੂਕ ਦਾ ਈ, ਜੋਗ ਖੱਟਣਾ ਨਾ ਕੰਮ ਸਰਕਾਰ ਦਾ ਈ
ਛੜਾਂ ਮਾਰਦਾ ਨੱਸਿਐਂ ਖੇੜਿਆਂ ਨੂੰ, ਡੇਰਾ ਕਿੱਥੇ ਓਏ ਮੱਲਾ ਸਰਕਾਰ ਦੀ ਈ
ਤੂੰ ਤੇ ਦਿਸਦਾ ਮੈਨੂੰ ਚਾਕ ਰਾਂਝਾ, ਜਿਹੜਾ ਸਿਆਲੀਂ ਮੱਝੀਆਂ ਚਾਰਦਾ ਈ
ਕਿੱਥੋਂ ਭੇਸ ਬਣਾਇਆ ਸਾਧੂਆਂ ਦਾ, ਵਿਚੋਂ ਭਾ ਮਲੂਕ ਦਾ ਮਾਰਦਾ ਈ
ਚੋਰ ਜਾਰ ਰੰਡੀ ਭਲਵਾਨ ਗਾਉਣ ਵਾਲੇ, ਛੁਪ ਬੈਠਣਾ ਕੰਮ ਬੇਕਾਰ ਦਾ ਈ
ਆਖਣ ਤਖ਼ਤ ਹਜ਼ਾਰਿਓਂ ਨੱਸਿਆ ਤੂੰ, ਪੁੱਤ ਮੌਜੂ ਜੱਟ ਸਰਦਾਰ ਦਾ ਈ
ਵੱਟ ਭਾਦਰੋਂ ਝੱਲਿਆ ਨਹੀਂ ਗਿਆ, ਡੇਰੇ ਨਾਥ ਦੇ ਭੌਰੀਆਂ ਮਾਰਦਾ ਈ
ਚੋਰ ਜਾਰ ਛੁਪਾਇਆਂ ਨਹੀਂ ਛੁਪਦੇ, ਭੇਸ ਬਣਾਇ ਅਹਿਲਕਾਰ ਦਾ ਈ
ਪਿਆ ਭਾਲਦਾ ਹੀਰ ਸਿਆਲ ਤਾਈਂ, ਭੇਡਾਂ ਵਾਂਗ ਮੈਨੂੰ ਪਿਆ ਚਾਰਦਾ ਈ
ਨਿੱਤ ਆਸ਼ਿਕਾਂ ਜੋੜਿਆਂ ਵੇਖਦਾ ਹਾਂ, ਖਾਣ ਚੂਰੀਆਂ ਪੱਜ ਅਚਾਰ ਦਾ ਈ
ਜੇ ਜੋਗੀ ਏਂ ਸਾਡੇ ਨਾਲ ਲਾ ਆਡਾ, ਭਲਾ ਮੋਇਆਂ ਕਿਹੜਾ ਮਾਰਦਾ ਈ
ਪਿੰਡ ਖੇੜਿਆਂ ਜੂਹ ਚੋਂ ਬਾਹਰ ਹੋ ਜਾ, ਉਚੱਾ ਬੋਲ ਅਯਾਲ ਵੰਗਾਰਦਾ ਈ



ਅੱਜੜ ਚਾਰਨਾ ਰੱਬ ਨੂੰ ਯਾਦ ਕਰਨਾ, ਇਹਾ ਜੋਗੀਆਂ ਦਾ ਦਸਤੂਰ ਮੀਆਂ
ਭੇਡਾਂ ਚਾਰ ਮੂਸਾ ਰੱਬ ਯਾਦ ਕੀਤਾ, ਮੂਸਾ ਚੜ੍ਹ ਆਇਆ ਕੋਹਿ ਤੂਰ ਮੀਆਂ
ਮੈਂ ਹਾਂ ਚੇਲਾ ਬਾਲ ਨਾਥ ਕੜਾਣੇ ਦਾ, ਸਾਰੇ ਜੱਗ ਚ ਨਾਥ ਮਸ਼ਹੂਰ ਮੀਆਂ
ਭੇਡਾਂ ਚਾਰਦਾ ਕਰਮ ਅਵੱਲੜੇ ਈ, ਭੈੜੇ ਕਰਮ ਭੈੜੇ ਬੋਲ ਮਜ਼ਬੂਰ ਮੀਆਂ
ਚੇਤੇ ਕਰ ਲੈ ਸੱਖਣੇ ਯਾਰ ਤਾਈਂ, ਪਿਆਰ ਪਾ ਕੇ ਟੁੱਟ ਜਾਏ ਗ਼ਰੂਰ ਮੀਆਂ
ਕੰਮ ਕਾਫਿਰਾਂ ਦੇ ਸ਼ਕਲ ਮੋਮਨਾਂ ਦੀ, ਕਿੱਥੇ ਲਿਖਿਆ ਜੋਗੀ ਸੁਣਾ ਮੈਨੂੰ
ਕੂੜ ਬੋਲਣਾ ਕੂੜ ਬਿਉਹਾਰ ਕਰਨਾ, ਦਿਲ ਖੋਲ੍ਹ ਕੇ ਚੋਬਰਾ ਵਖਾ ਮੈਨੂੰ
ਤਾਂ ਮੰਨਾਂ ਜੇ ਕਰਤਬ ਵਖਾਵੇਂ ਏਥੇ, ਸੁਆਹ ਮਾਰ ਉਲਟਾ ਲਮਕਾ ਮੈਨੂੰ
ਨਹੀਂ! ਪਿਛਲੇ ਪੈਰੀਂ ਮੁੜ ਚਾਕਾ, ਸੋਟੇ ਮਾਰ ਮਾਰ ਕਰਾਂ ਤਬਾਹ ਤੈਨੂੰ
ਬਾਰਾਂ ਵ੍ਹਰੇ ਅਸਾਂ ਜੋਗ ਕੀਤਾ, ਅੱਖਾਂ ਸੱਖਣੇ ਯਾਰ ਸੰਗ ਲਾਈਆਂ ਸੂ
ਕੀਤੀ ਗਜਾ ਦਰ ਦਰ ਜਾ ਕੇ, ਅਸਾਂ ਕੀਤੀਆਂ ਬਹੁਤ ਕਾਮਈਆਂ ਸੂ
ਘਰ ਬਾਰ ਛੱਡ ਇਸ਼ਕ ਮਾਰੇ, ਬਾਲ ਨਾਥ ਸੰਗ ਅੱਖੀਆਂ ਲਾਈਆਂ ਸੂ
ਪੱਥਰ ਹਿੱਕ ਤੇ ਰੱਖ ਕਮਾਇਆ ਈ, ਅੱਜ ਪਾਈਆਂ ਜੋਗੀ ਰਿਹਾਈਆਂ ਸੂ
ਚੱਲ ਚੱਲ ਕੇ ਪੈਰ ਘਸੇ ਮੇਰੇ, ਉਤੋਂ ਭੁੱਖ ਤੇਹ ਮਚਾਈ ਦੁਹਾਈਆਂ ਸੂ
ਰਾਹ ਜਾਂਦਿਆਂ ਤੂੰ ਘੇਰ ਘੱਤਾ, ਅਸਾਂ ਕੀਤੀਆਂ ਕਿਹੜੀ ਬੁਰਾਈਆਂ ਸੂ
ਰਾਹ ਜਾਂਦੇ ਰਾਹੀਆਂ ਨੂੰ ਡੱਕਨਾਂ ਏਂ, ਤੈਨੂੰ ਕਿਹਨੇ ਪੱਟੀਆਂ ਪਾਈਆਂ ਸੂ
ਅਯਾਲ ਆਖਿਆ ਜੋਗੀਆ ਸੁਣ ਮੇਰੀ, ਅਸਾਂ ਭੇਡਾਂ ਨਿੱਤ ਚਰਾਈਆਂ ਈ
ਕੰਮ ਕਾਰ ਅਸਾਂ ਨਾ ਕੋਈ ਆਵੇ, ਫੱਟੀ ਬਸਤੇ ਅਸਾਂ ਨਾ ਚਾਈਆਂ ਈ
ਨਾ ਵਖਾਇਆ ਰੱਬ ਦਾ ਰਾਹ ਕਿਸੇ, ਚਿੱਤ ਆਈਆਂ ਆਖ ਸੁਣਾਈਆਂ ਈ
ਵਿਹਲਾ ਚਿੱਤ ਕਰੇ ਹਰਾਮਖੋਰੀ, ਰਾਹ ਜਾਂਦਿਆਂ ਆਡਾਂ ਲਾਈਆਂ ਈ
ਮੋਇਆਂ ਥੀਂ ਭਲਾ ਕੌਣ ਮਾਰੇ, ਆਪੇ ਆਪਣੀ ਕਬਰਾਂ ਬਣਾਈਆਂ ਈ
ਜੋਗੀ ਆਖਿਆ ਰੱਬ ਭਲਾ ਕਰਸੀ, ਗੱਲਾਂ ਦਿਲ ਦੀ ਆਖ ਸੁਣਾਈਆਂ ਈ
ਭੇਡਾਂ ਚਾਰ ਰੱਬ ਦਾ ਜਾਪ ਕਰ ਲੈ, ਭੈੜੇ ਕੰਮਾਂ ਤੋਂ ਹੋਣ ਰਿਹਾਈਆਂ ਈ
ਵੇਖ ਮੂਸਾ ਕਿੱਥੇ ਪੁੱਜਿਆ ਈ, ਸੱਚੇ ਰੱਬ ਤੋਂ ਰਹਿਮਤਾਂ ਪਾਈਆਂ ਈ
ਅਯਾਲੀ ਸਿੱਖਿਆ ਚਿੱਤ ਲੱਗੀ, ਅਯਾਲ ਚੁੱਪ ਦੀ ਕਸਮਾਂ ਪਾਈਆਂ ਈ

## 00

ਅਯਾਲ ਜੋਗੀ ਦਾ ਬਣ ਚੇਲਾ, ਹਵਾਲਾ ਖੇੜਿਆਂ ਦਾ ਜੋਗੀ ਦੱਸਿਆ ਏ
ਕੌਣ ਚੌਕੀਦਾਰ ਕੌਣ ਲੰਬੜਦਾਰ, ਕਿੰਨੇਂ ਸਿਮੇਂ ਦਾ ਪਿੰਡ ਵਸਿਆ ਏ
ਅੱਗੇ ਸਾਹਮਣੇ ਜੋਗੀਆ ਖੂਹ ਆਹੀ, ਸਾਰਾ ਪਿੰਡ ਪਾਣੀ ਨੂੰ ਨੱਸਿਆ ਏ
ਜਾਹ ਲੱਭ ਲੈ ਹੀਰ ਸਲੇਟੀ ਥੀਂ, ਹਵਾਲਾ ਪਿੰਡ ਦਾ ਅਯਾਲੀ ਦੱਸਿਆ ਏ
ਸਾਂਝੇ ਖੂਹ ਤੇ ਪਿੰਡ ਪਾਣੀ ਭਰਦਾ, ਘੜੇ ਸਿਰਾਂ ਤੇ ਕੁੜੀਆਂ ਚਾਏ ਈ
ਮੁੰਡੇ ਲੱਜਾਂ ਚੁੱਕੀ ਆਵੰਦੇ ਈ, ਪਾਣੀ ਪਿਆਉਣ ਢੱਗੇ ਮਗਰ ਲਾਏ ਈ
ਵਾਂਗ ਚਰਖ਼ੇ ਭੌਣੀਆਂ ਘੂਕਦੀਆਂ, ਦਾਗ ਲੱਜ ਦੇ ਮਣਾਂ ਤੇ ਪਾਏ ਈ
ਜੋਗੀ ਖੂਹ ਤੇ ਆਣ ਦੁਆ ਕੀਤੀ, ਜੋਗੀ ਤਿਹਾਏ ਵਾਟ ਤੋਂ ਆਏ ਈ
ਧੀਏ ਪਾਣੀ ਦਾ ਘੁੱਟ ਪਿਆ ਅਸਾਂ, ਰੱਬ ਲੰਮੀਆਂ ਉਮਰਾਂ ਪਾਏ ਈ
ਬੋਲ ਮਿਠੜੇ ਸੁਣ ਮਿਹਰਬਾਨ ਹੋਈ, ਡੀਕ ਲਾ ਪਾਣੀ ਪਿਆਏ ਈ
ਨਾਮ ਪਿੰਡ ਦਾ ਰੰਗ ਪੁਰ ਖੇੜਾ, ਭਾਗਬਰੀ ਨੇ ਆਖ ਸਮਝਾਈ ਏ
ਥੋੜਾ ਘਣਾ ਅਯਾਲੀ ਭੁੱਲ ਬੈਠਾ, ਨੱਢੀ ਜੋਗੀ ਥੀਂ ਆਖ ਸੁਣਾਈ ਏ
ਦੁਖ ਦੀ ਗੱਲ ਵੇ ਇਹ ਜੋਗੀ, ਪੁੱਤ ਅੱਜੂ ਦੇ ਸੇਦੇ ਹੀਰ ਵਿਆਹੀ ਏ
ਹੀਰ ਸਲੇਟੀ ਮੋਰਨੀ ਬਾਗ ਦੀ ਏ, ਕਾਣੇ ਪਿੰਜਰੇ ਵਿਚ ਫਸਾਈ ਏ
ਲੋਕ ਆਖਦੇ ਮੰਗ ਸੀ ਰਾਂਝੇ ਦੀ, ਤੱਤਾ ਚੱਲ ਹਜ਼ਾਰਿਓਂ ਆਇਆ ਏ
ਬਾਰਾਂ ਸਾਲ ਚਰਾਈ ਮੱਝੀਆਂ ਸੂ, ਖਾਲੀ ਘਰ ਤੋਂ ਚਾਕ ਭਜਾਇਆ ਏ
ਪਤਾ ਨਹੀਂ ਮਾਪਿਆਂ ਸੋਚਿਆ ਕੀ, ਧੇਲਾ ਇਕ ਨਾ ਹੱਥ ਫੜਾਇਆ ਏ
ਭੈੜੇ ਵੱਲ ਪਛਾਂਹ ਦੇ ਪਾਏ ਚਾਲੇ, ਕੜਾਣੇ ਨਾਥ ਦੇ ਡੇਰੇ ਧਾਇਆ ਏ
ਸੁਹਣਾ ਮੁਖੜਾ ਈਦ ਦੇ ਚੰਨ ਵਰਗਾ, ਨੱਢੀ ਨੇ ਆਖ ਸੁਣਾਇਆ ਏ
ਅੱਖ ਮਸਤਾਨੀ ਰੰਗ ਗੋਰਾ, ਭਲਾ ਜੋਗੀ ਇਹਨੂੰ ਕਿਸ ਬਣਾਇਆ ਏ
ਕਿਹੜਾ ਨਾਥ ਮਿਹਰਬਾਨ ਹੋਇਆ, ਪਾ ਮੁੰਦਰਾਂ ਜੋਗੀ ਬਣਇਆ ਏ
ਚਾਲ ਢਾਲ ਨਹੀਂ ਜੋਗੀਆਂ ਦੀ, ਗਲ ਮਾਲਾ ਮੱਥੇ ਤਿਲਕ ਲਾਇਆ ਏ
ਭਲਾ ਤੂੰ ਕਿਉਂ ਇੰਵ ਸੋਚਦੀ ਏਂ, ਜੋਗੀ ਉਹ, ਉਸ ਜੋਗ ਕਮਾਇਆ ਏ
ਸਵਰਨ ਰੱਬ ਦੀਆਂ ਉਹ ਜਾਣੇ, ਨੱਢੀ ਆਖਿਆ ਅਸਾਂ ਸੁਣਾਇਆ ਏ



ਜਦੋਂ ਸੁਣਿਆਂ ਪਿੰਡ ਦੇ ਮੁੰਡਿਆਂ ਨੇ, ਘੇਰਾ ਦੁਆਲੇ ਜੋਗੀ ਪਾਇਆ ਏ
ਆਖਣ ਦੱਸ ਜੋਗੀ ਕੌਣ ਮੁਰਸ਼ਦ, ਕਿਸ ਟਿੱਲਿਓਂ ਜੋਗੀ ਆਇਆ ਏ
ਕਿੰਨੇ ਵ੍ਹਰੇ ਸੁੱਤਾ ਈ ਸਫਾਂ ਉਤੇ, ਕਿੰਨੇ ਪਿੰਡਾਂ ਦੀ ਗਜਾ ਕਮਾਇਆ ਏ
ਕੀ ਸ਼ਬਦ ਦਿੱਤਾ ਨਾਥ ਨੇ ਸੂ, ਕਿਸ ਕਰਵਟ ਪਲਟ ਕਮਾਇਆ ਏ
ਕੀ ਖੱਟਿਆ ਜੋਗੀਆ ਜੋਗ ਕੀਤੋ, ਕਿਸ ਕਾਰਨੈ ਖੇੜਿਆਂ ਆਇਆ ਏ
ਜੋਗੀ ਚੁੱਪ ਬੈਠਾ ਸੁਣੀ ਜਾਵੇ, ਮੁੱਖੋਂ ਬੋਲ ਨ ਕੋਈ ਉਸ ਕੱਢਿਆ ਏ
ਮੂੰਹ ਖੋਲ੍ਹ ਅੱਗੇ ਅਯਾਲੀ ਦੇ, ਅਸਾਂ ਆਪਣਾ ਪੈਰ ਆਪ ਵੱਢਿਆ ਏ
ਰਾਂਝਿਆ ਐਵੇਂ ਨਾ ਛੇੜ ਬੈਠੀਂ, ਮੌਤ ਆਪਣੀ ਆਪ ਨਾ ਸੱਦਿਆ ਏ
ਆਪੇ ਭੌਂਕ ਕੁੱਤੇ ਚੁੱਪ ਕਰਸਣ, ਜਿਨ੍ਹਾਂ ਛੇੜਿਆ ਕੁੱਤਿਆਂ ਵੱਢਿਆ ਏ
ਮੁੰਡੇ ਆਖਦੇ ਜੋਗੀ ਨ ਜਾਪਦਾ ਈ, ਇਹ ਕੁੜੀਆਂ ਚਿੜੀਆਂ ਲੱਭਦਾ ਏ
ਪਿੰਡ ਖੇੜਿਆਂ ਕੁੜੀਆਂ ਹੜ੍ਹ ਆਇਆ, ਸੰਗ ਨਾਰੀਆਂ ਖੇੜਾ ਫਬਦਾ ਏ
ਚਿੱਤ ਚੋਰ ਬਾਹਰੋਂ ਹੋਰ ਜਾਪੇ, ਕਿੱਤਾ ਇਹਦਾ ਨਹੀਂ ਸਾਰੇ ਜੱਗ ਦਾ ਏ
ਪਰ ਜੋਗੀਆ ਚਿੱਤ ਚ ਯਾਦ ਰੱਖੀਂ, ਨਾਰ ਕੱਢ ਕੇ ਕੋਈ ਨਾ ਭੱਜਦਾ ਏ
ਕਿਤੇ ਹੀਰ ਸਿਆਲ ਤੇ ਲੱਭਦਾ ਨਹੀਂ, ਜੋਗੀ ਇਸ਼ਕ ਖਜ਼ਾਨਾ ਦੱਬਿਆ ਏ
ਕਿਸ ਵਾਸਤੇ ਜੋਗੀਆ ਘਰ ਛੱਡੇਂ, ਜੰਗਲ ਬੇਲਿਓਂ ਕਿਸੇ ਕੁਝ ਲੱਭਿਆ ਏ
ਪਾਇਆ ਜਿਸ ਨੇ ਘਰੋਂ ਪਾਇਆ, ਕਿਰਤ ਕਰਨੋਂ ਬਹਾਨਾ ਲੱਭਿਆ ਏ
ਕੰਮ ਕਾਰ ਜਿਨ੍ਹਾਂ ਨਾ ਚਿੱਤ ਲੱਗੇ, ਉਨ੍ਹਾਂ ਰਾਸਤਾ ਟਿੱਲਿਆਂ ਦੱਬਿਆ ਏ
ਰੱਬ ਵਸਦਾ ਦਿਲ ਦੇ ਅੰਦਰ ਜੋਗੀ, ਇਹ ਵਾਕ ਇਕ ਨੇ ਕੱਢਿਆ ਏ
ਪੁੱਤ ਜੱਟਾਂ ਦੇ ਸਾਧ ਬਣ ਜਾਂਦੇ, ਸਾਵਣ ਭਾਦਰੋਂ ਬੱਦਲ ਜਦੋਂ ਗੱਜਿਆ ਏ
ਜੋਗੀ ਆਖਿਆ ਮੁੰਡਿਓ ਜਾਓ ਘਰੀਂ, ਸਾਡਾ ਧਾਡਾ ਕਾਹਦਾ ਵਾਸਤਾ ਏ
ਤੁਸਾਂ ਕਬੀਲਦਾਰ ਅਸਾਂ ਨਾਥ ਜੋਗੀ, ਸਾਡਾ ਦੋਹਾਂ ਦਾ ਵੱਖਰਾ ਰਾਸਤਾ ਏ
ਅਸਾਂ ਪੂਜਦੇ ਮਹਾਂਦੇਵ ਜੋਗੀ, ਪੂਜਾ ਤੁਸਾਂ ਲਈ ਖੁਦਾ ਨਾ ਖਾਸਤਾ ਏ
ਅੱਖਾਂ ਬੰਦ ਕਰ ਸਾਹ ਚੜ੍ਹਾ ਉਤੇ, ਚਿੱਤ ਲਾ ਜੋਗੀ ਚਿੱਤ ਤਰਾਸਦਾ ਏ
ਭਲਾ ਤੁਸਾਂ ਏਸ ਤੋਂ ਕੀ ਲੈਣਾ, ਝੋਟੇ ਕੁੱਟਣ ਦਾ ਜੱਟਾਂ ਦਾ ਵਾਸਤਾ ਏ
ਝੋਟੇ ਕੁੱਟਣਾ ਮੁੰਡਿਓ ਕੰਮ ਕਾਹਦਾ, ਨਾਮ ਰੱਬ ਦਾ ਮੁਸ਼ਕਿਲ ਜਾਪਦਾ ਏ
ਮੇਰੀ ਗੱਲ ਮੁੰਡਿਓ ਮੰਨ ਲਵੋ, ਜਾਓ ਘਰਾਂ ਨੂੰ ਫੜੋ ਆਪਣਾ ਰਾਸਤਾ ਏ

ਜੋਗੀ ਸੁਣਿਆਂ ਨਾਂ ਹੀਰ ਜਦੋਂ, ਚੁੱਕੀ ਸੈਲੀ ਖੱਪਰੀ ਕਮਰਾਂ ਕਸਾਈਆਂ ਈ
ਬਾਗ ਦੇ ਵੱਲ ਰਵਾਨ ਹੋਇਆ, ਜਿਹੜੇ ਬਾਗ ਦੀ ਅਯਾਲੀ ਦੱਸ ਪਾਈਆਂ ਈ
ਚਿੱਤ ਹੀਰ ਦਾ ਨਾਂ ਚਿਤਰਦਾ ਈ, ਕਦੀ ਰੋਵੰਦਾ ਕਦੀ ਹਾਸੀਆਂ ਪਾਈਆਂ ਈ
ਅੱਗੇ ਪਹੁੰਚਿਆ ਸਾਹਮਣੇ ਬਾਗ ਡਿੱਠਾ, ਜੋਗੀ ਯੋਜਨਾਂ ਚਿੱਤ ਬਣਾਈਆਂ ਈ
ਜੋਗੀ ਬਾਗ ਚ ਜਾ ਡੇਰਾ ਲਾ ਬੈਠਾ, ਸੁੱਕੇ ਬਾਗ ਚ ਧੂਣੀਆਂ ਲਾਈਆਂ ਈ
ਪਾਵੇ ਲੱਕੜਾਂ ਜੋਗੀ ਉਚਾਰ ਮੰਤਰ, ਉੜੇ ਧੂਆਂ ਕੀਤੀ ਰੁਸ਼ਨਾਈਆਂ ਈ
ਸੁੱਕੇ ਬੂਟੇ ਹਰੇ ਕੱਚ ਕਚੂਰ ਹੋਏ, ਡਾਲਾਂ ਕਲੀਆਂ ਸੰਗ ਭਰ ਆਈਆਂ ਈ
ਪੰਛੀ ਬੋਲਦੇ ਕੋਇਲਾਂ ਕੂਕਦੀਆਂ, ਕੂ ਕੂ ਦੀਆਂ ਧੁੰਨਾਂ ਰਚਾਈਆਂ ਈ
ਆ ਕੇ ਤੱਕਿਆ ਪਿੰਡ ਦੇ ਲੰਬੜਦਾਰ, ਮੋਰਾਂ ਪੈਲਾਂ ਬਾਗ ਚ ਪਾਈਆਂ ਈ
ਪਿੰਡ ਚ ਹਾ ਹਾ ਕਾਰ ਮਚ ਗਈ, ਜੋਗੀ ਬਾਗ ਚ ਧੂਣੀਆਂ ਲਾਈਆਂ ਈ
ਇਹ ਜੋਗੀ ਨਹੀਂ ਫਰਿਸ਼ਤਾ ਏ, ਪਿੰਡ ਖੇੜਿਆਂ ਰਹਿਮਤਾਂ ਪਾਈਆਂ ਈ
ਜਾਓ ਕਰੋ ਪਰਣਾਮ ਦੁਆ ਮੰਗੋ, ਮੰਗਾਂ ਪੂਰੀਆਂ ਜੋਗੀ ਕਰ ਪਾਈਆਂ ਈ
ਬੱਚੇ ਬੁੱਢੇ ਜੋਗੀ ਨੂੰ ਕਰਨ ਸਲਾਮਾਂ, ਨਿੱਕੀ ਵੱਡੀਆਂ ਬੁੱਢੀਆਂ ਮਾਈਆਂ ਈ
ਗੱਲ ਇੱਥੋਂ ਤੱਕ ਆ ਪਹੁੰਚੀ, ਨੇਣਾਂ ਦਾਈਆਂ ਜੋਗੀ ਨੂੰ ਵੇਖਣ ਆਈਆਂ ਈ
ਤੱਕ ਜੋਗੀ ਨੂੰ ਹੋਣ ਹੈਰਾਨ ਲੋਕੀਂ, ਕੱਚੀ ਉਮਰ ਰਹਿਮਤਾਂ ਪਾਈਆਂ ਈ
ਬੋਲ ਇਕ ਅਲਾਪ ਜੋਗੀ ਪੂਰੇ ਮੰਗਾਂ, ਵੰਨੇ ਚੰਨੇਂ ਭੀ ਰਹਿਮਤਾਂ ਪਾਈਆਂ ਈ
ਗੱਲ ਵਾਂਗ ਭਬੂਕੇ ਫੈਲ ਗਈ, ਭੁੱਖੇ ਜੱਟਾਂ ਜਾ ਕਿਸਮਤ ਅਜਮਾਈਆਂ ਈ
ਕੋਈ ਆਖੇ ਬਾਬਾ ਟੱਬਰ ਭੁੱਖਾ, ਕਿਸੇ ਫਸਲ ਦੀਆਂ ਗੱਲਾਂ ਚਲਾਈਆਂ ਈ
ਮੀਂਹ ਵ੍ਰਰੇ ਹੋ ਗਿਆ ਵੱਧ ਵ੍ਰਰਿਓਂ, ਸਾਈਂ ਫਸਲਾਂ ਰਾਸ ਨਾ ਆਈਆਂ ਈ
ਮਿਹਰ ਹੋਵੇ ਤੇ ਮੀਂਹ ਵ੍ਰਰਾ ਛੱਡੋ, ਬਾਗ ਵਾਕਰਾਂ ਬਖਸ਼ੋ ਹਰਿਆਈਆਂ ਈ
ਗੱਲ ਖੂਹ ਦੀ ਕੁੜੀਆਂ ਪਹੰਚਾਈ ਏ, ਵੇਖਣ ਜੋਗੀ ਬੁੱਢੀਆਂ ਆਈਆਂ ਈ
ਕੋਈ ਦੁੱਧ ਮੰਗੇ ਕੋਈ ਪੁੱਤ ਮੰਗੇ, ਵਧ ਚੜ੍ਹ ਸਭ ਨੇ ਅਸੀਸਾਂ ਪਾਈਆਂ ਈ
ਸੱਸ ਹੀਰ ਦੀ ਜੋਗੀ ਥੀਂ ਅਰਜ਼ ਕੀਤੀ, ਮੇਰੀ ਨੂੰਹ ਸੱਜਰੀ ਵਿਆਹੀਆਂ ਈ
ਨਾ ਖਾਵੇ ਨਾ ਕੁਝ ਪੀਵੇ ਭੈੜੀ, ਬੰਦ ਕੋਠੜੀ ਚ ਸ਼ਕਲਾਂ ਛੁਪਾਈਆਂ ਈ
ਬਾਬਾ ਵੁਹਟੀ ਮੇਰੀ ਚੰਭੇ ਦੀ ਕਲੀ ਆਹੀ, ਓਸ ਥੀਂ ਦਿਓ ਦੁਆਈਆਂ ਈ



## 00

ਡਾਰ ਕੁੜੀਆਂ ਦੇ ਅੱਗੇ ਹੋ ਸਹਿਤੀ, ਵੱਲ ਬਾਗ ਦੇ ਕੀਤੀ ਚੜ੍ਹਾਈਆਂ ਈ
ਹੋ ਕੱਠੀਆਂ ਬੰਨ੍ਹ ਆਉਣ ਟੋਲੇ, ਛਣ ਛਣ ਕਰਦੀਆਂ ਖੇੜਿਆਂ ਜਾਈਆਂ ਈ
ਇਕ ਗੋਰੀ ਦੂਜੀ ਸਾਂਵਲੀ ਜੇ, ਧਾਰਾਂ ਕਜਲੇ ਦੀਆਂ ਸਭ ਨੇ ਪਾਈਆਂ ਈ
ਪੂਛਾਂ ਲਮਕਣ ਨੇਣਾਂ ਚੋਂ ਨਾਗ ਵਾਕਣ, ਪਲਕਾਂ ਕਜਲੇ ਕਾਲੀ ਬਣਾਈਆਂ ਈ
ਇਕ ਆਖਦੀ ਮੰਗੂੰ ਮੈਂ ਵਰ ਜਾ ਕੇ, ਦੂਜੀ ਦੂਣੀਆਂ ਬਣਤਾਂ ਬਣਾਈਆਂ ਈ
ਮੈਨੂੰ ਢੂੰਡੀਂ ਵੇ ਜੋਗੀਆ ਵਰ ਐਸਾ, ਵਾਂਗ ਯੂਸਫ ਦੇ ਹੋਣ ਰੁਸਵਾਈਆਂ ਈ
ਸੁਹਣਾ ਸਨੱਖਾ ਤੇ ਜੁਆਨ ਛੀ ਫੁੱਟਾ, ਵੰਨੇਂ ਚੰਨੇਂ ਧਮਕਾਂ ਜਿਨ ਪਾਈਆਂ ਈ
ਚਿੱਤੋ ਚਿੱਤ ਘੋੜੇ ਦੁੜਾਉਂਦੀਆਂ ਨੇ, ਇਕ ਦੂਜੀ ਤੋਂ ਰੱਖਣ ਛੁਪਾਈਆਂ ਈ
ਚਲੋ ਚਾਲ ਬਾਗ ਚ ਆ ਬਹੁੜੀਂ, ਜਿੱਥੇ ਨਾਥ ਨੇ ਧੂਣੀਆਂ ਲਾਈਆਂ ਈ
ਜੋਗੀ ਵੇਖ ਕੇ ਡਾਰ ਹਿਰਨੀਆਂ ਦੀ, ਵਾਧੂ ਲੱਕੜਾਂ ਧੂਣੀ ਤੇ ਪਾਈਆਂ ਈ
ਜੋਗੀ ਮੂਹੋਂ ਇਕ ਅਲਾਪ ਕੀਤਾ, ਦੂਰੋਂ ਸੁਣ ਕੇ ਕੁੜੀਆਂ ਘਬਰਾਈਆਂ ਈ
ਉਚਾ ਬੋਲ ਮੰਤਰ ਦਾ ਜਾਪ ਕਰਦਾ, ਨਾਲੇ ਲੱਕੜਾਂ ਉਠੱ ਹਿਲਾਈਆਂ ਈ
ਕੁਝ ਹਰੀਆਂ ਕੁਝ ਸੁੱਕੀਆਂ ਸੁ, ਧੂੰਆਂ ਧਾਰ ਬਾਗ ਬਣ ਆਈਆਂ ਈ
ਜਦੋਂ ਵੇਖਿਆ ਕੁੜੀਆਂ ਕੋਲ ਜਾ ਕੇ, ਦਾੜ੍ਹੀ ਮੁੱਛਾਂ ਮਸਾਂ ਜੋਗੀ ਆਈਆਂ ਈ
ਨਿੱਕੀ ਉਮਰ ਮਛਕਰਾਂ ਕਰਨ ਨੱਢੀ, ਕਿੱਥੋਂ ਜੋਗੀਆ ਇੱਲਤਾਂ ਲਾਈਆਂ ਈ
ਤੇਰੇ ਜਿਹੇ ਭਾਲਦੇ ਸਾਡੇ ਜਿਹੀਆਂ, ਇਸੇ ਵਾਸਤੇ ਮਿਲਣ ਨੂੰ ਆਈਆਂ ਈ
ਕਿਹੜੀ ਵਰ ਜੋਗੀਆ ਕੰਮ ਕਿਹੜਾ, ਕਿਸ ਵੇਲੇ ਤੂੰ ਐਸ਼ ਕਮਾਈਆਂ ਈ
ਇਕ ਆਖਦੀ ਇਹ ਮਸਟੰਡਾ ਈ, ਜੋਗੀ ਭੇਸ ਚ ਅੱਖਾਂ ਛੁਪਾਈਆਂ ਈ
ਦੱਸ ਕੌਣ ਤੂੰ ਕਿਧਰੋਂ ਆਇਆ ਏਂ, ਕਿਸ ਡੇਰੇ ਤੇ ਕੀਤੀ ਕਮਾਈਆਂ ਈ
ਅਸਾਂ ਪਿਛਲੇ ਜਨਮ ਦੇ ਜੋਗੀ ਹਾਂ, ਜਨਮ ਡੇਰੇ ਜੋਗੀਆਂ ਪਾਇਆ ਏ
ਬਾਲ ਨਾਥ ਈ ਸਾਈਂ ਸਾਡਾ, ਟਿੱਬੀ ਕੜਾਣੇ ਦੀ ਡੇਰਾ ਜਮਾਇਆ ਏ
ਸਦੀਆਂ ਤੋਂ ਡੇਰਾ ਕਾਇਮ ਦਾਇਮ, ਤੁਸਾਂ ਕਿਸੇ ਨ ਆਣ ਸੁਣਾਇਆ ਏ
ਮੀਰ ਪੀਰ ਤੋਂ ਚੜ੍ਹਕੇ ਉਚੱ ਜੋਗੀ, ਨਾਂ ਰੱਬ ਦਾ ਨਾਥ ਕਮਾਇਆ ਏ
ਵਾਰ ਕਦੀ ਨਾ ਨਾਥ ਜਾਵੇ ਖਾਲੀ, ਇਕ ਵਾਰ ਅਲਾਪ ਸੁਣਾਇਆ ਏ
ਗੱਲ ਕੰਮ ਦੀ ਨੱਢੀਓ ਦੱਸੋ ਅਸਾਂ, ਮੰਗਾਂ ਪੂਰਨੇ ਜੋਗੀ ਆਇਆ ਏ

## 00

ਛੱਡੋ ਮਛਕਰਾਂ ਕਰੀਏ ਕੰਮ ਚੰਗਾ, ਇਕ ਸੁਆਲ ਦੂਜੀਆਂ ਪਾਵੰਦੀ ਏ
ਆਈਆਂ ਵੇਖਣ ਕਿਹੜੇ ਕੰਮ ਪਈਆਂ, ਇਕ ਨੂੰ ਦੂਜੀ ਸਮਝਾਵੰਦੀ ਏ
ਰਾਖ਼ ਮਲ ਕੇ ਨਹੀਂ ਫਕੀਰ ਬਣਦਾ, ਸਾਰੀ ਉਮਰ ਹੀ ਬੀਤ ਜਾਵੰਦੀ ਏ
ਫਲ ਮੰਗਣੇ ਅਸਾਂ ਕੀ ਰੁੱਖ ਗਿਣਨੇ, ਕੰਮੋਂ ਕੰਮ ਦੀ ਗੱਲ ਸੁਣਾਵੰਦੀ ਏ
ਗੱਲ ਕੰਮ ਦੀ ਜੋਗੀ ਆਖਿਆ ਈ, ਮੰਗ ਜੋਗੀ ਥੀਂ ਤੱਤੀ ਪਾਵੰਦੀ ਏ
ਤੱਤੀ ਆਖਦੀ ਵਰ ਦੇਹ ਤੇਰੇ ਜਿਹਾ, ਜ਼ਰਾ ਨਾ ਤੱਤੀ ਸ਼ਰਮਾਵੰਦੀ ਏ
ਮੰਤਰ ਮਾਰ ਅੱਖਾਂ ਬੰਦ ਕੀਤੀ, ਸੁਰਤ ਜੋਗੀ ਦੀ ਉਤੇ ਚੜ੍ਹ ਜਾਵੰਦੀ ਏ
ਅੱਖਾਂ ਖੋਲ੍ਹੀਆਂ ਜੋਗੀ ਅਲਾਪ ਕੀਤੋ, ਵਰ ਤੇਰੇ ਵਰ ਦੀ ਪਈ ਆਵੰਦੀ ਏ
ਭਲਾ ਕਰ ਰੱਬ ਭਲਾ ਕਰਸੀ, ਕੀਤੇ ਆਪਣਿਆਂ ਨੱਢੀ ਫਲ ਪਾਵੰਦੀ ਏ
ਕਈ ਨੱਢੀਆਂ ਜੋਗੀ ਸੁਆਲ ਪਾਏ, ਵਚਨ ਜੋਗੀ ਸੁਣ ਖੁਸ਼ੀ ਮਨਾਵੰਦੀ ਏ
ਜਾਓ ਮੁੜ ਕੇ ਆਪਣੇ ਘਰੋ ਘਰੀ, ਗਜਾ ਕਰਨ ਦੀ ਘੜੀ ਆਵੰਦੀ ਏ
ਤੁਸਾਂ ਖਾਂਦੀਆਂ ਗਿਰੀ ਛੁਹਾਰੇ ਈ, ਅਸਾਂ ਜੋਗੀਆਂ ਗਜਾ ਹੀ ਭਾਵੰਦੀ ਏ
ਚਲੋ ਮਿਲਾਂਗੇ ਪਿੰਡ ਦਰਵਾਜੇ ਤੇ, ਜਿੱਥੇ ਸੱਥ ਬਹਿ ਮਤੇ ਪਕਾਵੰਦੀ ਏ
ਫੜ ਸਿੰਙੀਂ ਚੱਲਿਆ ਗਜਾ ਕਰਨ, ਸੈਲੀ ਖੱਪਰੀ ਜੋਗੀ ਚਾਉਂਦਾ ਏ
ਪਿੰਡ ਵੜ ਅਲਖ ਜਗਾ ਦਿੱਤੀ, ਘਰੋ ਘਰੀ ਜਾ ਸਿੰਙੀਂ ਵਜਾਉਂਦਾ ਏ
ਕਈ ਨੱਢੀਆਂ ਵੱਡੀ ਪਾਉਣ ਗਜਾ, ਆਟਾ ਕੋਈ ਦਾਲ ਲਿਆਉਂਦਾ ਏ
ਕਈਆਂ ਭਰੇ ਲੱਪ ਲੂਣ ਮਰਚਾਂ, ਘਿਓ ਮੱਖਣ ਕਈਆਂ ਪਚਾਉਂਦਾ ਏ
ਜਿਹੀ ਸਰਧਾ ਉਹੋ ਜਿਹਾ ਦਾਨ ਦੇਵਣ, ਹਰ ਘਰ ਜੋਗੀ ਖ਼ੈਰ ਪਾਉਂਦਾ ਏ
ਕੋਈ ਆਖਦਾ ਜੋਗੀ ਲਫੰਗਾ ਏ, ਸ਼ਕਲ ਵੇਖ ਇਹਾ ਨਜ਼ਰ ਆਉਂਦਾ ਏ
ਕਈ ਆਖਦੇ ਜੋਗੀ ਨਾ ਨਿੰਦੀਏ ਨੀ, ਮਹਾਂ ਬਲੀ ਜੋਗੀ ਭਾਉਂਦਾ ਏ
ਸਭ ਆਪਣੀ ਖਿਚੜੀ ਰਿੰਨ੍ਹਦੇ ਈ, ਮਨ ਆਇਆ ਬੋਲ ਸੁਣਾਉਂਦਾ ਏ
ਜੋ ਆਖਦੇ ਜੋਗੀ ਸੁਣ ਲੈਂਦਾ, ਜੋਗੀ ਸੁਣ ਕੇ ਨਾ ਬੁਰਾ ਮਨਾਉਂਦਾ ਏ
ਮਨ ਸੁਣਦੇ ਸੁਣਦੇ ਮਰ ਜਾਂਦਾ, ਮੋਇਆ ਚਿੱਤ ਨ ਗੁੱਸਾ ਮਨਾਉਂਦਾ ਏ
ਸਵਰਨ ਸਿੰਘਾ ਇਸ਼ਕ ਦੀ ਮਾਰ ਖਾ ਕੇ, ਰਾਂਝਾ ਜੋਗੀ ਬਣ ਆਉਂਦਾ ਏ



## 00

ਜੋਗੀ ਆਪਣੇ ਆਪ ਨੂੰ ਆਖਦਾ ਏ, ਇਹੋ ਜਿਹਾ ਉਜੜਿਆ ਪਿੰਡ ਕਿਹੜਾ
ਨਾ ਕੱਤਦੀ ਨਾ ਕੋਈ ਤੁੰਬਦੀ ਏ, ਨਾ ਸਜਿਆ ਕੋਈ ਤਿੰਜਣਾਂ ਸੰਗ ਵਿਹੜਾ
ਨਾ ਚਰਖ਼ਾ ਘੂਕੇ ਨ ਕੱਤੇ ਪੂਣੀ, ਗਾਉਣ ਵਜੌਣ ਦਾ ਕੰਮ ਇੱਥੇ ਕਰੇ ਕਿਹੜਾ
ਨਾ ਵ੍ਹਟੀ ਤੇ ਨਾ ਨਨਾਣ ਦਿਸੇ, ਇਸ ਪਿੰਡ ਦਾ ਸੁਹਣਿਓਂ ਰੰਗ ਕਿਹੜਾ
ਨਾ ਨੱਚਣ ਮਸਤ ਮਲੰਗ ਕੁੜੀਆਂ, ਨਾਂ ਮੁੰਡਿਆਂ ਤਿੰਜਣਾ ਪਾਇਆ ਘੇਰਾ
ਗੱਲ ਜੋਗੀ ਦੀ ਕਿਸੇ ਕੰਨ ਪਾਈ, ਆ ਜਾ ਦੇਈਏ ਤਿੰਜਣ ਵਖਾ ਸੱਈਆਂ
ਚਰਖ਼ੇ ਘੂਕਦੇ ਵੇਖ ਲੈ ਆ ਜੋਗੀ, ਚਿੱਤ ਆਪਣੇ ਭਰਮ ਮਿਟਾ ਸੱਈਆਂ
ਜਾ ਜੋਗੀ ਥੀਂ ਤਿੰਜਣਾਂ ਖੜ੍ਹਾ ਕੀਤਾ, ਨੱਢੀ ਵੱਡੀਆਂ ਸਭ ਹੈਰਾਨ ਹੋਈਆਂ
ਜੋਗੀ ਵਿਚ ਤਿੰਜਣਾ ਆ ਵੜਿਆ, ਭੇਸ ਵੇਖ ਕੇ ਬੜੀ ਪ੍ਰੇਸ਼ਾਨ ਹੋਈਆਂ
ਅੜੀਓ ਵੇਖੋ ਸ਼ਾਨ ਜੋਗੜੇ ਦੀ, ਤੱਕ ਮੁਹਾਂਦਰਾ ਬੜੀ ਮਿਹਰਬਾਨ ਹੋਈਆਂ
ਇਕ ਆਖਦੀ ਜੇ ਜੱਟ ਦਾ ਪੁੱਤ ਹੋਸੀ, ਵਿਆਹ ਇਸ ਦੇ ਸੰਗ ਕਰਾ ਲਈਆਂ
ਦੂਜੀ ਆਖਦੀ ਲੈ ਜਾਊ ਕਰਨ ਗਜਾ, ਹੋਵੇਂ ਡੇਰਿਆਂ ਪਈ ਪ੍ਰੇਸ਼ਾਨ ਸੱਈਆਂ
ਅੜੀਏ ਦੂਰ ਦੇ ਢੋਲ ਸੁਹਾਵਣੇ ਈ, ਦੂਰੋਂ ਵੇਖਣ ਚੰਗਾ ਮਹਿਮਾਨ ਪਈਆਂ
ਧੀ ਅੱਜੂ ਦੀ ਸਹਿਤੀ ਨਾਮ ਉਹਦਾ, ਵਿਚ ਤਿੰਜਣਾਂ ਧੂਮ ਮਚਾਉਂਦੀ ਏ
ਕਿੱਥੋਂ ਬੌਂੜਿਆ ਜੋਗੜਾ ਖੇੜਿਆਂ ਨੀ, ਉਚਾ ਬੋਲ ਕੇ ਜੋਗੀ ਸੁਣਾਉਂਦੀ ਏ
ਜੋਗੀ ਪੁੱਛਿਆ ਕੌਣ ਇਹ ਬੜਬੋਲੀ, ਬਿਨਾ ਬੁੱਝਿਆਂ ਜੋਗੀ ਡਰਾਉਂਦੀ ਏ
ਆਖਣ ਨਨਾਣ ਇਹ ਹੀਰ ਦੀ ਏ, ਸਵਰਨ ਬੈਂਸ ਸਮਝ ਇੰਵ ਆਉਂਦੀ ਏ
ਜੋਗੀ ਪੁੱਛਿਆ ਨੱਢੀਏ ਨਰਾਜ਼ਗੀ ਕੀ, ਸਾਥੋਂ ਕਿਹੜੀ ਖ਼ਤਾ ਹੋ ਜਾਵੰਦੀ ਏ
ਵਾਂਗ ਜੋਗੀਆਂ ਪਈ ਦਵੇਂ ਹੋਕਾ, ਤੈਨੂੰ ਸ਼ਰਮ ਮਾਸਾ ਨਹੀਂ ਆਵੰਦੀ ਏ
ਕਰੇਂ ਬੇਅਦਬੀ ਐਵੇਂ ਫੱਕਰਾਂ ਦੀ, ਨਾਲੇ ਸਖ਼ੀਆਂ ਤਾਈਂ ਭੜਕਾਵੰਦੀ ਏ
ਕੀ ਵਗਾੜਿਆ ਛੋਹਰੀਏ ਅਸਾਂ ਤੇਰਾ, ਆਖ ਸਾਹਮਣੇ ਜੁੱਰਤ ਆਵੰਦੀ ਏ
ਸਹਿਤੀ ਆਖਦੀ ਜੋਗੀਆ ਬੋਲੇਂ ਕੌੜਾ, ਤੇਰੀ ਸ਼ਕਲ ਜ਼ਰਾ ਨ ਭਾਵੰਦੀ ਏ
ਮਿਲੇ ਹੱਥ ਜੇ ਵਿਚ ਤ੍ਰਿੰਜਣਾ ਦੇ, ਮਾਰ ਧੋਬੀ ਪਟੜਾ ਭੂਏ ਗਿਰਾਵੰਦੀ ਏ
ਜਾਹ ਨੱਸ ਜਾ ਜੋਗੀਆ ਤਿੰਜਣਾਂ ਚੋਂ, ਮਾਰ ਨੱਢੀਆਂ ਝੱਲੀ ਨ ਜਾਵੰਦੀ ਏ
ਸੈਲੀ ਖੱਪਰੀ ਗਲੀ ਚ ਰੋੜ੍ਹ ਦੇਸਾਂ, ਗੱਲ ਦਿਲ ਦੀ ਸਹਿਤੀ ਸੁਣਾਵੰਦੀ ਏ

## 00

ਜੋਗੀ ਝੱਬ ਉਠ ਰਵਾਨ ਹੋਇਆ, ਜਾ ਬਾਗ ਚ ਮੰਨ ਪਕਾਇਆ ਈ
ਸਾਰੇ ਦਿਨ ਦੀ ਜੋਗੀ ਭੁੱਖ ਲਾਹੀ, ਚਿੱਤ ਲਾ ਕੇ ਰੋਟ ਢਿੱਡ ਪਾਇਆ ਈ
ਦਿਨ ਚੜ੍ਹਿਆ ਲੋਕੀਂ ਆਣ ਢੁੱਕੇ, ਸੁਆਲ ਆਪਣਾ ਸਭ ਨੇ ਪਾਇਆ ਈ
ਇਕ ਮਗਰੋ ਦੂਜੇ ਜੁਆਬ ਦੇਵੇ, ਜੋਗੀ ਸਾਰਿਆਂ ਤਾਈਂ ਭੁਗਤਾਇਆ ਈ
ਸ਼ਾਮਾਂ ਆਈਆਂ ਗਜਾ ਵਕਤ ਆਇਆ, ਜੋਗੀ ਵੱਲ ਖੇੜਿਆਂ ਧਾਇਆ ਈ
ਇਕ ਘਰ ਜੋਗੀ ਵਜਾਈ ਸਿੰਙੀਂ, ਨਾਲੇ ਅਲਖ਼ ਨਿਰੰਜਣ ਗਾਇਆ ਈ
ਸੁਆਣੀ ਘਰ ਦੀ ਪਈ ਗਾਂ ਦੂੰਹਦੀ, ਨਿਆਣਾ ਪਿਛਲੀ ਲੱਤਾਂ ਪਾਇਆ ਈ
ਸੁਣ ਜੋਗੀ ਨੂੰ ਗਾਂ ਤਬ੍ਹਕ ਉਠੀ, ਛਾਲ ਮਾਰ ਕੇ ਨਿਆਣਾ ਤੁੜਾਇਆ ਈ
ਜੱਟ ਵੇਖਿਆ ਹਾਲ ਜੱਟੀ ਦਾ, ਦੋ ਚਾਰ ਬੋਲ ਕੁਪੱਤੇ ਜੋਗੀ ਸੁਣਾਇਆ ਈ
ਦੁਧ ਪੀਣ ਨੂੰ ਜੋਗੀਆ ਚਿੱਤ ਕੀਤਾ, ਨਜ਼ਰ ਸੱਜਰੀ ਗਾਂ ਥੀਂ ਲਾਇਆ ਈ
ਜੇ ਇੱਛਿਆ ਦੁੱਧ ਪੀਣ ਦੀ ਸੂ, ਭੈੜਿਆ! ਮੰਗ ਕੇ ਦੁੱਧ ਪੀ ਪਾਇਆ ਈ
ਉਠ ਜੱਟੀ ਨੇ ਲੀੜੇ ਲਾਹ ਸੁੱਟੇ, ਓਏ ਜੋਗੀਆ ਕੀ ਢੌਂਗ ਰਚਾਇਆ ਈ
ਚੰਗਾ ਭਲਾ ਕੰਮ ਕਰਨ ਜੋਗਾ, ਹਰਾਮਖੋਰੀ ਪਿਆ ਕਰਮ ਬਣਾਇਆ ਈ
ਮਾਵਾਂ ਧੀਆਂ ਜੋਗੀ ਦੀ ਗਿਣ ਛੱਡੀ, ਰੋਹ ਜੱਟੀ ਨੇ ਪੂਰਾ ਚੜ੍ਹਾਇਆ ਈ
ਗ੍ਹਾਲਾਂ ਕੱਢੀਆਂ ਰੱਜ ਰੱਜ ਜੱਟੀ, ਮਾਂ ਭੈਣ ਤੋਂ ਘੱਟ ਨ ਵਾਕ ਸੁਣਾਇਆ ਈ
ਜੱਟ ਵੇਖਿਆ ਹਾਲ ਜੱਟੀ ਸੁਆਣੀ ਦਾ, ਗੁੱਸੇ ਚ ਜੱਟ ਭਰ ਆਇਆ ਈ
ਵਿਚ ਸ਼ਰ੍ਹਾ ਦੇ ਉਚੱੜੇ ਬੋਲ ਬੋਲੇ, ਨਾਲੇ ਵੱਲ ਸੱਥ ਟੁਰਦਾ ਆਇਆ ਈ
ਜਾ ਦੱਸਿਆ ਵਿਚ ਪੰਚਾਇਤ ਜੱਟ, ਸਾਰਾ ਹਾਲ ਜਾ ਪੰਚਾਂ ਸੁਣਾਇਆ ਈ
ਲੰਬੜ ਆਖਿਆ ਕੱਢੋ ਪਿੰਡੋਂ ਜੋਗੀ, ਕਿਹੜਾ ਭੂਤੜਾ ਮੰਗਣ ਆਇਆ ਈ
ਨਾਲੇ ਗਜਾ ਵੰਡੋ ਨਾਲੇ ਜ਼ਖਮ ਹੰਢੋ, ਕਿਹੜੇ ਕਾਨੂਨ ਲਿਖ ਪਾਇਆ ਈ
ਇਕ ਆਖਿਆ ਬਲੀਆਂ ਚੋਂ ਬਲੀ ਜੋਗੀ, ਹੱਥ ਨਾ ਕੋਈ ਲਾਇਆ ਈ
ਗਜਾ ਕਰਦਾ ਜੋਗੀ ਅੱਗੇ ਟੁਰਿਆ, ਲੱਪ ਕਿਸੇ ਛੰਨਾਂ ਭਰ ਪਾਇਆ ਈ
ਕਿਸੇ ਘੂਰਿਆ ਕਿਸੇ ਡਾਟ ਮਾਰੀ, ਹੱਥ ਕਿਸੇ ਨ ਜੋਗੀ ਲਾਇਆ ਈ
ਗਜਾ ਦਾ ਤੇ ਇਕ ਬਹਾਨਾ ਈ, ਜੋਗੀ ਹੀਰ ਦੀ ਭਾਲ ਚ ਆਇਆ ਈ
ਹੀਰ ਜੋਗੀ ਭਲਾ ਕਿੱਥੋਂ ਲੱਭੇ, ਉਹਨੇ ਆਪਣਾ ਆਪ ਛੁਪਾਇਆ ਈ



## 00

ਜੋਗੀ ਸਹੁਰੇ ਘਰ ਹੀਰ ਜਾ ਵੜਿਆ, ਤੱਤਾ ਹੀਰ ਸਿਆਲ ਨੂੰ ਟੋਲਦਾ ਈ
ਅੱਗੋਂ ਸਹਿਤੀ ਨੇ ਬੜ੍ਹਕ ਮਾਰੀ, ਜੋਗੀ ਕੀ ਪਿਆ ਵਿਹੜਿਓਂ ਲੋੜਦਾ ਈ
ਵਿਹੜੇ ਵੜਦਿਆਂ ਮੇਰੀ ਅੱਖ ਫੜਕੀ, ਕਿਉਂ ਨਹੀਂ ਜੋਗੀਆ ਬੋਲਦਾ ਈ
ਹੱਥ ਪਾ ਕੇ ਕੰਡਿਆਂ ਦੇ ਵਿਚ ਜੋਗੀ, ਚੋਰੀ ਫੁੱਲ ਗੁਲਾਬ ਦਾ ਤੋੜਦਾ ਈ
ਸਵਰਨ ਸਿੰਘਾ ਦਰ ਦਰ ਜਾ ਜੋਗੀ, ਰਾਂਝਾ ਆਪਣੇ ਯਾਰ ਨੂੰ ਟੋਲਦਾ ਈ
ਜੋਗੀ ਆਖਿਆ ਮੰਗਣਾ ਕਿਰਤ ਜੋਗੀ, ਗੁੱਸਾ ਗਿਲਾ ਚਿੱਤ ਨ ਹੋੜਦਾ ਈ
ਵਾਂਗ ਪੁਲਸੀਆਂ ਪਈ ਡਰਉਂਨੀ ਏ, ਭਲਾ ਜੋਗੀ ਤੇਰਾ ਕੀ ਤੋੜਦਾ ਈ
ਤੇਰੀ ਮਰਜ਼ੀ ਨੱਢੀਏ ਖ਼ੈਰ ਪਾ ਦੇ, ਨਹੀਂ ਤੇ ਜੋਗੀਆਂ ਮੁਖ ਮੋੜਿਆ ਈ
ਕੱਚੀ ਕਲੀਏ ਕੁੜੀ ਕੁਆਰੀਏ ਨੀ, ਕਿਉਂ ਦੁਖ ਜੋਗੀ ਸੰਗ ਹੋੜਿਆ ਈ
ਦਰ ਤੇਰੇ ਮੰਗਣ ਦਰਵੇਸ ਆਏ, ਕਿਉਂ ਜੋਗੀਆਂ ਤੋਂ ਮੱਥਾ ਮੋੜਿਆ ਈ
ਅਸਾਂ ਭੁੱਖਿਆਂ ਆਣ ਗਜਾ ਮੰਗੀ, ਨਹੀਂ ਪਾਉਣੀ ਭਲਾ ਕੀ ਲੋੜ੍ਹਿਆ ਈ
ਅੜੀਏ ਜੋਗੀਆਂ ਨਾ ਖੁਆਰ ਕਰੀਏ, ਭਲਾ ਜੋਗੀ ਤੇਰਾ ਕੀ ਤੋੜਿਆ ਈ
ਭਲਾ ਕਰਮ ਨ ਗਰੀਬਾਂ ਡਾਟ ਦੇਣੀ, ਕੀਤਾ ਆਪਣਾ ਸਭਨਾ ਲੋੜਿਆ ਈ
ਐਵੇਂ ਤਰਕ ਨਾ ਜੋਗੀ ਮਾਰੀਏ ਨੀ, ਇਕ ਵਚਨ ਜੋਗੀ ਝੁੱਗਾ ਰੋੜ੍ਹਿਆ ਈ
ਭੈਣੋਂ ਭੈੜੀਓ ਸੁਣੋ ਇਲਜ਼ਾਮ ਇਹਦਾ, ਆਖੇ ਮੱਥਾ ਜੋਗੀ ਸੰਗ ਜੋੜਿਆ ਈ
ਗੱਲ ਆਖ ਕੇ ਪੈਰ ਤੇ ਮੁੱਕਰ ਜਾਂਦਾ, ਜਿਵੇਂ ਪੱਹੀਆ ਗੱਡੇ ਦਾ ਰੋੜ੍ਹਿਆ ਈ
ਆਪੇ ਲਾ ਕੇ ਆਪੇ ਬੁਝਾ ਦੇਵੇ, ਗਿੱਲੀ ਲੱਕੜਾਂ ਚੋਂ ਧੂਆਂ ਨਚੋੜਿਆ ਈ
ਜੋਗੀ ਬੈਠਾ ਈ ਪਾ ਗਿੱਲਾ ਪੀਹਣਾ, ਨਾ ਪੀਠੇ ਕਰ ਦਲੀਆ ਬਹੋੜਿਆ ਈ
ਜੋਗੀ ਆਖਿਆ ਮੈਂ ਤੇ ਚੁੱਪ ਬੈਠੋਂ, ਕਿਉਂ ਫੌਜ ਵਾਂਗ ਕੀਤੀ ਚੜ੍ਹਾਈ ਏ
ਹੱਥ ਬਰਛੀ ਪੈਰੀਂ ਝਾਂਜਰਾਂ ਈ, ਕਿਹੜੀ ਫੌਜ ਦੀ ਸਿੱਖਿਆ ਪਾਈ ਏ
ਕੌਣ ਫੌਜਦਾਰ ਕਿੱਥੇ ਕਵੈਦ ਕੀਤੀ, ਬਾਝ ਸਿੱਖਿਆ ਦੇ ਚੜ੍ਹ ਆਈ ਏ
ਹੱਥ ਧੋ ਪਈ ਮਗਰ ਬੇਗਾਨਿਆਂ ਦੇ, ਐਵੇਂ ਬਿਪਤਾ ਜੱਗ ਨੂੰ ਪਾਈ ਏ
ਟੁਰ, ਜਾਹ ਕਰ ਕੰਮ ਕਾਰ ਕੋਈ, ਵਾਕਣ ਕੁੱਕੜਾਂ ਪਾਈ ਦੁਹਾਈ ਏ
ਐਵੇਂ ਜੋਗੀਆਂ ਥੀਂ ਨ ਖੁਆਰ ਕਰੀਰੇ, ਵਾਰ ਜੋਗੀ ਨ ਜਾਵੇ ਬਚਾਈ ਏ

## 00

ਤੂੰ ਕੌਣ ਏਂ ਜੋਗੀਆ ਘਰ ਸਾਡੇ, ਸਹਿਤੀ ਜੋਗੀ ਤਾਈਂ ਵੰਗਾਰਦੀ ਏ
ਵਜਾਵੇਂ ਸਿੰਙੀਂ ਹੱਥ ਫੜ ਕਾਸਾ, ਸਹਿਤੀ ਬੋਲੜੀ ਜੋਗੀ ਕੂ ਮਾਰਦੀ ਏ
ਘਰ ਸਾਡੇ ਕੁੰਡਾ ਖੜਕਾਇਆ ਈ, ਜਿਹੜੀ ਗੱਲ ਸੋਚ ਵਿਚਾਰ ਦੀ ਏ
ਮੇਰੀ ਭਾਬੀ ਦੀ ਨੀਂਦ ਟੁੱਟ ਜਾਸੀ, ਸਾਰੀ ਰਾਤ ਕਰਵਟਾਂ ਮਾਰਦੀ ਏ
ਨਾ ਸੋਵੇ ਨਾ ਭਾਬੀ ਕੁਝ ਖਾਵੇ, ਤੇਰੀ ਸਿੰਙੀਂ ਚੀਖਾਂ ਪਈ ਮਾਰਦੀ ਏ
ਆਹ ਲੈ ਗਜਾ ਹੱਥ ਚੁੱਕ ਕਾਸਾ, ਲੱਪ ਚੀਣੇ ਦੀ ਬੁੱਕਲ ਚ ਮਾਰਦੀ ਏ
ਸਹਿਤੀ ਗੁੱਸੇ ਚ ਹੱਥ ਮਾਰਿਆ ਸੂ, ਠੂਠਾ ਸੁੱਟ ਜ਼ਮੀਨ ਤੇ ਮਾਰਦੀ ਏ
ਕਾਸਾ ਸੁੱਟਿਆ ਤੇ ਟੁੱਟ ਗਿਆ, ਭਰੀ ਸਹਿਤੀ ਜੋਬਨ ਹੰਕਾਰ ਦੀ ਏ
ਜੋਗੀ ਆਖਿਆ ਨੱਢੀਏ ਕੀ ਆਖਾਂ, ਆਏ ਜੋਗੀ ਦਰ ਸਰਕਾਰ ਦੇ ਈ
ਗਜਾ ਕਰਨਾ ਕਰਮ ਸਾਡਾ, ਕਿਹੜੇ ਬਰਛੀਆਂ ਜਿਗਰ ਚ ਮਾਰਦੇ ਈ
ਪਾਵੇਂ ਚੀਣਾ ਆਕੜ ਘਿਓ ਵਾਕਣ, ਉਤੋਂ ਠੂਠਾ ਤੋੜ ਭੰਨ ਡਾਰਦੇ ਈ
ਭਲਾ ਤੇਰਾ ਅਸਾਂ ਵਗਾੜਿਆ ਕੀ, ਸੱਚ ਆਖ ਦੇ ਸੱਚ ਵਿਚਾਰ ਕੇ ਈ
ਸਹਿਤੀ ਆਖੇ ਜੋਗੀਆ ਅੰਦਰ ਝਾਕੇਂ, ਜਿਵੇਂ ਚੋਰ ਝਾਤੀਆਂ ਮਾਰਦਾ ਈ
ਨਾਲੇ ਚੋਰੀ ਨਾਲੇ ਸੀਨਾ ਜ਼ੋਰੀ, ਕਾਨੂਨ ਇਹ ਕਿਹੜੀ ਸਰਕਾਰ ਦਾ ਈ
ਜ਼ਰਾ ਦੱਸ ਖਾਂ ਕਿੱਥੋਂ ਜੋਗ ਪਾਇਆ, ਐਵੇਂ ਨੱਢੀਆਂ ਤਾਈ ਚਾਰਦਾ ਈ
ਅੱਖ ਝਮਕੇਂ ਨ ਕਾਲੇ ਨਾਗ ਵਾਕਣ, ਉਤੋਂ ਉਚੀਆਂ ਬੋਲੀਆਂ ਮਾਰਦਾ ਈ
ਜਾਹ ਟੁਰ ਜਾ ਖਹਿੜਾ ਛੱਡ ਮੇਰਾ, ਫੜ ਰਾਹ ਆਪਣੇ ਘਰ ਬਾਰ ਦਾ ਈ
ਨਿੱਤ ਨਵੇਂ ਜੋਗੜੇ ਉਠ ਆਵਣ, ਹਰ ਕੋਈ ਮੰਗਦਾ ਲੱਪ ਭੰਡਾਰ ਦਾ ਈ
ਜੋਗੀ ਆਖਿਆ ਚੇਲਾ ਬਾਲ ਨਾਥ, ਟਿੱਲਾ ਟਿੱਬੀ ਕੜਾਣੇ ਲਾਇਆ ਈ
ਇਕ ਟੰਗ ਖੜ੍ਹਾ ਹੋ ਜਾਪ ਕਰਦਾ, ਖੜ੍ਹ ਛੱਪੜ ਚ ਜੋਗ ਕਮਾਇਆ ਈ
ਸਾਰੀ ਰਾਤ ਖੁਦ ਜਾਪ ਕਰਦਾ, ਦਿਨੇ ਚੇਲਿਆਂ ਤਾਈਂ ਪੜ੍ਹਾਇਆ ਈ
ਦੂਰ ਦੂਰੋਂ ਖਲਕ ਟੁਰੀ ਆਵੇ, ਇਕ ਵਾਕ ਚ ਭਰਮ ਮਿਟਾਇਆ ਈ
ਨਾਥ ਮਗਾਂ ਸਭ ਦੀਆਂ ਪੂਰਦਾ ਈ, ਦੂਜੀ ਵਾਰ ਨਾ ਕੋਈ ਆਇਆ ਈ
ਉਥੇ ਸੈਕੜੇ ਚੇਲੇ ਬੈਠੇ ਈ, ਅਸਾਂ ਟਿੱਲੇ ਨਾਥ ਦੇ ਜੋਗ ਕਮਾਇਆ ਈ
ਯਕੀਨ ਨਹੀਂ? ਚੱਲ ਖਾਂ ਨਾਲ ਮੇਰੇ, ਜੋਗੀ ਸਹਿਤੀ ਆਖ ਸੁਣਾਇਆ ਈ
ਜਾ ਕੇ ਵੇਖ ਲਵੀਂ ਜੋਗ ਕਿੰਨਾਂ ਔਖਾ, ਕਿਸੇ ਵਿਰਲੇ ਜੋਗ ਕਮਾਇਆ ਈ



## 00

ਜੋਗੀ ਆਖਿਆ ਨੱਢੀਏ ਸੁਣ ਮੇਰੀ, ਨਾ ਜੋਗੀ ਤਾਈਂ ਸਤਾ ਕੁੜੀਏ
ਜੋਗੀ ਮੰਗ ਕੇ ਡੇਰੇ ਟੁਰ ਜਾਣਾ, ਨਹੀਂ ਜੋਗੀ ਦਾ ਤੱਗ ਅਜਮਾ ਕੁੜੀਏ
ਅਸਾਂ ਕੀਤੀ ਬਹੁ ਕਮਾਈਆਂ ਸੂ, ਆਏ ਨਾਥ ਕੋਲੋਂ ਵਰ ਪਾ ਕੁੜੀਏ
ਜੋਗੀਆਂ ਤਾਈਂ ਨ ਨਾਰਾਜ਼ ਕਰੀਏ, ਵਚਨ ਬੋਲ ਕੇ ਦੇਣ ਪੁਗਾ ਕੁੜੀਏ
ਜੋਗੀ ਵਸਦੇ ਘਰ ਉਜਾੜ ਘੱਤਣ, ਇਕ ਬੋਲ ਉਜੜੇ ਦੇਣ ਵਸਾ ਕੁੜੀਏ
ਮਾਂਗ ਭਰੀ ਸੰਧੂਰ ਮਿਟਾ ਦੇਸਣ, ਵਿਆਹੀ ਰੰਡੀਆਂ ਦੇਣ ਬਣਾ ਕੁੜੀਏ
ਉਲਟੇ ਕਈਆਂ ਲਮਕਾ ਦੇਵਣ, ਬੜ ਬੋਲਿਆਂ ਸਬਕ ਸਿਖਾ ਕੁੜੀਏ
ਸਹਿਤੀ ਆਖਿਆ ਜੋਗੀਆ ਸੱਚ ਆਖਾਂ, ਮੈਨੂੰ ਨਾਥ ਨੇ ਆਖ ਸੁਣਾਈ
ਛਿੱਦੇ ਦੰਦ ਹੋਣ ਜਿਹੜੀ ਨਾਰ ਦੇ, ਬੁੱਲ੍ਹਾਂ ਉਤੇ ਵਾਲਾਂ ਦੀ ਸਿਆਹੀ
ਹੋਣ ਸਿਰ ਦੇ ਵਾਲ ਲਟੂਰੀਆਂ, ਮਰਦਾ ਕੋਲੋਂ ਨ ਜਿਹੜੀ ਸ਼ਰਮਾਈ
ਰੱਬ ਕੋਲੋਂ ਭਾਵੇਂ ਲਿਖਾ ਲਿਆਵਣ, ਰੰਡੀ ਹੋਣਾ ਜੋਗੀ ਉਸ ਨਾਰ ਨੇ
ਲੰਬੇ ਵਾਲ ਹੋਣ ਜਿਹੜੀ ਨਾਰ ਦੇ, ਦੰਦਾ ਵਾਲੀ ਬੀੜੀ ਵੇ ਬਣਾਈ
ਬੁੱਲ੍ਹ ਲਿਸ਼ਕਣ ਵਾਂਗ ਕਚਨਾਰ ਦੇ, ਵੇਖ ਮਰਦਾਂ ਤਾਈਂ ਸ਼ਰਮਾਈ
ਇੱਕ ਸਮੇਂ ਜੋਗੀ ਮੈਨੂੰ ਦੱਸ ਗਿਆ, ਨਾਰ ਉਹ ਰੰਡੀ ਹੋਵੇ ਨਾਹੀਂ
ਚਾਰ ਵਰਨ ਵੇਖ ਲੈ ਜੋਗੀ ਝਾਕ ਕੇ, ਅਸਾਂ ਰੰਡੀਆਂ ਹੋਣਾ ਨਾਹੀਂ
ਦਬਕੇ ਨ ਜੋਗੀਆ ਮਾਰ ਮੈਨੂੰ, ਅਸਾਂ ਰੱਬ ਕੋਲੋਂ ਮੰਗੀਆਂ ਦੁਆਈਂ
ਰੱਬ ਕਰੇ ਜਹਾਨ ਵਿਚ ਹੋਣ ਮੇਲੇ, ਕੱਠੇ ਸੁਰਗਾਂ ਨੂੰ ਕਰੀਏ ਚੜ੍ਹਾਈ
ਜਾਂਦਾ ਜਾਂਦਾ ਜੋਗੀ ਮੈਨੂੰ ਦੱਸ ਗਿਆ, ਰੰਡੀ ਹੋਣਾ ਨਹੀਂ ਇਸ ਨਾਰ ਨੇ
ਜਾਹ ਫੜ ਲੈ ਜੋਗੀਆ ਰਾਹ ਅਪਣਾ, ਤੈਨੂੰ ਲੱਖ ਦੀ ਮੈਂ ਇਕ ਸੁਣਾਈ
ਜੋਗੀ ਹੋਵੇਂਗਾ ਡੇਰੇ ਆਪਣੇ ਤੂੰ, ਤੂੰ ਸਾਡਾ ਕੁਝ ਲਗਦਾ ਓਏ ਨਾਹੀਂ
ਐਵੇਂ ਨੱਢੀਆਂ ਮਜ਼ਾਕ ਨੀ ਕਰੀਦਾ, ਪੁਗਾਉਣੇ ਔਖੇ ਕੌਲਾਂ ਦੇ ਵਾਰ ਨੇ
ਗੱਲ ਕਰੀਏ ਜਿਹੜੀ ਪੁਗਾ ਹੋਵੇ, ਨਾ ਬੋਲੀਏ ਜਿਹੜੀ ਅਫਵਾਹ ਹੋਵੇ
ਮੂੰਹ ਖੋਲ੍ਹਿਆ ਕੰਧਾਂ ਸੁਣਦੀਆਂ ਨੇ, ਬੋਲੀ ਮਾਰੀ ਨਾ ਜੋਗੀਆ ਬੇਜਾ ਹੋਵੇ
ਭਲਾ ਡੁੱਬਦਿਆਂ ਕੌਣ ਤਾਰਦਾ ਈ, ਕੱਚੇ ਬੋਲ ਬੋਲਣੇ ਜੋਗੀ ਬੇਕਾਰ ਨੇ
ਭਲਾ ਤਰਿਆਂ ਜੋਗੀਆ ਕੌਣ ਡੋਬੇ, ਜਿਹ ਤੇ ਕੀਤੀ ਰਹਿਮਤ ਸਰਕਾਰ ਨੇ

## 00

ਬਹਿ ਸਹੇਲੀਆਂ ਸਹਿਤੀ ਆਖਿਆ ਈ, ਜੋਗੀ ਨੂੰ ਐਵੇਂ ਪ੍ਰੇਸ਼ਾਨ ਕੀਤਾ
ਜੋਗੀ ਟਿੱਲਿਆਂ ਦੇ ਰਹਿਣ ਵਾਲਾ, ਕਾਣ ਨੈਣਾਂ ਦੇ ਲਹੂ ਲੁਹਾਨ ਕੀਤਾ
ਚਿੱਤ ਜੋਗੀਆਂ ਵਸੀ ਦੀਵਾਨਗੀ ਏ, ਐਵੇਂ ਤੱਤੇ ਕਿਉਂ ਪ੍ਰੇਸ਼ਾਨ ਕੀਤਾ
ਆਡਾ ਲਾ ਕੇ ਅਲਮਸਤ ਜੋਗੀ ਸੰਗ, ਤੂੰ ਆਪਣਾ ਆਪ ਬੇਰਾਮ ਕੀਤਾ
ਮੰਗ ਖਾ ਕੇ ਜੋਗੀ ਗੁਜ਼ਰ ਕਰਦੇ, ਇਕ ਜਾ ਇਹ ਤੰਬੂ ਨਾ ਤਾਣਦੇ ਈ
ਛੱਡ ਖਹਿੜਾ ਜੋਗੀ ਟੁਰ ਜਾਣਾ, ਜੋੜ ਲੱਭੀਏ ਸਹਿਤੀਏ ਹਾਣ ਦੇ ਈ
ਕੰਮ ਜੋਗੀ ਦਾ ਰੱਬ ਨੂੰ ਚੇਤੇ ਕਰਨਾ, ਤੈਨੂੰ ਮੈਨੂੰ ਨ ਜੋਗੀ ਪਛਾਣਦੇ ਈ
ਕਰਨਾ ਝਗੜਾ ਕਰਮ ਫੌਜਦਾਰਾਂ, ਜਿਹੜੇ ਸੁੱਚੀਆਂ ਸੇਜਾਂ ਮਾਣਦੇ ਈ
ਜੋਗੀ ਸੌਣ ਜ਼ਮੀਨ ਤੇ ਸੁੱਟ ਭੂਰਾ, ਭੰਗ ਪੀ ਕੇ ਲੰਮੀਆਂ ਤਾਣਦੇ ਈ
ਦਿਨੇ ਪੀਣ ਘੋਟ ਕੇ ਨਿੰਮ ਅੱਕ, ਜ਼ਹਿਰ ਪੀ ਜ਼ਹਿਰ ਉਗਾਣਦੇ ਈ
ਤੇਰਾ ਜੋਗੀ ਨਾਲ ਵਾਸਤਾ ਕੀ, ਇਨ੍ਹਾਂ ਜੋਗੀਆਂ ਅਸਾਂ ਕੀ ਜਾਣਦੇ ਈ
ਹਮ ਉਮਰ ਹਮ ਦਿਮਾਗ ਲੋਕੋ, ਖੁੱਕੀਂ ਵੜੇ ਪਕਾਉਣਾ ਜਾਣਦੇ ਈ
ਸਵਰਨ ਸਿੰਘਾ ਸੱਚ ਦੀ ਸੱਚ ਭਾਖੀ, ਜੱਟੀ ਜੋਗੀ ਇੱਕੋ ਹਾਣਦੇ ਈ
ਸਹਿਤੀ ਆਖਦੀ ਜੋਗੀ ਦੀ ਅੱਖ ਭੈੜੀ, ਜੋਗੀ ਨੈਣਾਂ ਦੇ ਕਾਣ ਚਲਾਵੰਦਾ ਏ
ਤੱਕੋ ਅੱਖ ਮਸਤਾਨੀ ਭਰਵੱਟੇ ਕਾਲੇ, ਜਿਵੇਂ ਕੱਜਲਾ ਅੱਖੀਆਂ ਪਾਵੰਦਾ ਏ
ਇਹ ਜੋਗੀ ਨਹੀਂ ਮਸਟੰਡਾ ਏ, ਭੈੜਾ ਜੋਗੀਆਂ ਭੇਸ ਬਣਾਵੰਦਾ ਏ
ਸਿਰ ਟੋਪੀ ਹੱਥ ਫੜ ਸਿੰਙੀਂ, ਭੈੜਾ ਲਾਜ ਜੋਗੀਆਂ ਨੂੰ ਲਾਵੰਦਾ ਏ
ਅੱਖ ਚੁੱਕ ਜੋਗੀ ਜਮਾਲ ਤੱਕੋ, ਭੈੜਾ ਅੱਖ ਨਾਲ ਅੱਖ ਮਿਲਾਵੰਦਾ ਏ
ਭਾਸਦਾ ਇਸ਼ਕ ਮਜਾਜ਼ ਵਾਲਾ, ਦਰ ਦਰ ਜਾ ਅਲਖ਼ ਜਗਾਵੰਦਾ ਏ
ਪੁੱਟ ਸੀ ਯਾਰ ਕੁਪੱਤੜਾ ਇਹ, ਭੈੜਾ ਨੱਸ ਜੋਗੀ ਸੰਗ ਜਾਵੰਦਾ ਏ
ਜੋਗੀ ਨਹੀਂ ਇਹ ਆਸ਼ਿਕ ਏ, ਭੇਸ ਜੋਗੀ ਦਾ ਪਿਆ ਬਣਾਵੰਦਾ ਏ
ਗਿੱਦੜ ਪਰਚੀ ਹਿੱਕ ਨਾਲ ਲਾ ਰੱਖੇ, ਪੜ੍ਹ ਪੜ੍ਹ ਮੰਤਰ ਅਲਾਵੰਦਾ ਏ
ਜਿਵੇਂ ਬਿੱਲੀ ਚੂਹੇ ਦੀ ਤਾੜ ਬੈਠੀ, ਸਮਾਂ ਪਾ ਸ਼ਿਕਾਰ ਘੱਤ ਪਾਵੰਦਾ ਏ
ਮੇਰੀ ਗੱਲ ਸੱਚੀ ਨੀ ਸੱਚ ਆਖਾਂ, ਇਹ ਜੋਗੜਾ ਜੋਗੀ ਨਹੀਂ ਭਾਵੰਦਾ ਏ
ਪਿੰਡ ਖੇੜਿਓ ਸਾਵਧਾਨ ਹੋਵੋ, ਜੋਗੀ ਬਹੂ ਬੇਟੀਆਂ ਕੱਢ ਲੈ ਜਾਵੰਦਾ ਏ



## 00

ਜੋਗੀ ਆਖਿਆ ਐਵੇਂ ਬਦਨਾਮ ਕੀਤੋ, ਗੱਲ ਮੇਰੀ ਦਾ ਦੇਹ ਜੁਆਬ ਨੱਢੀ
ਪਿੰਡ ਵੜਦੇ ਜੋਗੀ ਪਿੱਛੇ ਵੈਰ ਪਾਏ, ਕੁੱਤੇ ਰਾਹੀਆਂ ਕਰਨ ਖਰਾਬ ਨੱਢੀ
ਕੁੱਤੇ ਭੌਂਕਦੇ ਬਾਹਰ ਫਿਰਨੀਆਂ ਤੇ, ਪਿੰਡ ਵੜੇ ਕੂ ਕਰਨ ਬੇਆਬ ਨੱਢੀ
ਇਹੋ ਤੂੰ ਚਿੱਤ ਚ ਧਾਰਿਆ ਈ, ਹੁੰਦੀ ਪਈ ਏਂ ਐਵੇਂ ਬੇਤਾਬ ਨੱਢੀ
ਗਜਾ ਕਰਨੀ ਜੋਗੀਆਂ ਟੁਰ ਜਾਣਾ, ਪਿੰਡ ਵਸਦਾ ਰਹੇ ਆਬਾਦ ਨੱਢੀ
ਜੋਗੀ ਬਣਨਾ ਕੰਮ ਨਹੀਂ ਰੰਡੀਆਂ ਦਾ, ਘਰੋਂ ਹੋਣ ਜੋਗੀ ਬਰਬਾਦ ਨੱਢੀ
ਘਰ ਛੱਡ ਡੇਰਿਆਂ ਜਾ ਬਹਿੰਦੇ, ਲੱਗੀ ਰੱਬ ਦੀ ਚਿੱਤ ਚ ਆਗ ਨੱਢੀ
ਡੇਰੇ ਨਾਥ ਜਾ ਭਗਤ ਬਣਦੇ ਈ, ਲੋਕਾਂ ਨੂੰ ਕਰਾਉਣ ਰੱਬ ਯਾਦ ਨੱਢੀ
ਲੋਕੀਂ ਡੇਰਿਆਂ ਜਾ ਮੰਗਾਂ ਮੰਗਦੇ ਏ, ਘਰ ਤੇਰੇ ਗਿਆ ਜੋਗੀ ਆ ਨੱਢੀ
ਮੰਗਾਂ ਮੰਗ ਲੈ ਮੱਲਾਂ ਮਾਰ ਲੈ ਨੀ, ਖੁਲ੍ਹ ਗਏ ਤੇਰੇ ਅੱਜ ਭਾਗ ਨੱਢੀ
ਅਸਾਂ ਰੱਬ ਤੋਂ ਸੁਣ ਤੈਨੂੰ ਆਖਣਾ ਈ, ਮੀਟ ਅੱਖੀਆਂ ਉਤੇ ਚਾੜ੍ਹ ਨੱਢੀ
ਮੰਗ ਲੈ ਅੱਜ ਮਨ ਭਾਉਂਦੀਆਂ ਨੀ, ਜੋਗੀ ਸ਼ਰ੍ਹਾ ਚ ਗਿਆ ਏ ਆ ਨੱਢੀ
ਵੇਲਾ ਸਾਂਭ ਲੈ ਫਿਰ ਪਛਤਾਵੇਂਗੀ, ਸਮਾਂ ਬੀਤਿਆ ਕਰੇਂਗੀ ਯਾਦ ਨੱਢੀ
ਬੋਲ ਜੋਗੀ ਦੇ ਕਹੇ ਨਾ ਜਾਣ ਬਿਰਥਾ, ਖੋਲ੍ਹ ਅੱਖੀਆਂ ਸੌਂ ਨਾ ਜਾਗ ਨੱਢੀ
ਜੋਗੀ ਗਏ ਮੁੜ ਨਾ ਭੌਂਦੇ ਈ, ਸਮਾਂ ਜਾਣ ਦਾ ਆ ਗਿਆ ਲਾਗ ਨੱਢੀ
ਜੋਗੀ ਹੋਣ ਚਿੱਤ ਦੇ ਕੌੜੇ, ਇਕ ਬੋਲ ਅਲਾ ਕੇ ਕਰਨ ਬਰਬਾਦ ਨੱਢੀ
ਯਾਦ ਰੱਖ ਕੀਤੀਆਂ ਫਲ ਪਾਉਂਦੇ, ਜਾਣ ਵੇਲੇ ਹੁੰਦਾ ਹਿਸਾਬ ਨੱਢੀ
ਪਲੀ ਪਲੀ ਖੋਜ ਕੇ ਲੱਭ ਲੈਂਦੇ, ਦੇਣਾ ਪੈਂਦਾ ਈ ਉਥੇ ਜੁਆਬ ਨੱਢੀ
ਕੱਲ੍ਹ ਖੱਟਿਆ ਅੱਜ ਪੈਣਾ ਪੱਲੇ, ਆਵੇ ਅੱਜ ਦਾ ਕੱਲ੍ਹ ਸੁਆਦ ਨੱਢੀ
ਸੁਆਲ ਧੁਰ ਦਰਗਾਹੋਂ ਲਿਖੇ ਆਵਣ, ਦੇਣ ਔਖਾ ਬੜਾ ਜੁਆਬ ਨੱਢੀ
ਤੀਰ ਢਿੱਲੇ ਮਾਰ ਨ ਪਾਰ ਹੋਵਣ, ਜ਼ਖਮ ਕਰੇ ਬਹੁਤ ਖਰਾਬ ਨੱਢੀ
ਐਸੇ ਤੀਰ ਨੈਣਾਂ ਚੋਂ ਮਾਰਨੀ ਏ, ਜਾਨ ਕੱਢਣ ਨ ਕਰਨ ਇਲਾਜ ਨੱਢੀ
ਅਸਾਂ ਕੀ ਵਗਾੜਿਆ ਖੇੜਿਆਂ ਦਾ, ਐਵੇਂ ਦੋਸ਼ ਨ ਜੋਗੀ ਲਗਾ ਨੱਢੀ
ਗੱਲ ਜੋਗੀ ਨੇ ਸਾਫ ਸੁਣਾ ਦਿੱਤੀ, ਗੱਲ ਸੁਣ ਕੇ ਗਈ ਸ਼ਰਮਾ ਨੱਢੀ
ਵੇਲਾ ਗਿਆ ਕਦੀ ਨ ਬਹੁੜਦਾ ਈ, ਰੂਹ ਚਿੱਤ ਨ ਦਾਗ ਲਗਾ ਨੱਢੀ
ਵਰ ਮੰਗ ਕੇ ਵੇਖ ਲੈ ਜੋਗੀ ਤੋਂ, ਵਾਕ ਆਖ ਕੇ ਦਵੇ ਪੁਗਾ ਨੱਢੀ

## 00

ਗਜਾ ਮੰਗ ਜੋਗੀ ਰਾਹ ਟੁਰਿਆ, ਚਿੱਤ ਆਪਣੇ ਸਹਿਤੀ ਵਿਚਾਰਦੀ ਏ
ਗੱਲਾਂ ਕਰਦਾ ਜੋਗੀ ਸਿਆਣੀਆਂ ਏ, ਭਾਵੇਂ ਸ਼ਕਲ ਕੁਪੱਤੜੀ ਯਾਰ ਦੀ ਏ
ਆਡਾ ਲਾ ਕੇ ਬੈਠੀ ਏਂ ਜੋਗੀ ਸੰਗ, ਚਿੱਤ ਆਪਣੇ ਤਾਈਂ ਵੰਗਾਰਦੀ ਏ
ਲੀੜੇ ਲਾਹ ਕੇ ਪਈ ਏਂ ਮਗਰ ਜੋਗੀ, ਭਲਾ ਤੇਰੀ ਮੱਤ ਕਿਉਂ ਮਾਰਦੀ ਏ
ਗਜਾ ਕਰਕੇ ਵਿਚਾਰਾ ਪੇਟ ਭਰਦਾ, ਤੂੰ ਢਿੱਡ ਤੇ ਲੱਤ ਕਿਉਂ ਮਾਰਦੀ ਏ
ਗੱਲਾਂ ਸੁਣ ਕੇ ਇੰਞ ਨਜ਼ਰ ਆਵੇ, ਭਾ ਜੋਗ ਦੀ ਗੱਲਾਂ ਚੋਂ ਮਾਰਦੀ ਏ
ਉਚ ਬੋਲੜੀ ਜੋਗੀ ਸਰਾਫ ਦੇਸੀ, ਚਿੱਤ ਆਪਣੇ ਸਹਿਤੀ ਵਿਚਾਰਦੀ ਏ
ਰਾਤੀਂ ਨੀਂਦਰ ਸਹਿਤੀ ਪ੍ਰੇਸ਼ਾਨ ਕੀਤਾ, ਵੱਲ ਤਾਰਿਆਂ ਝਾਤੀ ਮਾਰਦੀ ਏ
ਕਰੇ ਸੁਆਲ ਤਾਰਿਆਂ ਚੰਨ ਤਾਈਂ, ਸੁਰਤ ਜੋਗੀ ਦੀ ਚਿੱਤ ਚਿਤਾਰਦੀ ਏ
ਖਿਮਾਂ ਮੰਗਦੀ ਜੋਗੀਆ ਬਖਸ਼ ਮੈਨੂੰ, ਆਪੇ ਸੁਆਲ ਦਾ ਜੁਆਬ ਨਿਤਾਰਦੀ ਏ
ਭੁੱਲਣਹਾਰ ਮੈਂ ਸਖੀਆਂ ਆਖਿਆ ਸੂ, ਬੁਰਾ ਭਲਾ ਸਖੀਆਂ ਵਿਚਾਰਦੀ ਏ
ਚੌਥੇ ਪਹਿਰ ਤੱਤੀ ਦੀ ਅੱਖ ਲੱਗੀ, ਆਖੀ ਜੋਗੀ ਦੀ ਬਰਛੀਆਂ ਮਾਰਦੀ ਏ
ਬਰੜਾਇ ਕੈ ਸਹਿਤੀ ਉਠ ਖਲੋਤੀ, ਸੱਚ ਝੂਠ ਪਈ ਤੱਤੀ ਨਿਤਾਰਦੀ ਏ
ਸੱਚੀਂ ਮੁੱਚੀਂ ਕੀ ਇਹ ਸੁਫਨਾ ਸੀ, ਕੀਤੇ ਆਪਣੇ ਦਾ ਫਲ ਉਤਾਰਦੀ ਏ
ਸੋਚ ਵਿਚਾਰ ਚ ਰੈਣ ਗੁਜ਼ਾਰ ਛੱਡੀ, ਦਿਨ ਚੜ੍ਹਿਆ ਸਹਿਤੀ ਵਿਚਾਰਦੀ ਏ
ਭੈੜੇ ਜੋਗੀ ਕਿਸੇ ਨ ਮਾਫ ਕਰਦੇ, ਬੋਲ ਜੋਗੀ ਦੇ ਕਟਾਰ ਸੀਨੇ ਮਾਰਦੀ ਏ
ਚੱਲ ਸਹਿਤੀਏ ਭੁੱਲਾਂ ਬਖਸ਼ਾਈਏ ਨੀ, ਜੋਗੀ ਦੂਰ ਨਹੀਂ ਚਿੱਤ ਚਿਤਾਰਦੀ ਏ
ਸਹਿਤੀ ਟੁਰ ਪਈ ਸੰਗ ਪੰਜ ਸਖੀਆਂ, ਬਾਗ ਵੱਲ ਤੱਤੀ ਨਿਗ੍ਹਾ ਮਾਰਦੀ ਏ
ਚਲੋ ਅੜੀਓ ਜੋਗੀ ਦੇ ਕਰੀਏ ਦਰਸਣ, ਸੰਤੋ ਬੰਤੋ ਤਾਈਂ ਪੁਕਾਰਦੀ ਏ
ਉਠ ਸਖੀਆਂ ਝੱਬ ਤਿਆਰ ਹੋਈਆਂ, ਸੁਰਖੀ ਬਿੰਦੀਆਂ ਕੋਈ ਉਤਾਰਦੀ ਏ
ਘਗਰਾ ਸੂਫ ਦਾ ਪਾਇਆ ਸੰਤੋ ਨੇ, ਪੈਰ ਪੰਜੇਬਾਂ ਪਾ ਛਣਕਾਂ ਮਾਰਦੀ ਏ
ਸੱਗੀ ਫੁੱਲ ਪਾ ਲਏ ਬੰਤੋ ਨੇ, ਛਮਕ ਛੱਲੋ ਸੰਤੋ ਤਾਈਂ ਵੰਗਾਰਦੀ ਏ
ਚੱਲੋ ਛੇਤੀ ਹੋ ਤਿਆਰ ਅੜੀਓ, ਸਹਿਤੀ ਸਖੀਆਂ ਤਾਈਂ ਪੁਕਾਰਦੀ ਏ
ਜਾਣਾ ਈ ਜੋਗੀ ਦੇ ਦਰਸਣਾ ਨੂੰ, ਹਾਰ ਸੰਗਾਰ ਕਿਉਂ ਤੱਤੀ ਉਤਾਰਦੀ ਏ
ਡਾਰ ਨੱਢੀਆਂ ਟੁਰੀ ਬਾਗਾਂ ਨੂੰ, ਵਾਕਣ ਹਿਰਨੀਆਂ ਚੁੰਗੀਆਂ ਮਾਰਦੀ ਏ



ਪੁੱਜੀਆਂ ਬਾਗ ਦੇ ਵਿਚ ਕੁੜੀਆਂ, ਅੱਗੋ ਜੋਗੀ ਨੇ ਨਜ਼ਰਾਂ ਟਿਕਾਈਆਂ ਓਏ
ਲੱਗੀ ਨੱਢੀਆਂ ਜੋਗੀਆ ਮਗਰ ਤੇਰੇ, ਕਿਵੇਂ ਪਾਵੇਂਗਾ ਜੋਗੀ ਰਿਹਾਈਆਂ ਓਏ
ਮਾਰ ਫੂਕਨਾ ਧੂਆਂ ਧਾਰ ਕੀਤਾ, ਜੋਗੀ ਉਚੀ ਉਚੀ ਪਾਈ ਦੁਹਾਈਆਂ ਓਏ
ਕਰੇ ਰੱਬ ਵਲਾਈਂ ਟਲ ਜਾਵਣ, ਜੋਗੀ ਉਚੀ ਮੰਤਰ ਜ਼ੰਤਰ ਅਲਾਈਆਂ ਓਏ
ਉਚੀ ਉਚੀ ਮੰਤਰ ਅਲਾਪ ਕਰਦਾ, ਛਾਈਆਂ ਮਾਈਆਂ ਜੋਗੀ ਪਾਈਆਂ ਓਏ
ਕੌਣ ਸਮਝੇ ਜੋਗੀ ਕੀ ਬੋਲਦਾ ਏ, ਆਵਾਜ਼ ਸੁਣ ਕੁੜੀਆਂ ਘਬਰਾਈਆਂ ਓਏ
ਸਹਿਤੀ ਸੋਚਿਆ ਹੁਣ ਕੀ ਹੋਸੀ, ਸੁਆਲ ਕੁੜੀਆਂ ਸਹਿਤੀ ਪਾਈਆਂ ਓਏ
ਇਕ ਆਖਿਆ ਕੀ ਵਗਾੜੂ ਸਾਡਾ, ਭਲਾ ਸਾਡੇ ਨਾਲ ਜੋਗੀ ਵਿਹਾਈਆਂ ਓਏ
ਚਿੱਤ ਸੋਚ ਵਿਚਾਰ ਕੇ ਪੁੱਜ ਗਈਆਂ, ਜੋਗੀ ਅੱਗੇ ਜਾ ਸੀਸ ਝੁਕਾਈਆਂ ਓਏ
ਜੋਗੀ ਚਿੱਤ ਚ ਰੱਬ ਦਾ ਸ਼ੁਕਰ ਕੀਤਾ, ਭਲਾ ਹੋਵੇ ਅਲਖ ਅਲਾਈਆਂ ਓਏ
ਜੋਗੀ ਸੋਚਿਆ ਕੱਲ੍ਹ ਦਾ ਪੱਥ ਆਇਆ, ਆਖੀਆਂ ਗੱਲਾਂ ਡਰਾਈਆਂ ਓਏ
ਜੋਗੀ ਆਖਿਆ ਦਿਲ ਦੀ ਖੋਲ੍ਹ ਛੱਡੋ, ਹੋ ਕੱਠੀਆਂ ਜੋਗੀ ਵੱਲ ਆਈਆਂ ਓਏ
ਮੰਦਾ ਬੋਲਿਆ ਜੋਗੀ ਜੀ ਮਾਫ ਕਰਨਾ, ਭੁੱਲਾਂ ਬਖਸ਼ਾਉਣ ਨੂੰ ਆਈਆਂ ਓਏ
ਹੱਥ ਜੋੜ ਸਹਿਤੀ ਖਿਮਾਂ ਮੰਗੀ, ਆਖੇ ਮੁੜ ਨ ਅਜਿਹੀ ਦੁਹਰਾਈਆਂ ਓਏ
ਗੱਲਾਂ ਕੱਲ੍ਹ ਦੀ ਆਖੀਆਂ ਮਾਫ ਕਰਨਾ, ਸਹਿਤੀ ਪਾਈਆਂ ਦੁਹਾਈਆਂ ਓਏ
ਜੋਗੀ ਸੋਚਿਆ ਗੱਲ ਬਣਨ ਲੱਗੀ, ਉਲਟੀ ਸਿੱਧੀਆਂ ਜੋਗੀ ਸੁਣਾਈਆਂ ਓਏ
ਮੁੜ ਅਜਿਹੀ ਨ ਹਰਕਤ ਕਰਨਾ, ਗੱਲਾਂ ਪਿਛਲੀਆਂ ਅਸਾਂ ਭੁਲਾਈਆਂ ਓਏ
ਸਵਰਨ ਸਿੰਘਾ ਮੁਕੱਦਮਾਂ ਦਫਾ ਹੋਇਆ, ਕੁੜੀਆਂ ਜੋਗੀ ਬਰੀ ਕਰਾਈਆਂ ਓਏ
ਚਲੋ ਵੇਖੀਏ ਅੱਗੇ ਚੱਲ ਕੀ ਹੋਸੀ, ਕਿਸ ਕਰਵਟ ਉਠ ਬੈਠ ਬਿਠਾਈਆਂ ਓਏ
ਜੋਗੀ ਸਹਿਤੀ ਗੱਲ ਖੁਲ੍ਹ ਗਈ, ਸਹਿਤੀ ਅੱਖੀਆਂ ਜੋਗੀ ਸੰਗ ਲਾਈਆਂ ਓਏ
ਸੱਚੇ ਜੋਗੀਆ ਦਿਲਾਂ ਦੀ ਤੂੰ ਜਾਣੇ, ਸਹਿਤੀ ਬੋਲੇ ਅੱਖਾਂ ਭਰ ਆਈਆਂ ਓਏ
ਨੈਣ ਝੁਕ ਗਏ ਜ਼ਬਾਨ ਬੰਦ ਹੋਈ, ਚਿੱਤ ਛੁਪਾਈਆਂ ਆਖ ਨ ਪਾਈਆਂ ਓਏ
ਬੰਨ੍ਹ ਹੌਸਲਾ ਸਹਿਤੀ ਆਵਾਜ਼ ਚੁੱਕੀ, ਗੱਲਾਂ ਭਾਬੀ ਦੀ ਆਖ ਸੁਣਾਈਆਂ ਓਏ
ਮੇਰੀ ਭਾਬੀ ਨਾ ਖਾਂਦੀ ਨ ਬੋਲਦੀ ਏ, ਪਤਾ ਨਹੀਂ ਕਿਵੇਂ ਜੀਓ ਪਾਈਆਂ ਓਏ

ਸਹਿਤੀ ਅੱਗੇ ਜੋਗੀ ਦੇ ਢਹਿ ਬੈਠੀ, ਚਰਨਾਂ ਤੇ ਪਲਕਾਂ ਝੁਕਾਈਆਂ ਈ
ਸਹਿਤੀ ਆਖਿਆ ਜੋਗੀ ਹੱਥ ਬੰੁਨ, ਮੇਰੀ ਭਾਬੀ ਦਿਓ ਦੁਆਈਆਂ ਈ
ਜਦੋਂ ਮੱਥਾ ਜੋਗੀ ਨੂੰ ਟੇਕਿਆ ਸੁ, ਦਿਲੋਂ ਦਿਲ ਦੀ ਆਖ ਸੁਣਾਈਆਂ ਈ
ਮਸਾਂ ਨਵੀਂ ਵਿਆਹ ਕੇ ਆਂਦੀ ਏ, ਭਰਾ ਸੈਦੇ ਕੁੜਮਾਈਆਂ ਪਾਈਆਂ ਈ
ਦਿਨ ਰਾਤ ਭੈੜੀ ਚੁੱਪ ਬੈਠੀ, ਗੱਲਾਂ ਦਿਲ ਦੀਆਂ ਦਿਲ ਛੁਪਾਈਆਂ ਈ
ਕਈ ਵੈਦ ਹਕੀਮ ਬੁਲਾ ਘੱਤੇ, ਕਿਸੇ ਮਰਜ਼ਾਂ ਸਮਝ ਨਾ ਆਈਆਂ ਈ
ਅਸਾਂ ਸੱਦੇ ਹਕੀਮ ਸੁ ਬਲਖ਼ ਦੇਸੋਂ, ਜਿਨ੍ਹਾਂ ਕੀਤੀਆਂ ਬੜੀ ਦੁਆਈਆਂ ਈ
ਭੈੜੇ ਇੰਵ ਆਖ ਕੇ ਟੁਰ ਜਾਂਦੇ, ਅਸਾਂ ਬਿਮਾਰੀਆਂ ਸਮਝ ਨ ਪਾਈਆਂ ਈ
ਇਕ ਆਖਿਆ ਬਿਮਾਰੀ ਦਿਲ ਦੀ ਏ, ਮਿੱਠੇ ਸ਼ਰਬਤ ਘੋਲ ਪਿਆਈਆਂ ਈ
ਚੜ੍ਹੀ ਗਰਮੀਂ ਹੀਰ ਦੇ ਜਿਗਰ ਤਾਈਂ, ਭੁੱਖਾਂ ਤੇਹਾਂ ਸਭ ਮਿਟਾਈਆਂ ਈ
ਬੜੀ ਭੈੜੀ ਆਖਣ ਬਿਮਾਰੀ ਏ, ਭੈੜੀ ਕਈਆਂ ਕੁ ਮਾਰ ਮੁਕਾਈਆਂ ਈ
ਹੋਰ ਸਾਰੇ ਇਲਾਜ ਕਰਾ ਛੱਡੇ, ਕਿਸੇ ਮਾਸਾ ਅਸਰ ਨਾ ਪਾਈਆਂ ਈ
ਜੋਗੀ ਆਖਦੇ ਰੱਬ ਦੀ ਜਾਣਦਾ ਏ, ਇਸ ਵਾਸਤੇ ਤੇਰੇ ਦਰ ਆਈਆਂ ਈ
ਸਹਿਤੀਏ ਜੋਗੀ ਦਰ ਆਇ ਬੈਠੀ, ਅਸਾਂ ਕੀਤੀਆਂ ਬੜੀ ਕਮਾਈਆਂ ਈ
ਜੋਗੀ ਆਖਿਆ ਰੱਬ ਦਾ ਫਜ਼ਲ ਹੋਸੀ, ਮੰਗਾਂ ਪੂਰੀ ਕੀਤੀਆਂ ਸਾਈਆਂ ਈ
ਲੈ ਸ਼ਾਮ ਨੂੰ ਆਵੀਂ ਨੀ ਸੰਗ ਭਾਬੀ, ਜਦੋਂ ਪੰਛੀਆਂ ਫੇਰੀਆਂ ਪਾਈਆਂ ਈ
ਦਿਨ ਡੁੱਬੇ ਬਾਲ ਨਾਥ ਆਵੇ ਚੇਤੇ, ਅਸਾਂ ਨਾਥ ਥੀਂ ਪੁੱਛਿਆ ਪਾਈਆਂ ਈ
ਸਖ਼ੀ ਬਾਲੜਾ ਬਲੀਆਂ ਚੋਂ ਬਲੀ ਨਾਥ, ਮੁੱਖੋਂ ਕੱਢੀਆਂ ਪੂਰੀਆਂ ਪਾਈਆਂ ਈ
ਬਾਲ ਨਾਥ ਅਸਾਂ ਖੁਦ ਘੱਲਿਆ ਈ, ਭੀੜਾਂ ਪਈਆਂ ਨਾਥ ਬੁੱਝ ਪਾਈਆਂ ਈ
ਰੱਬ ਘੱਲਦਾ ਮੁਰਸ਼ਦ ਮੁਰੀਦਾਂ ਥੀਂ, ਜਿਨ੍ਹਾਂ ਅੱਖੀਆਂ ਯਾਰ ਸੰਗ ਲਾਈਆਂ ਈ
ਮੁਰਸ਼ਦ ਅੜੀਏ ਰੱਬ ਵਚੋਲੜਾ ਈ, ਰੱਬ ਪਿੱਛੇ ਵਚੋਲੇ ਛੁਪਾਈਆਂ ਈ
ਆਪੇ ਮਾਰਦਾ ਆਪੇ ਤਾਰਦਾ ਈ, ਰੱਬ ਮੁਰਸ਼ਦਾਂ ਰਹਿਮਤਾਂ ਪਾਈਆਂ ਈ
ਸੱਤ ਬਚਨ ਆਖ ਨਮਸਕਾਰ ਕੀਤੀ, ਕੁੜੀਆਂ ਖੇੜੀਂ ਮੁਹਾਰਾਂ ਪਾਈਆਂ ਈ
ਚਿੱਤ ਸੋਚਦੀ ਹੁਣ ਇਲਾਜ ਹੋਸੀ, ਸਹਿਤੀ ਚਿੱਤ ਦਿਲਾਸਾ ਦੁਆਈਆਂ ਈ
ਸਵਰਨ ਸਿੰਘਾ ਰੱਬ ਦੀਆਂ ਉਹ ਜਾਣੇ, ਸਹਿਤੀ ਰਹਿਮਤਾਂ ਜੋਗੀ ਪਾਈਆਂ ਈ



## 00

ਜੋਗੀ ਬਾਗ ਚ ਆਇਆ, ਖੇੜਿਆਂ ਦੀਆਂ ਨਿਆਈਆਂ
ਚੁੱਕ ਸੁੱਕੇ ਬੂਟੇ ਬਾਗ ਚੋਂ, ਉਸ ਧੂਣੀਆਂ ਲਾਈਆਂ
ਸੁੱਕੇ ਰੁੱਖ ਕੀਤੇ ਹਰੇ ਭਰੇ, ਲਗਰਾਂ ਲਹਿਰਾਈਆਂ
ਜੋਗੀ ਖੇੜੀਂ ਆ ਗਿਆ, ਲੋਕੋ ਰੱਬ ਰਜਾਈਆਂ
ਮੰਗਾਂ ਸਭ ਦੀ ਪੂਰਦਾ, ਇਕ ਵਚਨ ਅਲਾਈਆਂ
ਬੱਚੇ ਬੁੱਢੇ ਮਾਈਆਂ ਦਾਈਆਂ, ਵੇਖਣ ਨੂੰ ਆਈਆਂ
ਕੁੜੀਆਂ ਮੁੰਡੇ ਬਣਾ ਤੇ, ਦਾਈਆਂ ਵਰ ਪਾਈਆਂ
ਜੋਗੀ ਨਹੀਂ ਫਰਿਸ਼ਤਾ ਏ, ਪਿੰਡ ਮਚੀ ਦੁਹਾਈਆਂ
ਕੁੜੀਆਂ ਚਿੜੀਆਂ ਪਿੰਡ ਦੀ, ਜੋੜੀਆਂ ਬੰਨ੍ਹ ਆਈਆਂ
ਇਕ ਤੋਂ ਚੜ੍ਹ ਕੇ ਦੂਸਰੀ, ਪਲਕਾਂ ਲਿਸ਼ਕਾਈਆਂ
ਸੁਰਮਾਂ ਅੱਖੀਆਂ ਪਾਇਆ, ਕਈ ਕਜਲਾ ਪਾਈਆਂ
ਸੱਗੀ ਫੁੱਲ ਕੰਨੀ ਝੁਮਕੇ, ਹਮੇਲਾਂ ਪਹਿਨਾਈਆਂ
ਨੱਕ ਨੱਥ, ਚੂੜਾ ਛਣਕਦਾ, ਪੈਰ ਪਜੇਬਾਂ ਪਾਈਆਂ
ਕੰਨ ਬਿੰਨ੍ਹੇ ਨਾਥ ਵਾਂਗ, ਕਨੀਂ ਝੁਮਕਾਂ ਪਾਈਆਂ
ਮੇਲਾ ਬਾਗ ਚ ਲੱਗਿਆ, ਸਭ ਵੇਖਣ ਆਈਆਂ
ਕਈ ਗੋਰੀ ਕਈ ਸੌਲੀਆਂ, ਵੰਙਾਂ ਕਈ ਪਾਈਆਂ
ਕਾਲੀ ਲੈਲ ਕਲੋਟੀਆਂ, ਸਭ ਬਣ ਠਣ ਆਈਆਂ
ਛਣ ਛਣ ਛਣ ਕਰਦੀਆਂ, ਖੇੜਿਆਂ ਦੀਆਂ ਜਾਈਆਂ
ਨਣਦਾਂ ਤੇ ਭਰਜਾਈਆਂ, ਮਿਲ ਬਾਗ ਨੂੰ ਆਈਆਂ
ਸਹਿਤੀ ਆਖੇ ਹੀਰ ਨੂੰ, ਜੋਗੀ ਦਵੇ ਦੁਆਈਆਂ
ਭਾਬੀ ਚਿੱਤ ਚ ਸੋਚਦੀ, ਜੀ ਦੀਆਂ ਜੀ ਛੁਪਾਈਆਂ
ਵਿਛੜੇ ਯਾਰ ਨਸੀਬ ਨਾ, ਵਿੱਥਾਂ ਰੱਬ ਪਾਈਆਂ
ਚਿੱਤ ਰੱਬ ਚਿਤਾਰਦੀ, ਅੱਖੀਆਂ ਰਾਂਝੇ ਲਾਈਆਂ
ਚਿੱਤ ਵਿਚਾਰਾਂ ਕਰਦੀਆਂ, ਨਣਦਾਂ ਭਰਜਾਈਆਂ
ਜੋਗੀ ਦਿਲ ਦੀ ਜਾਣਦਾ, ਉਸ ਜੋਗ ਕਮਾਈਆਂ
ਸਹਿਤੀ ਆਖੇ ਭਾਬੀਏ, ਚੱਲ ਮੰਗ ਦੁਆਈਆਂ
ਜੋਗੀ ਮੰਗਾਂ ਪੂਰ ਸੀ, ਭਾਬੀਏ! ਰੱਬ ਰਜਾਈਆਂ

## 00

ਪਿੰਡ ਖੇੜਿਆ ਸੱਥ ਹੋਈ ਕੱਠੀ, ਪੁਛੋ ਕੌਣ ਜੋਗੀ ਕਿੱਥੋਂ ਆਇਆ ਈ
ਕਿਹੜੇ ਡੇਰੇ ਜੋਗ ਕਮਾਇਆ ਸੂ, ਕਿਸ ਨਾਥ ਨੇ ਥਾਪੜਾ ਲਾਇਆ ਈ
ਕੌਣ ਨਾਥ ਜੋਗੀ ਬਲੀ ਇੰਨਾਂ, ਸੁੱਕਾ ਬਾਗ ਸਰ ਸਬਜ਼ ਬਣਾਇਆ ਈ
ਇਕ ਆਖਿਆ ਸੁਣੋ ਮੇਰੀ, ਜੋਗੀ ਬਾਲ ਨਾਥ ਦੇ ਟਿੱਲਿਓਂ ਆਇਆ ਈ
ਸੁਣੀਦੈ ਬਾਲ ਨਾਥ ਬਲੀ ਜੋਗੀ, ਜੋ ਆਖੇ ਵਚਨ ਪੂਰਾ ਹੋ ਆਇਆ ਈ
ਲੋਕੋ ਜਾ ਕੇ ਵੇਖੋ ਬਾਗ ਖੇੜਿਆਂ ਦਾ, ਹਰਾ ਭਰਾ ਜੋਗੀ ਕਰਾਇਆ ਈ
ਜਿੱਥੇ ਕਿੱਕਰਾਂ ਕਰੀਰ ਉਗਦੇ ਸੂ, ਫੁੱਲ ਫਲੇਲਾਂ ਸੰਗ ਭਰ ਆਇਆ ਈ
ਐਵੇਂ ਸੁਣੋਗੇ ਜੋਗੀ ਦੇ ਬੋਲ ਮੰਦੇ, ਜੇ ਤੁਸਾਂ ਜੋਗੀ ਨੂੰ ਜਾ ਸਤਾਇਆ ਈ
ਕਦੀ ਵਾਰ ਨਾ ਜੋਗੀਆਂ ਜਾਵੇ ਖਾਲੀ, ਜਦੋਂ ਕਾਣ ਕਮਾਣ ਚੜ੍ਹਾਇਆ ਈ
ਸ਼ੇਰ ਦੀ ਪੂਛ ਨੂੰ ਹੱਥ ਲਾ ਕੇ, ਭਲਾ ਜਿੰਦਾ ਕੌਣ ਮੁੜ ਕੇ ਆਇਆ ਈ
ਅੱਗੋਂ ਜੋਗੀ ਸਭ ਦਾ ਭਲਾ ਕਰਦਾ, ਕਿਉਂ ਸਾਡਾ ਸਿਰ ਭੁਆਇਆ ਈ
ਮੰਤਰ ਛੰਤਰ ਮਾਰ ਕੇ ਜੋਗੀਆਂ ਨੇ, ਸਾਰੇ ਜੱਗ ਨੂੰ ਪਿੱਛੇ ਲਾਇਆ ਈ
ਛੂ ਮੰਤਰ ਮਾਰ ਧੂੰਆਂ ਧਾਰ ਕੀਤੋ, ਕਈਆਂ ਪੁੱਠੇ ਰੁੱਖਾਂ ਲਮਕਾਇਆ ਈ
ਪੂਰਨ ਭਗਤ ਕੱਢਿਆ ਖੂਹ ਵਿਚੋਂ, ਕੱਚਾ ਧਾਗਾ ਜੋਗੀ ਲਮਕਾਇਆ ਈ
ਜੋਗੀ ਸਾਧਨਾ ਸਾਧਦੇ ਉਮਰ ਸਾਰੀ, ਇਕ ਟੰਗ ਖੜ੍ਹ ਜੋਗ ਕਮਾਇਆ ਈ
ਹੋ ਖਾਂ ਖੜ੍ਹਾ ਇਕ ਟੰਗ ਉਤੇ, ਇਕ ਨੇ ਦੂਜੇ ਤਾਈ ਸੁਆਲ ਪਾਇਆ ਈ
ਕੰਮ ਸਾਡਾ ਸੰਢੇ ਕੁੱਟਣਾ ਈ, ਕਿਉਂ ਐਵੇਂ ਮੱਥਾ ਜੋਗੀਆਂ ਲਾਇਆ ਈ
ਕੰਮ ਸੱਥ ਦਾ ਜਾਣਾ ਨ ਫਬਦਾ ਈ, ਲੰਬੜਦਾਰ ਨੇ ਆਖ ਸੁਣਾਇਆ ਈ
ਕੰਮ ਲੰਬੜਾਂ ਦਾ ਮਾਮਲਾ ਢਾਲਣਾ ਈ, ਕੰਮ ਉਲਟਾ ਸੱਥ ਸੁਣਾਇਆ ਈ
ਇੱਕੜ ਦੁੱਕੜ ਝਗੜੇ ਮੁਕਾ ਦਿੰਦਾ, ਵਿਚ ਪੈ ਸਮਝੌਤਾ ਕਰਾਇਆ ਈ
ਲੰਬੜ ਕੀ ਜਾਣੇ ਜੋਗ ਕੀ ਹੋਵੇ, ਜੋਗ ਵਿਹਲਿਆਂ ਕਰਮ ਬਣਾਇਆ ਈ
ਘਰ ਮਾਪੇ ਰੋਟੀ ਨਾ ਮਿਲੇ ਜਿਹਨੂੰ, ਜੋਗੀ ਦਰ ਜਾ ਸੀਸ ਝੁਕਾਇਆ ਈ
ਇਹ ਕੰਮ ਅਸਾਂ ਨ ਭਾਉਂਦਾ ਈ, ਗੱਲ ਖੋਲ੍ਹ ਕੇ ਲੰਬੜ ਸੁਣਾਇਆ ਈ
ਸਵਰਨ ਸਿੰਘਾ ਗੱਲ ਰਫਾ ਦਫਾ ਹੋਈ, ਅੰਤ ਫੈਸਲਾ ਸੱਥ ਸੁਣਾਇਆ ਈ



## 00

ਕੋਈ ਕੁਝ ਆਖੇ ਕੋਈ ਕੁਝ ਬੋਲੇ, ਸੁਆਲ ਸਭ ਨੇ ਸੈਦੇ ਵੱਲ ਪਾਇਆ ਈ
ਪਤਾ ਨਹੀਂ ਕਾਣੇ ਦੇ ਕਰਮ ਖੁਲ੍ਹੇ, ਕਿੱਥੋਂ ਪਰੀ ਵਿਆਹ ਲੈ ਆਇਆ ਈ
ਵਿਚ ਸੱਥ ਦੇ ਨਿੱਤ ਕਰਨ ਗੱਲਾਂ, ਬੱਚਾ ਬੁੱਢਾ ਖੇੜਿਆਂ ਦਾ ਜਾਇਆ ਈ
ਪਰ ਦਿਲ ਸੈਦੇ ਦਾ ਪੁੱਛੇ ਕੋਈ, ਕਿੱਥੋਂ ਬਲਾ ਉਹ ਖੱਟ ਲੈ ਆਇਆ ਈ
ਨਾ ਬੋਲਦੀ ਨਾ ਕੁਝ ਖਾਵੇ ਪੀਵੇ, ਬੰਦ ਕੋਠੜੀ ਡੇਰਾ ਉਸ ਲਾਇਆ ਈ
ਤੱਤੀ ਬੈਠੀ ਏ ਠੰਢੇ ਫਰਸ਼ ਉਤੇ, ਕੁਝ ਆਖੋ ਤਾਂ ਮੱਥੇ ਵੱਟ ਪਾਇਆ ਈ
ਸੁਹਾਗ ਰਾਤ ਕੀ ਮਨਾਉਣੀ ਸੀ, ਤੱਕਿਆ ਰੱਤੀ ਨ ਪਲੰਘ ਦਾ ਸਾਇਆ ਈ
ਕੀ ਕਰੇ ਕਿਸ ਕੋਲ ਦੁਖ ਰੋਵੇ, ਕੋਈ ਸੁਣੇ ਨਾ ਮੇਰੀ ਰੱਬ ਜਾਇਆ ਈ
ਸੋਚਾਂ ਪਿਆ ਦਿਨ ਗੁਜ਼ਾਰਦਾ ਈ, ਟੁਰੇ ਦਿਨੇ ਜਿਵੇਂ ਰੁੱਖ ਦਾ ਸਾਇਆ ਈ
ਪਿੰਡ ਚ ਘੁਸੜ ਮੁਸੜ ਹੋਣ ਲੱਗੀ, ਸੈਦਾ ਬੋਲੇ ਨਾ ਕਿਸੇ ਬੁਲਾਇਆ ਈ
ਟੁਰੇ ਜਾਂਦਿਆਂ ਸਿਆਣਿਆਂ ਰੋਕ ਮਾਰੀ, ਦੱਸ ਤੈਨੂੰ ਕਿਸ ਸਤਾਇਆ ਈ
ਮਾਰ ਭੁੱਬਾਂ ਸੈਦਾ ਆਖਦਾ ਈ, ਬਜ਼ੁਰਗੋ! ਚੰਗਾ ਸਾਂ ਅਣ ਵਿਆਹਿਆ ਈ
ਨਾ ਬੋਲਦੀ ਨਾ ਕੁਝ ਖਾਂਦੀ ਏ, ਬਾਝ ਖਾਧਿਆਂ ਕਿਵੇਂ ਗੁਜ਼ਰ ਪਾਇਆ ਈ
ਮੈਨੂੰ ਆਪਣਾ ਫਿਕਰ ਨ ਚੌਧਰੀ ਜੀ, ਦੁਖ ਹੀਰ ਨੇ ਬਹੁਤ ਸਤਾਇਆ ਈ
ਪਤਾ ਨਹੀਂ ਕੀ ਬੀਮਾਰੀ ਏ, ਮੱਥੇ ਝੁਰੜੀਆਂ ਬੁਲ੍ਹੀਆਂ ਕਾਲਾ ਸਾਇਆ ਈ
ਸੁੱਕ ਕੇ ਸਰੀਰ ਹੋਇਆ ਪਿੰਜਰ, ਜਿਵੇਂ ਗਿਲਝਾਂ ਪਿੰਜਰ ਬਣਾਇਆ ਈ
ਵੈਦ ਹਕੀਮ ਸਭ ਹਾਰ ਗਏ, ਕਿਸੇ ਲੱਭੇ ਨਾ ਹੀਰ ਕੀ ਦੁਖ ਪਾਇਆ ਈ
ਵੈਦ ਆਖਿਆ ਬਿਮਾਰੀ ਜਿਗਰ ਦੀ ਏ, ਇਲਾਜ ਮੈਥੋਂ ਹੋ ਨ ਪਾਇਆ ਈ
ਦੱਸੋ ਕਰੇ ਤੇ ਸੈਦਾ ਕੀ ਕਰੇ, ਇਲਾਜ ਕਿਸ ਵੈਦ ਤੋਂ ਜਾਵੇ ਕਰਾਇਆ ਈ
ਕੋਈ ਕੁਝ ਕੋਈ ਕੁਝ ਆਖੇ, ਸੁਆਲ ਮੁੜ ਘਿੜ ਸੈਦੇ ਵੱਲ ਪਾਇਆ ਈ
ਮਿੰਨਤਾਂ ਕਰ ਕਰ ਹਾਰ ਗਿਆ, ਕੱਚਾ ਪੱਕਾ ਜੁਆਬ ਨ ਕੋਈ ਆਇਆ ਈ
ਸੈਦਾ ਡੁੱਬੇ ਕਿਹੜੇ ਖੂਹ ਟੋਭੇ, ਕਿੱਥੋਂ ਇਲਾਜ ਹੀਰ ਦਾ ਜਾਵੇ ਕਰਾਇਆ ਈ
ਅੰਤ ਇਕ ਚੌਧਰੀ ਰਾਇ ਦਿੱਤੀ, ਤੇਰੇ ਬਾਗ ਚ ਜੋਗੀ ਉਤਰ ਆਇਆ ਈ
ਖੌਰੇ ਡਸਿਆਂ ਭੈੜੀ ਬਲਾਈਆਂ ਈ, ਜੋਗੀ ਸੁਣੀਦਾ ਬਲਾਕਾਰ ਪਾਇਆ ਈ
ਦੂਜੇ ਆਖਿਆ ਤੇਰਾ ਕੀ ਘਸਦਾ, ਝੱਟ ਗਿਆ ਤੇ ਪੱਟ ਮੁੜ ਆਇਆ ਈ
ਸੈਦੇ ਸੱਥ ਦਾ ਵਚਨ ਕਬੂਲ ਕੀਤਾ, ਬਾਗ ਜਾਣ ਲਈ ਚਿੱਤ ਬਣਾਇਆ ਈ

## 00

ਸ਼ਾਮ ਵੇਲੇ ਜੱਟੀ ਜੰਗਲ ਪਾਣੀ ਜਾਵੇ, ਟੁਰੇ ਘਗਰਾ ਸੂਫ ਦਾ ਪਾ ਕੇ
ਘੁੰਡ ਕੱਢਿਆ ਝੋਨੇ ਚੋਂ ਨੈਣ ਦਿਸਣ, ਬੁੱਤਕਾਰ ਜਿਵੇਂ ਬੁੱਤ ਬਣਾਵੇ
ਬੁੱਤ ਤਰਾਸ਼ਿਆ ਹੀਰ ਦਾ ਆਪ ਕਾਦਰ, ਨੈਣ ਨਕਸ਼ ਕਸਰ ਨਾ ਪਾਵੇ
ਲੱਕ ਪਤਲਾ ਧੌਣ ਕਲੈਰੀ ਮੋਰ ਦੀ, ਜੱਟੀ ਟੁਰੇ ਲੱਕ ਸੌ ਸੌ ਝੂਟੇ ਖਾਵੇ
ਲੋਕੀਂ ਸੱਥ ਚ ਬੈਠੇ ਕਰਨ ਗੱਲਾਂ, ਹੁਸਨ ਵਾਲਿਆਂ ਤੋਂ ਰੱਬ ਬਚਾਵੇ
ਨੈਣ ਨੱਢੀ ਦੇ ਨਮਕ ਸਲੋਨੜੇ ਈ, ਜਿਹੜਾ ਤੱਕੇ ਸੋਈ ਗਸ਼ ਖਾਵੇ
ਜਦੋਂ ਚੱਲਦੀ ਪਿੰਡ ਭੁਚਾਲ ਆਵੇ, ਲੱਕ ਪੀਂਘ ਵਾਂਗ ਹੁਲਾਰੇ ਖਾਵੇ
ਹੁਸਨ ਹੀਰ ਦਾ ਚੰਨ ਚੌਧਵੀਂ ਦਾ, ਅਰਸ਼ ਵੇਖਣ ਨੂੰ ਗੋਡੀਆਂ ਲਾਵੇ
ਹੂਰਾਂ ਪਰੀਆਂ ਵੇਖ ਕੇ ਉੜ ਜਾਣ, ਉਨ੍ਹਾਂ ਰਾਹ ਨਾ ਭੱਜਣ ਨੂੰ ਥਿਆਵੇ
ਰਾਹ ਤੱਕਣ ਫਰਿਸ਼ਤੇ ਅਰਸ਼ਾਂ ਚੋਂ, ਜਦੋਂ ਨੱਢੜੀ ਟਹਿਲਦੀ ਜਾਵੇ
ਅੱਗੇ ਸਹਿਤੀ ਪਿੱਛੇ ਟੁਰੇ ਭਾਬੀ, ਪਿੱਛੇ ਦਲ ਸਹੇਲੀਆਂ ਦਾ ਆਵੇ
ਬਾਰ ਬਾਰ ਸਭ ਕਰਨ ਕਲੋਲਾਂ, ਕੁੜੀਆਂ ਚਿੜੀਆਂ ਵਸ ਨਾ ਜਾਵੇ
ਵਿਚ ਤ੍ਰਿੰਜਣਾ ਗੱਲਾਂ ਹੋਣ ਪਈਆਂ, ਪਰ ਕਿਸੇ ਯਕੀਨ ਨ ਆਵੇ
ਕਿੱਥੋਂ ਪੱਟੀ ਏ ਕਾਣੇ ਨੇ ਹੁਸਨ ਬਾਨੋ, ਸਭ ਆਖਦੇ ਰੱਬ ਬਖਸ਼ਾਵੇ
ਮਾਰੇ ਲਿਸ਼ਕਾਂ ਸਹਰ ਦੀ ਸ਼ਬਨਮ ਵਾਂਗ, ਹੱਥ ਲਾ ਮੈਲੀ ਹੋ ਜਾਵੇ
ਅੱਖ ਝੁਕ ਜਾਏ ਵਾਂਗ ਲਾਜਵੰਤੀ, ਜ਼ਰਾ ਕੁ ਹੱਥ ਬਸੰਤੀ ਨੂੰ ਲਾਵੇ
ਵੇਖ ਪਲਕਾਂ ਫੁੱਲ ਸ਼ਰਮਾ ਜਾਵਣ, ਮਹਿਕ ਬਦਨ ਕਲੀ ਮਾਤ ਪਾਵੇ
ਹੁਸਨ ਬਖਸ਼ਿਆ ਕਰਤਾਰ ਆਪੇ, ਘੜ ਬੁੱਤੜਾ ਆਪ ਅਜਮਾਵੇ
ਸੁਹਣੇ ਜੱਗ ਤੇ ਵੇਖੇ ਬੈਂਸ ਲੱਖਾਂ, ਕੋਈ ਪਾਸਕ ਨ ਹੀਰ ਦੇ ਆਵੇ
ਧੂੜ ਉੜਦੀ ਵਿਚ ਗਲੀਆਂ ਦੇ, ਜਿਵੇਂ ਵਾ ਵਰੋਲਾ ਹਾੜ੍ਹ ਚ ਆਵੇ
ਉੜਾ ਲੈ ਜਾਏ ਕੱਚੀਆਂ ਪੱਕੀਆਂ ਨੂੰ, ਜਦੋਂ ਫਲ੍ਹੇ ਕਣਕ ਜੱਟ ਪਾਵੇ
ਵਗਣ ਅੱਥਰੂ ਜਿਵੇਂ ਝਨਾ ਵਗੇ, ਜਦੋਂ ਹੜ੍ਹ ਅੱਖੀਆਂ ਵਿਚ ਆਵੇ
ਸਵਰਨ ਲਿਖੇ ਤੇ ਹੋਰ ਕੀ ਲਿਖੇ, ਉਹਨੂੰ ਮਾਸਾ ਸਮਝ ਨਾ ਆਵੇ
ਕਾਲੇ ਲੇਖ ਕਾਲੇ ਅੱਖਰਾਂ ਚ, ਜਿਹੀ ਕੀਤੀਆਂ ਸੋਈ ਫਲ ਪਾਵੇ
ਸਵਰਨ ਅੱਲਾ ਦਾ ਫਜ਼ਲ ਵੇਖੋ, ਕਾਣਾ ਪਰੀ ਵਿਆਹ ਲੈ ਆਵੇ



## 00

ਸਹਿਤੀ ਘਰ ਜਾ ਹੀਰ ਖਬਰ ਦਿੱਤੀ, ਇਕ ਜੋਗੀ ਬਾਗ ਚ ਆਇਆ ਈ
ਸੁਹਣਾ ਮੁੱਖੜਾ ਕੰਨੀਂ ਮੁੰਦਰਾਂ ਸੂ, ਰੂਪ ਜਾਪਦਾ ਰੱਬ ਤੋਂ ਘੜਾਇਆ ਈ
ਬੂਟੇ ਬਾਗ ਦੇ ਹਰੇ ਭਰੇ ਕੀਤੇ, ਸੁੱਕੀ ਟਹਿਣੀਆਂ ਫੁੱਲ ਫਲ ਲਾਇਆ ਈ
ਫੁੱਲ ਮਹਿਕਦੇ ਕੋਇਲਾਂ ਕੂਕਦੀਆਂ, ਨਾਲੇ ਬੁਲਬੁਲਾਂ ਸ਼ੋਰ ਮਚਾਇਆ ਈ
ਪਿੰਡ ਖੇੜਿਆਂ ਦੇ ਲੋਕੋ ਭਾਗ ਖਿੜੇ, ਜੋਗੀ ਡੇਰਾ ਬਾਗ ਚ ਲਾਇਆ ਈ
ਜੋਗੀ ਛੋਹੀਆਂ ਉਚੀਆਂ ਮੰਜ਼ਿਲਾਂ ਸੂ, ਰੱਬ ਆਪ ਜੋਗੀ ਬਣ ਆਇਆ ਈ
ਅੱਲ ਵਲੱਲੀਆਂ ਬੋਲੀਆਂ ਬੋਲ ਬੋਲੇ, ਭੈੜਾ ਸਮਝ ਅਸਾਂ ਨ ਆਇਆ ਈ
ਪਰ ਇਕ ਗੱਲ ਸੁਣਨ ਵਾਲੀ, ਮਨ ਭਾਉਂਦਾ ਮੰਗਿਆ ਫਲ ਪਾਇਆ ਈ
ਗੱਲ ਖੇੜਿਆਂ ਦੀ ਛੱਡ ਸਵਰਨ ਸਿੰਘਾ, ਸਾਰਾ ਹਲਕਾ ਜੋਗੀ ਦਰ ਧਾਇਆ ਈ
ਨਵੇਂ ਨਫਰ ਨਵਾਬ ਖਾਨ ਮਲੂਕ ਸਾਰੇ, ਬਾਗ ਭੀੜ ਭੜੱਕਾ ਮਚਾਇਆ ਈ
ਕੋਈ ਕਿਸੇ ਨ ਅੱਖ ਚੁੱਕ ਤੱਕੇ, ਉਵੇਂ ਨਿੱਤ ਝੋਟਿਆਂ ਭੇੜ ਭੜਾਇਆ ਈ
ਸਭ ਬਹੁੜਦੇ ਕਰਮ ਕਲਾਮ ਕਰਕੇ, ਸੀਸ ਜੋਗੀ ਦੇ ਚਰਨੀ ਝੁਕਾਇਆ ਈ
ਇੱਥੇ ਹੀ ਗੱਲ ਮੁੱਕਦੀ ਨਹੀਂ, ਮੁੱਲਾਂ ਵੀ ਕੁੜੀਆਂ ਪਿੱਛੇ ਲੱਗ ਆਇਆ ਈ
ਮੁੱਲਾਂ ਮੰਗਿਆ ਜੋਗੀ ਤੋਂ ਵਰ ਆ ਕੇ, ਬਾਂਗ ਦੇਣ ਤੋ ਚਿੱਤ ਭਰ ਆਇਆ ਈ
ਕਰੋ ਜੋਗੀ ਜੀ ਕਬੂਲ ਦੁਆ ਮੇਰੀ, ਸਰੀਰ ਬੁੱਢੜਾ ਹੋਇਆ ਆਇਆ ਈ
ਦੇ ਬਾਂਗ ਮੈਂ ਨਿੱਤ ਹਾਰ ਗਿਆ, ਫਜ਼ਲ ਅੱਲਾ ਦਾ ਜ਼ਰਾ ਨਾ ਭਾਇਆ ਈ
ਪਤਾ ਨਹੀਂ ਸਾਥੋਂ ਕੀ ਖ਼ਤਾ ਹੋਈ, ਨਾਮ ਅੱਲਾ ਦਾ ਚਿੱਤ ਨਾ ਭਾਇਆ ਈ
ਮੁੱਲਾਂ ਭਾਈ ਕਾਜ਼ੀ ਪਾਦਰੀ ਪੰਡਿਤ, ਜਨਮ ਪਿਛਲੇ ਪਾਪ ਕਮਾਇਆ ਈ
ਪਿਛਲੇ ਜਨਮ ਦੀ ਸਜ਼ਾ ਰੱਬ ਦਿੱਤੀ, ਇਨ੍ਹਾਂ ਦੀਵੇ ਦੇ ਹੇਠ ਬਿਠਾਇਆ ਈ
ਜੱਗ ਜਾਣਦਾ ਦੀਵੇ ਹੇਠ ਨ੍ਹੇਰਾ, ਕੀਤੇ ਪਾਪਾਂ ਦਾ ਅਹਿਸਾਸ ਕਰਾਇਆ ਈ
ਜਾਓ ਵੇਖ ਲਓ ਗਰੀਬ ਮਸਕੀਨਾਂ ਥੀਂ, ਨਾਂ ਰੱਬ ਦਾ ਚਿੱਤ ਵਸਾਇਆ ਈ
ਜੋਗੀ ਆਖਿਆ ਮੁੱਲਾਂ ਮੁਲਾਣਿਆਂ ਥੀਂ, ਰੱਬ ਭਲਾ ਅੱਗੋਂ ਲਿਖ ਪਾਇਆ ਈ
ਇੱਥੇ ਹੀ ਗੱਲ ਨਹੀਂ ਮੁੱਕਦੀ ਏ, ਰਾਤੀਂ ਕਾਜ਼ੀ ਭੀ ਜੋਗੀ ਵੱਲ ਆਇਆ ਈ
ਚਿਤ ਚੋਰ ਲੋਕਾਂ ਇਨਸਾਫ ਦਿੰਦਾ, ਲਾ ਕਚਿਹਰੀ ਉਸ ਦਗ਼ਾ ਕਮਾਇਆ ਈ
ਚੱਲ ਭਾਬੀਏ ਮਰਜ਼ ਇਲਾਜ ਕੱਢੂ, ਮੰਤਰ ਸ਼ੰਤਰ ਜੋਗੀ ਜਦੋਂ ਵਾਇਆ ਈ
ਇਕ ਅਲਾਪ ਤੇਰਾ ਇਲਾਜ ਹੋਸੀ, ਰੱਬ ਕਰੇ ਤੇਰੇ ਚਿੱਤ ਚੈਨ ਆਇਆ ਈ

## 00

ਹੀਰ ਆਖਿਆ ਸਹਿਤੀਏ ਸੁਣ ਮੇਰੀ, ਜੋਗੀ ਆਪਣਾ ਆਪ ਗੁਆਇਆ ਈ
ਉਸ ਸ਼ਕਲ ਸੂਰਤ ਵਿਗਾੜ ਅਪਣੀ, ਪਾ ਮੁੰਦਰਾਂ ਜੋਗੀ ਬਣ ਆਇਆ ਈ
ਜੋਗ ਜੋਗੀ ਕੀਤਾ ਮਨ ਤਨ ਰੋਗੀ ਕੀਤਾ, ਚਿਤੱ ਕੋਈ ਦੁਖ ਬਿਠਾਇਆ ਈ
ਅੱਗ ਆਪਣੀ ਨਹੀਂ ਬੁਝਾ ਸਕਦਾ, ਲੱਗੀ ਹੋਰਾਂ ਬੁਝਾਉਣ ਕੂ ਆਇਆ ਈ
ਨੰਗਾ ਭੁੱਖਾ ਚਿੱਤ ਚੋਰ ਲੂਣ ਹਰਾਮੀਂ, ਟਿੱਲੇ ਨਾਥ ਦੇ ਡੇਰਾ ਲਾਇਆ ਈ
ਇਕ ਨਾਥ ਬਾਕੀ ਮਲੰਗ ਸਾਰੇ, ਨੰਗੇ ਭੁੱਖਿਆਂ ਟਿੱਲਾ ਘਰ ਬਣਾਇਆ ਈ
ਕਰਨ ਬਹਾਨੇ ਜਾਣ ਕਰਨ ਗਜਾ, ਚਿੱਤ ਨਾਰੀਆਂ ਵੱਲ ਲਗਾਇਆ ਈ
ਇਕ ਲੱਤ ਖੜ੍ਹ ਅੱਖ ਬੰਦ ਕੀਤੋ, ਤਾਕ ਮੱਛੀ ਵੱਲ ਬਗਲਾ ਲਾਇਆ ਈ
ਸਾਰੇ ਮੰਗਤੇ ਹੋਣ ਹਰਾਮਖੋਰ, ਭੁੱਖਾ ਜੱਗ ਡੇਰੇ ਜੋਗੀ ਚੜ੍ਹ ਆਇਆ ਈ
ਹੱਥ ਨਾ ਅਪੜੇ ਆਖ ਥੂਹ ਕੌੜੀ, ਮੰਗ ਜੇ ਨਾ ਮੰਨੇ ਜੱਗ ਭੁਲਾਇਆ ਈ
ਵਾਪਰੇ ਉਹ ਜੋ ਕਰਮ ਕਮਾਏ, ਪਿਛਲੇ ਜਨਮ ਦਾ ਲੇਖ ਲਿਖਾਇਆ ਈ
ਮੁਫ਼ਤ ਕਿਤੇ ਕੁਝ ਨਹੀਂ ਮਿਲਦਾ, ਜੱਗ ਝੂਠੀਆਂ ਆਸਾਂ ਲੈ ਆਇਆ ਈ
ਮਸਤਕ ਤੇਰਾ ਨੇਕੀ ਖੱਟਣਾ ਈ, ਨੇਕੀ ਕਰਕੇ ਨੇਕ ਫਲ ਪਾਇਆ ਈ
ਭਰ ਭਰ ਮੱਛਕਾਂ ਨਿੱਤ ਡੋ੍ਲੇ ਮਾਲੀ, ਫੁੱਲ ਫਲ ਦੀ ਆਸ ਨ ਲਾਇਆ ਈ
ਕਮਾਓ ਕਰਮ ਛੱਡੋ ਰੱਬ ਉਤੇ, ਰੱਬ ਵੇਖਦਾ ਬੈਠਾ ਚਿੱਤ ਛੁਪਾਇਆ ਈ
ਰੱਬ ਇਸ਼ਕ ਚ ਜੱਗ ਸਾਜਿਆ ਸੂ, ਸਾਰੇ ਜੱਗ ਨੂੰ ਆਪਣਾ ਬਣਾਇਆ ਈ
ਚੰਗਾ ਮੰਦਾ ਨਹੀਂ ਦਰਗਾਹ ਅੰਦਰ, ਉਚ ਨੀਚ ਇਨਸਾਨ ਬਣਾਇਆ ਈ
ਪੱਕੀ ਤੱਕੜੀ ਪੂਰੇ ਰੱਖ ਵੱਟੇ, ਇਨਸਾਫ ਰੱਬ ਦਾ ਅਸੂਲ ਬਣਾਇਆ ਈ
ਇਕ ਤੋਲ ਤੋਲੇ ਸਾਰੇ ਜੱਗ ਤਾਈਂ, ਹੌਲਾ ਭਾਰਾ ਨ ਕਿਸੇ ਬਣਾਇਆ ਈ
ਕਾਹਨੂੰ ਸਹਿਤੀਏ ਜੀ ਤੜਫਾਵੇਂ, ਚਿੱਤ ਇਸ਼ਕ ਦੀ ਬਾਜ਼ੀ ਹਰਾਇਆ ਈ
ਕੀ ਰੱਖਿਆ ਜੋਗੀਆਂ ਜੁਗਤ ਅੰਦਰ, ਸੱਚੇ ਰੱਬ ਜਦੋਂ ਢਾ ਲਾਇਆ ਈ
ਅੱਗ ਮਚਦੀ ਲਾਂਬੂ ਲਾਹੌਰ ਦਿਸਣ, ਘਰ ਮੰਦਰ ਸੇਕ ਜਲਾਇਆ ਈ
ਲੱਗੀ ਚਿੱਤ ਬੁਝੇ ਨ ਸਹਿਤੀਏ ਨੀ, ਭਾਵੇਂ ਸਮੁੰਦਰ ਖਾਲੀ ਕਰਾਇਆ ਈ
ਸਵਰਨ ਸਿੰਘਾ ਰੱਬ ਦੀਆਂ ਉਹ ਜਾਣੇ, ਬੈਂਸ ਦਾ ਚਿੱਤ ਘਬਰਾਇਆ ਈ



ਅੱਖ ਚੁੱਕੇ ਨਾ ਭਾਬੀ ਦੇ ਚਿਹਰੇ ਤੋਂ, ਸਹਿਤੀ ਮਿਨਤਾਂ ਤਰਲੇ ਪਾਵੰਦੀ ਏ
ਦੁਖ ਭਾਬੀਏ ਝੱਲਿਆ ਨਹੀਂ ਜਾਂਦਾ, ਤੈਨੂੰ ਵੇਖ ਕੇ ਜਿੰਦ ਘਬਰਾਵੰਦੀ ਏ
ਖਾਵੇਂ ਨਾ ਪੀਵੇਂ ਕੁਝ ਭਾਬੀਏ ਨੀ, ਹਾਲ ਵੇਖ ਸਹਿਤੀ ਤਰਸ ਖਾਵੰਦੀ ਏ
ਮਾਣ ਤਾਣ ਸਭ ਤਿਆਗ ਸਹਿਤੀ, ਮਿੰਨਤਾਂ ਕਰ ਕਰ ਭਾਬੀ ਮਨਾਵੰਦੀ ਏ
ਸਾਰੇ ਵੈਦ ਹਕੀਮ ਬੁਲਾ ਘੱਤੇ, ਸਮਝ ਮਰਜ਼ ਦੀ ਕਿਸੇ ਨਾ ਆਵੰਦੀ ਏ
ਵੈਦ ਹਕੀਮ ਦਵਾ ਸਰੀਰ ਦੀ ਏ, ਇਹ ਤੇ ਮਰਜ਼ ਹੋਰ ਕੋਈ ਭਾਵੰਦੀ ਏ
ਮੰਤਰ ਜੰਤਰ ਇਹਦਾ ਇਲਾਜ ਹੋਸੀ, ਸਹਿਤੀ ਸਮਝ ਇੰਵ ਆਵੰਦੀ ਏ
ਅੱਜ ਸੁਣ ਲੈ ਮੇਰੀ ਪੁਕਾਰ ਮਾਲਿਕ, ਸੱਚੇ ਰੱਬ ਨੂੰ ਦਿਲੋਂ ਧਿਆਉਂਦੀ ਏ
ਰੱਬ ਕਰੇ ਭਾਬੀਏ ਭਲਾ ਹੋਸੀ, ਨੈਣੀਂ ਨੀਰ ਭਰ ਪਲਕਾਂ ਡੁਲ੍ਹਾਵੰਦੀ ਏ
ਭੁੱਬਾਂ ਮਾਰਦੀ ਭਾਬੀ ਪੁਕਾਰਦੀ ਏ, ਸਹਿਤੀ ਵੈਣ ਹਿਜਰ ਦੇ ਪਾਵੰਦੀ ਏ
ਤੂੰ ਭੁੱਖੀ ਤੇ ਮੇਰੀ ਜਾਨ ਨਿਕਲੇ, ਸਹਿਤੀ ਹੀਰ ਥੀਂ ਬੋਲ ਸੁਣਾਵੰਦੀ ਏ
ਪਤਾ ਨਹੀਂ ਤੂੰ ਕਿਵੇਂ ਗੁਜ਼ਰ ਕਰਦੀ, ਮੈਨੂੰ ਮਾਸਾ ਸਮਝ ਨ ਆਵੰਦੀ ਏ
ਤੈਨੂੰ ਕਿਹੜੇ ਦੁਖ ਨੇ ਮਾਰਿਆ ਈ, ਸਹਿਤੀ ਹੀਰ ਕੂ ਪੁੱਛ ਪਾਵੰਦੀ ਏ
ਮੈਥੋਂ ਇਕ ਪਲ ਨਾ ਭੁੱਖ ਸਹਾਰ ਹੋਵੇ, ਤੇਰੀ ਉਮਰ ਬੀਤਦੀ ਜਾਵੰਦੀ ਏ
ਅੱਜ ਭਾਬੀਏ ਹੁਸਨ ਬੇਹੁਸਨ ਹੋਇਆ, ਭੁੱਖ ਤੇਰਾ ਜੁੱਸਾ ਘਟਾਵੰਦੀ ਏ
ਜਦੋਂ ਨਵੀਂ ਵਿਆ੍ਹਦੰੜੀ ਆਈ ਸੈਂ, ਅੱਜ ਉਹ ਪਰੀ ਨਜ਼ਰ ਨ ਆਵੰਦੀ ਏ
ਭਾਬੀਏ! ਟੁਰਦੀ ਸੈਂ ਕਲੈਰੀ ਮੋਰ ਵਾਕਣ, ਚਾਲ ਭੱਦੀ ਅੱਜ ਪਾਵੰਦੀ ਏ
ਸਾਰੀ ਕੁੜੀਆਂ ਚਿੜੀਆਂ ਪੁੱਛਦੀ ਸਣ, ਕਿਥੋਂ ਹੂਰਾਂ ਪਰੀ ਲਿਆਵੰਦੀ ਏ
ਥੱਕ ਹਾਰ ਹਕੀਮਾਂ ਥੀਂ ਵੱਟ ਮੱਥਾ, ਅੰਤ ਜੋਗੀ ਨੂੰ ਸਹਿਤੀ ਧਿਆਵੰਦੀ ਏ
ਪਾਵੇ ਵਾਸਤੇ ਹੀਰ ਨਾ ਮੰਨੇ ਭਾਣਾ, ਆਖਿਰ ਚਿੱਤ ਚਿਤਵਣੀ ਲਾਵੰਦੀ ਏ
ਜੋਗੀ ਆਪੇ ਦਿਲਾਂ ਦੀ ਜਾਣਦਾ ਏ, ਚਿੱਤ ਸਹਿਤੀ ਜੋਗੀ ਵੱਲ ਲਾਵੰਦੀ ਏ
ਚੱਲ ਵੇਖੀਏ ਜੋਗੀ ਬਲਾਕਾਰ ਹੋਸੀ, ਅੱਖਾਂ ਜੋਗੀ ਦੇ ਧੂਣੇ ਤੇ ਲਾਵੰਦੀ ਏ
ਜੋਗੀ ਬਲੀ ਹੋਸੀ ਆਪੇ ਸੱਦ ਲੈ ਸੀ, ਆਖ ਜੋਗੀ ਥੀਂ ਸੀਸ ਝੁਕਾਵੰਦੀ ਏ
ਸਹਿਤੀ ਹੱਥ ਜੋੜੇ ਜੋਗੀ ਦੁਖ ਹੋੜੇ, ਭਾ ਇਸ਼ਕ ਦੀ ਜੀਅ ਜਲਾਵੰਦੀ ਏ
ਭਾਬੀ ਤੱਕ ਤਸੀਹੇ ਨਨਾਣ ਵਾਲੇ, ਅੰਤ ਜਾਣ ਲਈ ਹੀਰ ਮੰਨ ਜਾਵੰਦੀ ਏ

ਅੱਖ ਮੀਟ ਦਰਗਾਹ ਚ ਮਾਰ ਝਾਤੀ, ਚਿੱਤ ਆਪਣੇ ਸੋਚ ਲਗਾਵੰਦੀ ਏ
ਕਿੱਥੇ ਹੋਸੀ ਮੇਰਾ ਯਾਰ ਪਿਆਰਾ, ਦੂਰ ਦੂਰ ਥੀਂ ਘੋੜੇ ਦੁੜਾਵੰਦੀ ਏ
ਕੌਣ ਜਾਣਦਾ ਭੈੜਾ ਚਾਰੇ ਮੱਝੀਂ, ਪਿਆਰ ਭਾਵਨਾ ਚਾਕ ਥੀਂ ਭਾਵੰਦੀ ਏ
ਕਦੇ ਸੋਚਦੀ ਭੌਂਇਆਂ ਹਜ਼ਾਰੇ ਨੂੰ, ਬੋਲੀ ਭਾਬੀਆਂ ਧੀਦੋ ਡਰਾਵੰਦੀ ਏ
ਭਰਾਵਾਂ ਲੁੱਟਿਆ ਬਾਗ ਉਹਦਾ, ਜ਼ਮੀਨ ਕੱਲਰ ਧੀਦੋ ਵੱਲ ਆਵੰਦੀ ਏ
ਕਾਹੀ ਅੱਕ ਨਾ ਢੱਕ ਉਗੇ ਜਿੱਥੇ, ਉਹ ਜ਼ਮੀਨ ਧੀਦੋ ਨਹੀਂ ਭਾਵੰਦੀ ਏ
ਭੈਣ ਭਰਾ ਨਾ ਕੋਈ ਸਾਕ ਸੰਧੀ, ਜੈਦਾਦ ਆਪਣੀ ਪਰਾਈ ਭਾਵੰਦੀ ਏ
ਉਥੇ ਜਾ ਕੇ ਕਰੇਗਾ ਕੀ ਭੈੜਾ, ਜਿੱਥੇ ਆਪਣਿਆਂ ਨਾ ਹ੍ਹਾਮੀਂ ਭਰਾਵੰਦੀ ਏ
ਨਹੀਂ ਪਰਤਿਆ ਧੀਦੋ ਹਜ਼ਾਰੇ ਨੂੰ, ਹੀਰ ਆਪਣਾ ਚਿੱਤ ਸਮਝਾਵੰਦੀ ਏ
ਕਦੀ ਕੁਝ ਕਦੀ ਕੁਝ ਸੋਚੇ, ਵਿੰਗੇ ਟੇਢੇ ਰ੍ਹਾਵਾਂ ਤੇ ਘੋੜੇ ਦੁੜਾਵੰਦੀ ਏ
ਨਿੱਤ ਯਾਰ ਥੀਂ ਚੂਰੀ ਖੁਆਉਂਦੀ ਸਾਂ, ਅੱਜ ਸੁਫਨੇ ਯਾਰ ਮਿਲਾਵੰਦੀ ਏ
ਪਤਾ ਨਹੀਂ ਭੁੱਖਾ ਤਿਹਾਇਆ ਕਿੱਥੇ, ਸੱਚੇ ਰੱਬ ਥੀਂ ਪਰਚਾ ਪਾਵੰਦੀ ਏ
ਭੀੜਾਂ ਪੈਣ ਤੇ ਰੱਬ ਆਵੇ ਚੇਤੇ, ਬਾਝ ਦੁਖ ਯਾਦ ਨਾ ਰੱਬ ਦੀ ਆਵੰਦੀ ਏ
ਸਾਰਾ ਜੱਗ ਉਸ ਸਾਜ ਸਵਾਰਿਆ ਈ, ਉਹਨੂੰ ਜੱਗ ਦੀ ਯਾਦ ਸਤਾਵੰਦੀ ਏ
ਅਮੀਰ ਕੋਈ ਨਾ ਉਹਨੂੰ ਕਰੇ ਚੇਤੇ, ਯਾਦ ਰੱਬ ਦੀ ਗਰੀਬਾਂ ਆਵੰਦੀ ਏ
ਬੈਂਸ ਚਿੱਤ ਸੋਚ ਕੇ ਵੇਖ ਜ਼ਰਾ, ਅੱਗ ਇਸ਼ਕ ਦੀ ਤੇਰਾ ਜੀ ਜਲਾਵੰਦੀ ਏ
ਹੋਰ ਸਾਰੇ ਹੀਲੇ ਹਵਾਲ ਮੁੱਕ ਚੁੱਕੇ, ਸੱਚੇ ਰੱਬ ਥੀਂ ਵਾਸਤੇ ਪਾਵੰਦੀ ਏ
ਰੱਬਾ! ਵਿਛੜਿਆ ਯਾਰ ਮਿਲਾ ਮੇਰਾ, ਹੀਰ ਰੋ ਰੋ ਕੀਰਨੇ ਪਾਵੰਦੀ ਏ
ਮੁੱਖੋਂ ਰਾਮ ਬੋਲੇ ਚਿੱਤ ਮੂਰਤ ਰਾਂਝਾ, ਚਿੱਤ ਲਾ ਕੇ ਯਾਰ ਧਿਆਵੰਦੀ ਏ
ਭਾਣਾ ਬਰਤਿਆ ਸੱਤ ਕਰਤਾਰ ਵਾਲਾ, ਸੂਰਤ ਰਾਂਝੇ ਸਾਹਮਣੇ ਆਵੰਦੀ ਏ
ਭੁੱਬਾਂ ਮਾਰਦੀ ਰਾਂਝਣਾ ਦੱਸ ਮੈਨੂੰ, ਤੇਰੇ ਬਾਝੋਂ ਜਾਨ ਨਿਕਲੀ ਜਾਵੰਦੀ ਏ
ਤੂੰ ਤੇ ਜਾਣਨੈ ਮੇਰਾ ਕੀ ਹਾਲ ਹੋਇਆ, ਸੂਰਤ ਕਾਣੇ ਅਸਾਂ ਨ ਭਾਵੰਦੀ ਏ
ਔਰਤ ਜ਼ਾਤ ਦੀ ਫਿਤਰਤ ਇਹੋ ਈ, ਜਿੱਥੇ ਧੱਕੀ ਉਥੇ ਟੁਰ ਜਾਵੰਦੀ ਏ
ਕੋਈ ਜ਼ੋਰ ਨਹੀਂ ਧੀਆਂ ਮਾਪਿਆਂ ਤੇ, ਜਿੱਥੇ ਭਾਵੇ ਮਾਂ ਵਿਆਹਵੰਦੀ ਏ
ਮੇਰੇ ਰਾਂਝਣਾ ਦਿਲ ਦੀਆਂ ਦਿਲ ਜਾਣੇ, ਦਿਲੋ ਦਿਲ ਰਾਂਝੇ ਸਮਝਾਵੰਦੀ ਏ



ਕੌਣ ਜਾਣਦਾ ਹੋਵੇ ਬਲੀ ਜੋਗੀ, ਜਿਹੜਾ ਮਰਜ਼ਾਂ ਦਿਲਾਂ ਦੀਆਂ ਜਾਣਦਾ ਏ
ਅੰਤ ਨਹੀਂ ਪਰੇ ਤੋਂ ਪਰੇ ਦੁਨੀਆਂ, ਅੰਤਰ ਧਿਆਨ ਹੋ ਮਰਜ਼ ਪਛਾਣਦਾ ਏ
ਉਹ ਜੋਗੀ ਨਹੀਂ ਫਰਿਸ਼ਤਾ ਏ, ਜਿਹੜਾ ਦਿਲਾਂ ਦੀ ਲੱਗੀ ਬੁਝਾਵੰਦਾ ਏ
ਦੱਸ ਭਲਾ ਤੇਰਾ ਕੀ ਘਸਦਾ, ਦੇਣਾ ਧੇਲਾ ਨਹੀਂ ਕੰਮ ਆਉਣ ਜਾਣ ਦਾ ਏ
ਸੋਚ ਵਿਚਾਰ ਕੇ ਆਖਦੀ ਸਹਿਤੀ ਨੂੰ, ਚੱਲ ਸਾਡਾ ਕੀ ਘਸ ਜਾਵੰਦਾ ਏ
ਚਿੱਤ ਆਈ ਤ ਕੁਝ ਬਖਸ਼ ਦੇਸੀ, ਕਿਹੜੇ ਸਾਨੂੰ ਘਰ ਚੁੱਕ ਲੈ ਜਾਵੰਦਾ ਏ
ਉਠੀ ਰੱਬ ਦਾ ਸ਼ੁਕਰ ਮਨਾ ਸਹਿਤੀ, ਵੇਲਾ ਹੋਇਆ ਜੋਗੀ ਵੱਲ ਜਾਣ ਦਾ ਏ
ਉਠੱ ਭਾਬੀ ਤਿਆਰ ਹੋ ਸਤਾਬੀ, ਦਿਨ ਢਲ ਗਿਆ ਵੇਲਾ ਹੁਣ ਸ਼ਾਮ ਦਾ ਏ
ਛੱਡ ਸਹਿਤੀਏ ਬਣਨ ਠਣਨ ਤਾਈਂ, ਇਥੇ ਸਾਨੂੰ ਕਿਹੜੇ ਕੋਈ ਜਾਣਦਾ ਏ
ਨਾ! ਭਾਬੀ ਇਹ ਝੂਠ ਤੇਰੀ, ਬੱਚਾ ਬੱਚਾ ਪਿੰਡ ਦਾ ਭਾਬੀ ਤੈਨੂੰ ਪਛਾਣਦਾ ਏ
ਤੂੰ ਇਕ ਤੇ ਇਕੋ ਹੀਰ ਸਿਆਲ, ਰੂਪ ਚੜ੍ਹਿਆ ਨੀ ਤੈਨੂੰ ਭਗਵਾਨ ਦਾ ਏ
ਬੂਹੇ ਅੱਗੋਂ ਸੱਥ ਦੇ ਅਸਾਂ ਜਾਣਾ, ਬੁੱਢਾ ਢੱਠਾ ਬੈਠਾ ਅੱਖੀਆਂ ਤਾਣਦਾ ਏ
ਹੀਰ ਆਖਿਆ ਤੇਰੀ ਮੰਨ ਲੈ ਸਾਂ, ਕਰ ਛੇਤੀ ਆਇਆ ਸਮਾਂ ਜਾਣ ਦਾ ਏ
ਪਾ ਘੱਗਰਾ ਸੂਫ ਦਾ ਲੈ ਕਾਲੀ ਚੁੰਨੀਂ, ਰੱਬ ਉਪਰੋਂ ਛਤਰੀਆਂ ਤਾਣਦਾ ਏ
ਜਦੋਂ ਟੂਰਦੀ ਲਚਕ ਨਾਲ ਧਰ ਹਿੱਲੇ, ਭੁਚਾਲ ਜਿਵੇਂ ਧਰਤ ਹਿਲਾਵੰਦਾ ਏ
ਜਦੋਂ ਲੰਘੀਆਂ ਸੱਥ ਦੇ ਕੋਲੋਂ ਦੋਵੇਂ, ਹਰ ਇਕ ਡੇਲੇ ਹੀਰ ਵੱਲ ਤਾਣਦਾ ਈ
ਅੰਵਾਣੇ ਸਿਆਣੇ ਆਖਣ ਬਿਸਮਿੱਲਾ, ਰੱਬ ਵਾਰਿਆ ਹੁਸਨ ਜਹਾਨ ਦਾ ਏ
ਸੁਬਹਾਨ ਅੱਲਾ ਸੈਦਿਆ ਖ਼ੈਰ ਤੇਰੀ, ਹੁਸਨ ਧਾਰਿਆ ਰੂਪ ਭਗਵਾਨ ਦਾ ਏ
ਚਲੋ ਚਾਲ ਸਾਹਮਣੇ ਬਾਗ ਡਿੱਠਾ, ਚਿੱਤ ਮਚਿਆ ਯੁੱਧ ਘਮਸਾਣ ਦਾ ਏ
ਹੀਰ ਚਿੱਤ ਚ ਸੋਚ ਵਿਚਾਰ ਕਰਦੀ, ਕਿਵੇਂ ਆਖਾਂ ਮਾਮਲਾ ਧਿਆਨ ਦਾ ਏ
ਸਹਿਤੀ ਨਨਾਣ ਮੇਰੇ ਸਾਹਮਣੇ ਈ, ਇਹ ਮਾਮਲਾ ਹਾਣ ਪਰਵਾਣ ਦਾ ਏ
ਹੋ ਸਕਦਾ ਇਹ ਨੂੰ ਭੀ ਝਾਕ ਹੋਵੇ, ਜਿਹਨੂੰ ਲੱਗੇ ਸੋਈ ਤਨ ਜਾਣਦਾ ਏ
ਕਿੱਥੋਂ ਤੀਕ ਛੁਪਾਏਂਗੀ ਇਸ਼ਕ ਹੀਰੇ, ਸੱਚਾ ਰੱਬ ਸਭ ਕੁਝ ਜਾਣਦਾ ਏ
ਹੋ ਸਕਦਾ ਇਸੇ ਚ ਭਲਾ ਹੋਵੇ, ਵਰ ਮੰਗਿਆ ਹੀਰ ਰਾਂਝੇ ਹਾਣ ਦਾ ਏ

ਕੰਨੀਂ ਮੁੰਦਰਾਂ ਪਾ ਕੇ, ਮੱਥੇ ਤਿਲਕ ਲਗਾ ਕੇ
ਜੋਗੀ ਅਲਖ ਜਗਾਇਆ, ਬਾਗਾਂ ਵਿਚ ਆ ਕੇ
ਅਲਖ ਨਿਰੰਜਣ ਬੋਲਦਾ, ਅੱਖਾਂ ਉਤੇ ਚੜ੍ਹਾ ਕੇ
ਮੰਗਾਂ ਸਭ ਦੀਆਂ ਪੂਰਦਾ, ਇਕ ਅਲਖ ਜਗਾ ਕੇ
ਸੁੱਕੇ ਰੁੱਖਾਂ ਫੁੱਲ ਲਾ ਦਵੇ, ਚਿਮਟਾ ਛਣਕਾ ਕੇ
ਹਰ ਕੋਈ ਮੰਗਾਂ ਮੰਗਦਾ, ਪਿੰਡ ਖੇੜਿਆਂ ਜਾ ਕੇ
ਸਹਿਤੀ ਆਖੇ ਭਾਬੀਏ, ਚੱਲ ਵੇਖ ਅਜਮਾ ਕੇ
ਜੀ ਆਇਆ ਸੋ ਮੰਗ ਲੈ, ਅੱਗੇ ਸੀਸ ਝੁਕਾ ਕੇ
ਤੇਰਾ ਸਭ ਦੁਖ ਮੇਟਸੀ, ਇਕ ਵਚਨ ਅਲਾ ਕੇ
ਅੱਜ ਅਪਣੇ ਮਨ ਦੀ ਮੰਗ ਲੈ, ਜੋਗੀ ਤੋਂ ਜਾ ਕੇ
ਜੋਗੀ ਚੇਲਾ ਨਾਥ ਦਾ, ਆਇਆ ਜੋਗ ਕਮਾ ਕੇ
ਸਹਿਤੀ ਪੁੱਜੀ ਬਾਗ ਚ, ਪਿੱਛੇ ਹੀਰ ਨੂੰ ਲਾ ਕੇ
ਰਾਹ ਜਾਂਦੇ ਰਾਹੀ ਵੇਖਦੇ, ਸਭ ਨਜ਼ਰ ਟਿਕਾ ਕੇ
ਨਜ਼ਰ ਨ ਭਾਬੀ ਲੱਗ ਜਾਇ, ਰੱਖ ਮੁੱਖ ਛੁਪਾ ਕੇ
ਸੀਸ ਝੁਕਾਇਆ ਨੱਢੀਆਂ, ਜੋਗੀ ਦਰ ਜਾ ਕੇ
ਨੈਣ ਚੁਰਾ ਕੇ ਤੱਕਿਆ, ਜੋਗੀ ਅਲਖ਼ ਜਗਾ ਕੇ
ਮਨ ਤਨ ਹਰਿਆ ਗਿਆ, ਬਾਗ ਵਿਚ ਆ ਕੇ
ਅੱਜ ਮੰਗਾਂ ਕਰਦੇ ਪੂਰੀਆਂ, ਮੇਰਾ ਯਾਰ ਮਿਲਾ ਕੇ
ਯਾਰ ਜੋਗੀ ਚੋਂ ਦਿਸਦਾ, ਉਸ ਕਿਹਾ ਅਲਾ ਕੇ
ਉਹ ਜੋਗੀ ਬਣ ਆ ਗਿਆ, ਕੰਨੀਂ ਮੁੰਦਰਾਂ ਪਾ ਕੇ
ਆ ਖੇੜੀਂ ਡੇਰਾ ਲਾਇਆ, ਬਾਗਾਂ ਵਿਚ ਆ ਕੇ
ਰੱਬ ਨੇ ਮੇਲ ਕਰਾਇਆ, ਜੋਗੀ ਕਿਹਾ ਅਲਾ ਕੇ
ਆਣ ਮਿਲਾਏ ਵਿਛੜੇ, ਰੱਬ ਇਸ਼ਕ ਲੜਾ ਕੇ
ਰੱਬ ਮਿਲਾਈ ਜੋੜੀਆਂ, ਰੰਗ ਇਸ਼ਕ ਚੜ੍ਹਾ ਕੇ



## 00

ਹੀਰ ਬਾਗ ਨੂੰ ਜਾਣ ਤਿਆਰ ਹੋਈ, ਸਹਿਤੀ ਭੱਜੀ ਮਾਂ ਕੋਲ ਜਾਵੰਦੀ ਏ
ਮਾਏ ਇਕ ਮੇਰੀ ਗੱਲ ਮੰਨ ਲੈ, ਪਿਆਰ ਨਾਲ ਮਾਂ ਨੂੰ ਸਮਝਾਵੰਦੀ ਏ
ਅਸਾਂ ਪੁੱਟ ਲੈ ਆਂਦੀ ਹੁਸਨਬਾਨੋ, ਤੱਤੀ ਕਲੀਆਂ ਵਾਂਗ ਕੁਮਲਾਵੰਦੀ ਏ
ਤੂੰ ਤੇ ਜਾਣਦੀ ਭਾਬੀ ਦਾ ਹਾਲ ਮਾਏ, ਨਾਂ ਪੀਂਦੀ ਨਾ ਕੁਝ ਖਾਵੰਦੀ ਏ
ਖ਼ੌਰੇ ਕਿਹੜੇ ਨਾਗ ਡੱਸਿਆ ਸੂ, ਵੈਦ ਹਕੀਮਾਂ ਸਮਝ ਨ ਆਵੰਦੀ ਈ
ਭੁੱਖੀ ਭਾਣੀ ਬੈਠੀ ਬੰਦ ਕੋਠੜੀ ਚ, ਸੈਦਾ ਬੌੜੇ ਤਾਂ ਮੁੱਖ ਛੁਪਾਵੰਦੀ ਏ
ਪਤਾ ਨਹੀਂ ਸੈਦੇ ਨਾਲ ਕਿਵੇਂ ਸੌਂਦੀ, ਮੇਰੇ ਚਿੱਤ ਸ਼ੱਕ ਪਈ ਆਵੰਦੀ ਏ
ਭਲਾ, ਭੈਣ ਪੁੱਛੇ ਕਿਵੇਂ ਭਰਾ ਕੋਲੋਂ, ਭਾਬੀ ਮਾਸਾ ਨਾ ਜ਼ਾਹਿਰ ਕਰਾਵੰਦੀ ਏ
ਤੂੰ ਹੀ ਦੱਸ ਮਾਏ ਮਰਦ ਬਾਝੋਂ, ਕੱਲੀ ਔਰਤ ਕਿਵੇਂ ਵਕਤ ਟਪਾਵੰਦੀ ਏ
ਨਾਲੇ ਕੱਲ੍ਹ ਤੇ ਵੀਰ ਵਿਆਹੀ ਸੂ, ਸੁਹਾਗ ਰਾਤ ਭੀ ਖ਼ੌਰੇ ਮਨਾਵੰਦੀ ਏ
ਇੰਵ ਜਾਪਦਾ ਕੂੰਜਾਂ ਚੋਂ ਕੂੰਜ ਵਿੱਛੜੀ, ਭੈੜੀ ਡਾਰ ਲੱਭ ਨ ਪਾਵੰਦੀ ਏ
ਜਦੋਂ ਜੋੜੀ ਸਾਰਸਾਂ ਟੁੱਟ ਜਾਵੇ, ਇਕ ਮਾਰ ਘੱਤੋ ਦੂਜੀ ਮਰ ਜਾਵੰਦੀ ਏ
ਕੰਮ ਹੰਸਾਂ ਦਾ ਮੋਤੀ ਚੁਗਣਾ ਏ, ਮਾਨਸਰੋਵਰ ਬਾਝ ਮੋਤੀ ਨ ਭਾਵੰਦੀ ਏ
ਮਾਏ ਆਪਣੀ ਆਖ ਸੁਣਾ ਮੈਨੂੰ, ਆਪਣੀ ਮਾਂ ਕੋਲ ਪਰਚਾ ਪਾਵੰਦੀ ਏ
ਧੀਏ ਮੈਨੂੰ ਖੁਦ ਡਾਢਾ ਡਰ ਆਵੇ, ਮਤੇ ਵ੍ਹੁਟੀ ਸੈਦੇ ਚੱਲ ਜਾਵੰਦੀ ਏ
ਮਸਾਂ ਮਸਾਂ ਵਿਆਹ ਕੇ ਆਂਦੀ ਸੂ, ਭਲਾ ਕਾਣੇ ਕੂ ਕੌਣ ਵਿਆਹਵੰਦੀ ਏ
ਪੁੱਤ ਕੱਲਾ ਜੇ ਲਾਵਾਰਸ ਹੋਵੇ, ਬੰਸ ਅਸਾਂ ਦੀ ਧੀਏ ਮੁੱਕ ਜਾਵੰਦੀ ਏ
ਜਾਹ ਕਰ ਕੋਈ ਅਪਾਓ ਧੀਏ, ਜੋ ਕੁਝ ਆਖੇਂ ਮਾਂ ਮੰਨ ਜਾਵੰਦੀ ਈ
ਸਹਿਤੀ ਸੁਣ ਦਿਲ ਬਾਗੋ ਬਾਗ ਕੀਤੋ, ਤਥਾ ਮਨ ਦੀ ਆਖ ਸੁਣਾਵੰਦੀ ਏ
ਮਾਇ ਇਕ ਜੋਗੀ ਬਾਗ ਚ ਆਇਆ ਈ, ਉਹ ਤੋਂ ਇਲਾਜ ਕਰਾਵੰਦੀ ਏ
ਜੋਗੀ ਦਿਸਦਾ ਕੱਲ੍ਹ ਦਾ ਛੋਹਰਾ ਈ, ਆਖੀ ਜੋਗੀ ਦੀ ਪੱਥ ਆ ਜਾਵੰਦੀ ਏ
ਅਸਾਂ ਹੋਰ ਬਥੇਰੇ ਇਲਾਜ ਕਰਾ ਛੱਡੇ, ਕਿਉਂ ਨਾ ਜੋਗੀ ਤਾਈਂ ਵਖਾਵੰਦੀ ਏ
ਨਾ ਟਕਾ ਨ ਕੋਈ ਟੁੱਕਰ ਲੱਗੇ, ਅਸਾਂ ਝੱਟ ਜਾ ਕੇ ਪੱਟ ਮੁੜ ਆਵੰਦੀ ਏ
ਜੇ ਆਖੇਂ ਤਾਂ ਭਾਬੀ ਲੈ ਘੱਤਾਂ, ਮਾਇ ਤੇਰੀ ਆਗਿਆ ਅਸਾਂ ਪਾਵੰਦੀ ਏ
ਮਾਂ ਆਖਿਆ ਧੀਏ ਮਰਜ਼ੀ ਤੇਰੀ ਏ, ਜਾਹ ਲੈ ਜਾ ਜੇ ਨੂੰਹ ਜਾਵੰਦੀ ਏ
ਸਹਿਤੀ ਅੱਗੇ ਹੀ ਭਾਬੀ ਮਨਾ ਰੱਖੀ, ਲੈ ਭਾਬੀ ਨੂੰ ਬਾਗ ਨੂੰ ਜਾਵੰਦੀ ਏ

ਡੇਰੇ ਪੁੱਜ ਕੇ ਭਾਬੀ ਨਨਾਣ ਦੋਹਾਂ, ਸੀਸ ਜੋਗੀ ਦੇ ਅੱਗੇ ਝੁਕਾਇਆ ਈ
ਜੋਗੀ ਆਖਿਆ ਨੱਢੀਓ ਭਲਾ ਹੋਵੇ, ਜੋਗੀ ਇਕ ਵਚਨ ਅਲਾਇਆ ਈ
ਆਖੋ ਕੀ ਵਜਹ ਕੀ ਜੀਅੜੇ ਚ, ਕਿਵੇਂ ਜੋੜਾ ਪਰੀਆਂ ਦਾ ਆਇਆ ਈ
ਮੰਗ ਲਓ ਦਿਲਾਂ ਦੀਆਂ ਖੋਲ੍ਹ ਗੰਢਾਂ, ਅੱਜ ਜੋਗੀ ਸ਼ਗ੍ਹਾ ਚ ਆਇਆ ਈ
ਜੋਗੀ ਤੱਕਿਆ ਹੀਰ ਵੱਲ ਅੱਖ ਭਰ ਕੇ, ਚਿੱਤ ਪਿਆਰ ਭਰ ਆਇਆ ਈ
ਚਿੱਤ ਚ ਜੋਗੀ ਦੇ ਭੁਰਨ ਲੱਡੂ, ਜਿਵੇਂ ਸ਼ੀਂਹ ਨੇ ਮਿਰਗ ਧਾੜ ਲਾਇਆ ਈ
ਸੁਬਹਾਨ ਅੱਲਾ! ਯਾਰ ਦੀਦਰ ਹੋਇਆ, ਰਾਂਝੇ ਈਦ ਦਾ ਸ਼ਗਨ ਮਨਾਇਆ ਈ
ਨੱਢੀ ਸ਼ਰਮ ਦੀ ਮਾਰੀ ਨਾ ਅੱਖ ਚੁੱਕੇ, ਦਿਲ ਚ ਰਾਂਝਾ ਯਾਰ ਵਸਾਇਆ ਈ
ਮਲ ਰਾਖ ਰਾਂਝੇ ਸ਼ਕਲ ਬਦਲੀ, ਹੀਰ ਤੱਕਿਆ ਪਹਿਚਾਣ ਨ ਪਾਇਆ ਈ
ਖੱਲ ਭੇਡ ਦੀ ਉਤੇ ਪਾ ਭੇੜੀਆ, ਬੱਕਰੀਆਂ ਦੇ ਇੱਜੜ ਵੜ ਆਇਆ ਈ
ਹੀਰ ਨੇ ਅੰਤ ਨੂੰ ਖੋਲ੍ਹ ਬਾਚੀ, ਸਵਾਲ ਆਪਣਾ ਜੋਗੀ ਵੱਲ ਪਾਇਆ ਈ
ਮੇਰਾ ਯਾਰ ਰਾਂਝਾ ਤਖ਼ਤ ਹਜ਼ਾਰੇ ਦਾ, ਮੈਥੋਂ ਮਾਪਿਆਂ ਖੋਹ ਚੁਰਾਇਆ ਈ
ਬਾਝ ਰਾਂਝਣੇ ਜੋਗੀ ਮਰ ਜਾਸਾਂ, ਰਾਂਝਾ ਸਾਈਂ ਮੈਂ ਉਹਦਾ ਸਰਮਾਇਆ ਈ
ਸਾਡਾ ਮੇਲ ਕਰਾ ਦੇ ਜੋਗੀਆ ਵੇ, ਆਖ ਜੋਗੀ ਨੂੰ ਹੀਰ ਫੁਰਮਾਇਆ ਈ
ਜੋਗੀ ਆਖਿਆ ਮਿਲ ਸੀ ਯਾਰ ਤੈਂਢਾ, ਮੇਰੇ ਯਾਰ ਨੇ ਮੈਨੂੰ ਵਖਾਇਆ ਈ
ਜੋਗੀ ਮਾਰੇ ਛਣਕਾਂ ਧੂਣੀ ਪਾ ਤੀਲੇ, ਧੂੰਆਂ ਧਾਰ ਬਾਗ ਚ ਮਚਾਇਆ ਈ
ਉਚੱਾਂ ਉਚੱਾਂ ਮੰਤਰ ਅਲਾਪੇ ਜੋਗੀ, ਜਿਵੇਂ ਢਾਡੀਆਂ ਸ਼ੋਰ ਮਚਾਇਆ ਈ
ਦਿਲ ਹੋਰ ਸੋਚੇ ਉਤੋਂ ਹੋਰ ਆਖੇ, ਹਾਥੀ ਦੰਦ ਜਿਵੇਂ ਢੌਂਗ ਰਚਾਇਆ ਈ
ਜੋਗੀ ਵਚਨ ਬੋਲੇ ਹੀਰ ਦਾ ਦਿਲ ਡੋਲੇ, ਜਿਵੇਂ ਸੱਪ ਸਪਾਧੇ ਹੱਥ ਆਇਆ ਈ
ਵਾਰਤਾਲਾਪ ਕਰਦੇ ਕੁਝ ਪਲ ਬੀਤੇ, ਮੁੜ ਹੀਰ ਨੇ ਵਚਨ ਅਲਾਇਆ ਈ
ਭਾਣਾ ਵਰਤਿਆ ਜੋਗੀਆ ਭਾਵੀ ਦਾ, ਕਿਸੇ ਵਿੱਛੜੇ ਯਾਰ ਮਿਲਾਇਆ ਈ?
ਜੋਗੀ ਆਖਿਆ ਨੱਢੀਏ ਰੱਖ ਧੀਰਜ, ਵੇਲਾ ਯਾਰ ਦੇ ਮਿਲਣ ਦਾ ਆਇਆ ਈ
ਬੈਂਸ ਦਿਲਾਂ ਨੂੰ ਦਿਲਾਂ ਦੇ ਰਾਹ ਹੁੰਦੇ, ਚਿੱਤ ਜੋਗੀ ਦਾ ਇਸ਼ਕ ਤੜਪਾਇਆ ਈ
ਬੋਲ ਸੁਣ ਕੇ ਚਿੱਤ ਵਿਚਾਰਦੀ ਏ, ਜਿਵੇਂ ਰਾਂਝੇ ਨੇ ਵਾਕ ਸੁਣਾਇਆ ਈ





ਹੀਰ ਆਖਦੀ ਜੋਗੀਆ ਸੱਚ ਆਖਾਂ, ਭੈੜੇ ਰੱਬ ਨੇ ਕਹਿਰ ਕਮਾਇਆ ਈ
ਇਸ਼ਕ ਆਪਣੇ ਚ ਜੱਗ ਸਾਜ ਦਿੱਤਾ, ਮੈਥੋਂ ਮੇਰਾ ਯਾਰ ਚੁਰਾਇਆ ਈ
ਲੋਕ ਆਖਦੇ ਰੱਬ ਸੀ ਜਦੋਂ ਕੱਲਾ, ਅਪਣੇ ਆਪ ਨੂੰ ਤਨਹਾ ਪਾਇਆ ਈ
ਲੱਗੀ ਸੀਨੇ ਅੱਗ ਬੁਝਾਉਣ ਖਾਤਰ, ਇਸ਼ਕ ਆਪਣੇ ਜੱਗ ਰਚਾਇਆ ਈ
ਵਿਚ ਥਾਪ ਕੇ ਯਾਰ ਵਚੋਲੜੇ ਨੂੰ, ਪਿੱਛੇ ਪਿਆਰ ਦੇ ਆਪ ਛੁਪਾਇਆ ਈ
ਪਿਆਰ ਕਰਨਾ ਫਿਰ ਖ਼ਤਾ ਕਿਹੜੀ, ਮੈਨੂੰ ਦੱਸ ਜਾ ਰੱਬ ਦੇ ਜਾਇਆ ਈ
ਤੇਰੀ ਕਰਨੀ ਤੋੜ ਨਿਭਾਈ ਰੱਬਾ, ਸੱਚੇ ਦਿਲੋਂ ਅਸਾਂ ਪਿਆਰ ਪਾਇਆ ਈ
ਮੇਰੇ ਚਿੱਤ ਰਾਂਝਾ, ਰਾਂਝੇ ਚ ਮੈਂ ਵਸਦੀ, ਸਾਰੇ ਜੱਗ ਨੂੰ ਅਸਾਂ ਭੁਲਾਇਆ ਈ
ਦੋ ਦਿਲਾਂ ਨੇ ਮੇਲ ਮਿਲਾਪ ਕੀਤੋ, ਦੋ ਬਦਨ ਇਕ ਕਲਬੂਤ ਬਣਾਇਆ ਈ
ਮੈਥੋਂ ਖੋਹ ਲਿਆ ਰੱਬ ਨੇ ਯਾਰ ਮੇਰਾ, ਭਲਾ ਅਸਾਂ ਕੀ ਪਾਪ ਕਮਾਇਆ ਈ
ਤੇਰਾ ਪਿਆਰ ਅਸਾਂ ਅਜਮਾਇਆ ਸੂ, ਫਿਰ ਕਿਉਂ ਨਹੀਂ ਤੈਨੂੰ ਭਾਇਆ ਈ
ਤੇਰੇ ਜਿਹਾ ਨ ਕੋਈ ਬਣ ਜਾਵੇ, ਇਸ ਲਈ ਅਸਾਂ ਮੁਸੀਬਤਾਂ ਪਾਇਆ ਈ
ਰੱਬ ਦੇਵੇ ਤਸੀਹੇ ਆਸ਼ਿਕਾਂ ਥੀਂ, ਭਲਾ ਉਨ੍ਹਾਂ ਕੀ ਉਹਦਾ ਚੁਰਾਇਆ ਈ
ਰੱਬਾ ਕਿਸੇ ਨਾ ਤੈਨੂੰ ਪੂਜਣਾ ਈ, ਜੇ ਕੀਤਾ ਆਪਣਾ ਆਪ ਮਿਟਾਇਆ ਈ
ਜ਼ਰਾ ਸੋਚ ਕੇ ਵੇਖ ਮੇਰੇ ਦਿਲਬਰਾ ਓਏ, ਕੱਲੇ ਕਿਵੇਂ ਤੂੰ ਸਮਾਂ ਬਿਤਾਇਆ ਈ
ਜੋ ਤੇਰੇ ਸੰਗ ਵਾਪਰੀ ਮਾਲਿਕਾ ਓਏ, ਉਹੋ ਹਾਲ ਤੂੰ ਸਾਡਾ ਬਣਾਇਆ ਈ
ਤੇਰੇ ਸੀਨੇ ਚ ਰੱਬਾ ਉਹੋ ਅੱਗ ਲੱਗੂ, ਜੱਗ ਸਾਜ ਕੇ ਜਿਹਨੂੰ ਭੁਲਾਇਆ ਈ
ਸਾਡੀ ਅੱਗ ਚ ਸੜ ਕੇ ਵੇਖ ਮਾਲਿਕ, ਜਿੱਥੇ ਅਸਾਂ ਨੂੰ ਅੱਜ ਜਲਾਇਆ ਈ
ਤਖ਼ਤ ਹਿੱਲੂ ਤੇਰੀ ਦਰਗਾਹ ਮਾਲਿਕ, ਮੇਰਾ ਯਾਰ ਨਾ ਮੋੜ ਲਿਆਇਆ ਈ
ਅਸਾਂ ਲਾ ਕੇ ਤੋੜ ਨਿਭਾਈ ਏ, ਤੈਨੂੰ ਫਿਰ ਭੀ ਯਕੀਨ ਨਹੀਂ ਆਇਆ ਈ
ਅਹਿ ਤੋਂ ਪਰੇ ਭਲਾਂ ਹੋਰ ਕੀ ਖੋਹ ਲੂ, ਮੇਰੇ ਯਾਰ ਨੂੰ ਮੈਥੋਂ ਚੁਰਾਇਆ ਈ
ਜੇ ਆਪਣੇ ਕਰਮ ਤੇ ਤੈਨੂੰ ਯਕੀਨ ਨਹੀਂ, ਕਿਸ ਵਸਤੇ ਜੱਗ ਰਚਾਇਆ ਈ
ਰੱਬਾ ਦੱਸ ਖਾਂ ਮੇਰਾ ਕਸੂਰ ਕੀ ਏ, ਸੁੱਚਾ ਪਿਆਰ ਯਾਰ ਸੰਗ ਪਾਇਆ ਈ
ਸੌਂਹ ਤੇਰੀ ਜੋਗੀਆ ਮਰ ਜਾਸਾਂ, ਜੇ ਮੇਰਾ ਪਿਆਰ ਨਾ ਮੁੜ ਆਇਆ ਈ
ਜੱਗ ਆਸ਼ਿਕ ਮਾਸ਼ੂਕਾਂ ਦਾ ਵੈਰੀ ਏ, ਭਲਾ ਰੱਬ ਕਿਉਂ ਆਡਾ ਲਾਇਆ ਈ
ਦੱਸ ਜੋਗੀਆ ਭਲਾ ਕਸੂਰ ਸਾਡਾ, ਸੱਚੇ ਰੱਬ ਕਿਉਂ ਜ਼ੁਲਮ ਕਮਾਇਆ ਈ

ਜੋਗੀ ਆਖਿਆ ਨੱਢੀਏ ਨੇਹ ਭਿੱਨਾਂ, ਚਿੱਤ ਯਾਰ ਮਿਲਣ ਤੜਪਾਵੰਦਾ ਈ
ਯਾਰ ਵਿੱਛੜੇ ਜ਼ਮਾਨਾ ਬੀਤ ਗਿਆ, ਹਰ ਪਲ ਵ੍ਹਰਿਆਂ ਵਾਂਗ ਜਾਵੰਦਾ ਈ
ਜਦੋਂ ਲਾਈ ਸੀ ਉਦੋਂ ਨ ਸੋਚਿਆ ਸੁ, ਭਲਾ ਯਾਰ ਜੇ ਵਿੱਛੜ ਜਾਵੰਦਾ ਈ
ਟੁੱਟਾ ਦਿਲ ਰੇਤ ਚ ਬਿਖਰ ਗਿਆ, ਨੱਢੀ ਹੱਥੀਂ ਚੁਣਿਆਂ ਨਾ ਜਾਵੰਦਾ ਈ
ਜਿਹਾ ਕਰਮ ਹੋਵੇ ਤਿਹਾ ਧਰਮ ਕਰੀਏ, ਕੀੜੀ ਬਣ ਚੁਗਿਆ ਜਾਵੰਦਾ ਈ
ਅੜੀਏ ਲਾਉਣੀ ਸੌਖੀ ਨਿਭਾਉਣੀ ਔਖੀ, ਬੈਂਸ ਯਾਰ ਤੈਨੂੰ ਸਮਝਾਵੰਦਾ ਈ
ਤੱਤੇ ਦੁੱਧ ਸਾੜਿਆ ਚਿੱਤ ਜਿਹਦਾ, ਫੂਕਾਂ ਮਾਰ ਕੇ ਛਾਛ ਪਿਆਵੰਦਾ ਈ
ਲੱਗੀ ਦਿਲ ਦੀ ਕਦੀ ਨ ਬੁਝਦੀ ਏ, ਤਾ ਇਸ਼ਕ ਨਾ ਝੱਲਿਆ ਜਾਵੰਦਾ ਈ
ਸ਼ਮ੍ਹਾਂ ਬਾਲ ਕੇ ਦਿਲ ਭੜਕਾ ਭੌਰੇ, ਖੰਭ ਜਲਾ ਕੇ ਭੌਰਾ ਮਰ ਜਾਵੰਦਾ ਈ
ਆਂਚ ਜਿਗਰ ਦਾ ਅਤਿ ਸੇਕ ਡਾਢਾ, ਮੋਇਆ ਲਾ ਕੇ ਮਾਰ ਮੁਕਾਵੰਦਾ ਈ
ਆਪੇ ਲਾਈ ਆਪੇ ਸੁਲਘਾ ਇਹਨੂੰ, ਹਿਜਰ ਪਿਆਰ ਦਾ ਮਜ਼ਾ ਚਖਾਵੰਦਾ ਈ
ਪਈ ਤੜਪੇਂਗੀ ਵਾਂਗ ਚਕੋਰੀ ਦੇ, ਮੇਰਾ ਚੰਨ ਮਾਹੀ ਚੜ੍ਹਿਆ ਆਵੰਦਾ ਈ
ਮੀਟੇਂ ਅੱਖੀਆਂ ਨਿੱਤ ਸੁਰਖ਼ਾਬ ਵਾਕਣ, ਸਹਰ ਸੁਰਜ ਕਿਰਨ ਲਿਸ਼ਕਾਵੰਦਾ ਈ
ਇਸ਼ਕ ਆਸ਼ਿਕਾਂ ਥੀਂ ਰੱਬ ਆਪ ਵੰਡੇ, ਬੜੇ ਔਖੇ ਸੁਆਲ ਕਢਾਵੰਦਾ ਈ
ਕੁਤਬੋਂ ਉਚੀ ਮੰਜ਼ਿਲ ਇਸ਼ਕ ਹੋਵੇ, ਜਿਹਾ ਬੀਜਿਆ ਤਿਹਾ ਫਲ ਪਾਵੰਦਾ ਈ
ਜਿਹੜਾ ਇਸ਼ਕ ਇਮਤਹਾਨ ਪਾਸ ਹੋਵੇ, ਰੱਬ ਆਪ ਦਰਗਾਹ ਬੁਲਾਵੰਦਾ ਈ
ਬੈਂਸ ਕੁਝ ਨਹੀਂ ਸੀ ਜਦੋਂ ਜੱਗ ਅੰਦਰ, ਰੱਬ ਤਨਹਾ ਆਪ ਕੂ ਪਾਵੰਦਾ ਈ
ਇਸ਼ਕ ਰੱਬ, ਰੱਬ ਦੀ ਦਾਤ ਇਸ਼ਕ, ਸੱਚਾ ਇਸ਼ਕ ਰੱਬ ਨੂੰ ਭਾਵੰਦਾ ਈ
ਲਾ ਤਾੜੀ ਇਕ ਅਲਾਪ ਕੀਤੋ, ਖੰਡ ਬਰ੍ਹਮੰਡ ਸਭ ਸਾਜ ਕਰਾਵੰਦਾ ਈ
ਪਿਆਰ ਫਿਤਰਤ ਰੱਬ ਪਾਉਣ ਦੀ ਏ, ਬਾਝ ਪਿਆਰ ਵਸ ਨ ਆਵੰਦਾ ਈ
ਚਿੱਤ ਮ੍ਹਾਣੂਆਂ ਭੜਥੂ ਪਾ ਦਿੱਤਾ, ਇਸ਼ਕ ਲੋਕਾਂ ਦੇ ਮਨ ਨਹੀਂ ਭਾਵੰਦਾ ਈ
ਤੂੰ ਪਾ ਬੈਠੀ ਚਿੱਤ ਚੈਨ ਗੁਆ ਬੈਠੀ, ਲੱਗੀ ਅੱਗ ਨ ਕੋਈ ਬੁਝਾਵੰਦਾ ਈ
ਜਿਉਂ ਸੇਕ ਰਸੇ ਰੱਬ ਚਿੱਤ ਵਸੇ, ਲੱਗੀ ਅੱਗ ਥੀਂ ਸੀਤ ਬਣਾਵੰਦਾ ਈ
ਅੜੀਏ ਮਾਸਾ ਨਾ ਤੂੰ ਗੁਨਾਹ ਕੀਤਾ, ਰੱਬ ਆਪੇ ਯਾਰ ਮਿਲਾਵੰਦਾ ਈ
ਤੇਰੇ ਵਿਛੜੇ ਮਿਲਣਗੇ ਆ ਤੈਨੂੰ, ਬਾਲ ਨਾਥ ਪਿਆ ਜੋਗੀ ਸਮਝਾਵੰਦਾ ਈ



## 00

ਹੀਰ ਸੋਚਿਆ ਜੋਗੀ ਬਲਾਕਾਰੀ, ਜਿਹੜਾ ਲੱਗੀਆਂ ਦਿਲਾਂ ਦੀ ਜਾਣਦਾ ਏ
ਸਾਡਾ ਦਿਲ ਸੁਣ ਜੋਗੀ ਬੇਤਾਬ ਹੋਇਆ, ਜੋਗੀ ਮਰਜ਼ਾਂ ਝੱਟ ਪਛਾਣਦਾ ਏ
ਚਿੱਤ ਜੋਗੀ ਨੂੰ ਸੀਸ ਝੁਕਾ ਬੈਠੀ, ਜਿਹੜਾ ਜਾਣਦਾ ਮਰਜ਼ਾਂ ਪਹਿਚਾਣਦਾ ਏ
ਜਾਣੀ ਜਾਣ ਨਮੋਂ ਪਰਵਾਣ ਕਰਸੀ, ਜੁਆਬ ਨਮੋਂ ਨਮਸਤੇ ਪਰਣਾਮਦਾ ਏ
ਜੋਗੀ ਆਖਿਆ ਦੁਆ ਸਲਾਮ ਮੇਰੀ, ਚਿੱਤ ਜੋਗੀ ਦਾ ਤੇਰਾ ਚਿੱਤ ਜਾਣਦਾ ਏ
ਸਿਰ ਝੁਕੇ ਦਿਲਾਂ ਨੇ ਤਾਰ ਜੋੜੀ, ਜੋਗੀ ਮਿਲਿਆ ਹਾਣ ਪਰਵਾਣ ਦਾ ਏ
ਦਿਲ ਦਿਲਾਂ ਦੀਆਂ ਗੱਲਾਂ ਹੋਣ ਲੱਗੀ, ਕੀਤਾ ਯੁਧ ਦਿਲਾਂ ਘਮਸਾਣ ਦਾ ਏ
ਦਿਲੋ ਦਿਲੀ ਸੁਆਲ ਜੁਆਬ ਹੋਣ ਲੱਗੇ, ਇਕ ਆਖੇ ਦੂਸਰਾ ਜਾਣਦਾ ਏ
ਸਵਰਨ ਸਿੰਘਾ ਟੁਰੇ ਸਾਂ ਕੱਚੀ ਡੰਡੀਆਂ ਤੇ, ਰੱਬ ਆਪੇ ਵਾਟ ਪਛਾਣਦਾ ਏ
ਭਾਣਾ ਰੱਬ ਦਾ ਯਾਰ ਬੈਠੇ ਕੱਠੇ, ਉਤੋਂ ਰੱਬ ਆਪੇ ਛਤਰੀਆਂ ਤਾਣਦਾ ਏ
ਬਾਗ ਚ ਨਾ ਆਵੇ ਨ ਜਾਵੇ ਕੋਈ, ਅਨੰਦ ਜੋਗੀ ਪਿਆਰ ਦਾ ਮਾਣਦਾ ਏ
ਹੀਰ ਚਿੱਤ ਚ ਚਿਤਵਣੀ ਧਾਰਦੀ ਏ, ਇਹ ਜੋਗੀ ਸਭ ਕੁਝ ਜਾਣਦਾ ਏ!
ਜੋਗੀਆ ਇਸ਼ਕ ਕਮਾਇਆ ਕਦੀ! ਕਿਤੇ ਹਵਾਈ ਤੰਬੂ ਪਿਆ ਤਾਣਦਾ ਏ
ਜੋਗੀ ਆਖਿਆ ਜੋਗ ਆਸ਼ਕੀ ਏ, ਬਾਝ ਇਸ਼ਕ ਜੋਗੀ ਜੋਗ ਨ ਮਾਣਦਾ ਏ
ਅਸਾਂ ਜੋਗ ਕਮਾ ਕੇ ਯਾਰ ਪਾਇਆ, ਸਮਾਂ ਆਇਆ ਜਾਣ ਪਹਿਚਾਣ ਦਾ ਏ
ਘੁੰਡ ਕੱਢਣਾ ਨੈਣਾ ਦੀ ਚੋਰੀ ਏ, ਤੂੰ ਵੇਖਦੀ ਉਹ ਨਹੀਂ ਤੈਨੂੰ ਪਛਾਣਦਾ ਏ
ਚੋਰੀ ਜਾਰੀ ਸਦਾ ਨ ਝੱਟ ਲੰਘੇ, ਹੁਣ ਸਮਾਂ ਘੁੰਡ ਚੁੱਕਣ ਦਾ ਆਵੰਦਾ ਏ
ਚੁੱਕ ਪੜਦਾ ਸ਼ਰਮ ਹਯਾ ਲਾਹ ਦੇ, ਜੋਗੀ ਲੱਗੀਆਂ ਤੇਰੀਆਂ ਜਾਣਦਾ ਏ
ਭਲਾ ਆਪਣਿਆਂ ਤੋਂ ਕਾਹਦਾ ਓਹਲਾ, ਪਰਾਇਆਂ ਤੋਂ ਘੁੰਡ ਛੁਪਾਉਣ ਦਾ ਏ
ਲਾਹ ਪੜਦਾ ਅੜੀਏ ਉਠਾ ਪਲਕਾਂ, ਹਾਣੀ ਸਾਹਮਣੇ ਬੈਠਾ ਹਾਣ ਦਾ ਏ
ਇੰਨੀਂ ਸੁਣ ਹੀਰ ਘੁੰਡ ਚੁੱਕ ਦਿੱਤਾ, ਚਿੱਤ ਮਚਿਆ ਯੁਧ ਘਮਸਾਣ ਦਾ ਏ
ਹੀਰ ਅੱਖ ਚੁਰਾ ਕੇ ਤੱਕਿਆ ਸੁ, ਇਹ ਜੋਗੀ ਤੇ ਜਾਣ ਪਹਿਚਾਣ ਦਾ ਏ
ਦਿਲ ਮਿਲ ਗਏ ਨੈਣ ਝੁਕ ਗਏ, ਜੋੜਾ ਮਜ਼ਾ ਪਿਆਰ ਦਾ ਮਾਣਦਾ ਏ
ਕਦੀ ਵੇਖਿਆ ਨਹੀਂ ਨਜ਼ਾਰਾ ਸੁ, ਕਾਲੀ ਘਟਾ ਜਿਵੇਂ ਰੱਬ ਤਾਣਦਾ ਏ
ਰਾਂਝਾ ਹੀਰ ਗਲ ਲੱਗ ਮਿਲੇ, ਕਿੱਸਾ ਮੁੱਕਿਆ ਦਿਲ ਤੜਫਾਣ ਦਾ ਏ

## 00

ਤੱਕ ਸਹਿਤੀ ਚਿੱਤ ਚਿਤਾਰਦੀ ਏ, ਮਰਜ਼ ਹੋਰ ਅਸਾਂ ਕੁਝ ਹੋਰ ਜਾਪੇ
ਮਾੜੇ ਮੰਤਰੀ ਵੈਦ ਕੀ ਜਾਣਦੇ ਈ, ਮਰਜ਼ ਦਿਲ ਇਲਾਜ ਨ ਕੋਈ ਜਾਪੇ
ਮਰਜ਼ ਦਿਲ ਹੋਵੇ ਦਿਲ ਡੁੱਬਦਾ ਈ, ਦਿਲ ਡੁੱਬ ਜਾਨ ਥੀਂ ਪੈਣ ਸਿਆਪੇ
ਦਿਲ ਮੇਰਾ ਭੀ ਇਵੇਂ ਹੀ ਡੁੱਬਦਾ ਈ, ਦੱਸਾਂ ਕਿਹਨੂੰ ਸੁਣਨ ਨਾ ਭੈੜੇ ਮਾਪੇ
ਰਾਮੂ ਬ੍ਰਾਮਣ ਸੰਗ ਇਸ਼ਕ ਕੀਤੋ ਸੂ, ਰਾਮੂ ਉਸ ਥੀਂ ਰੱਬ ਦਾ ਬੁੱਤ ਜਾਪੇ
ਤਿੱਖੇ ਤੀਰ ਵਰ੍ਹਾਉਂਦਾ ਪਲਕਾਂ ਚੋ, ਗੱਲ ਗਲੌਂੜੀ ਰਾਮੂ ਦਾ ਧਰਮ ਜਾਪੇ
ਸਹਿਤੀ ਰਾਮੂ ਸੰਗ ਇਸ਼ਕ ਲੜਾਇਆ ਸੂ, ਛੁਪ ਛੁਪ ਦੋਵੇਂ ਮਿਲਣ ਆਪੇ
ਬ੍ਰਾਮਣ ਉਚੀ ਜ਼ਾਤ ਹਿੰਦੂਆਂ ਦੀ, ਇਸ਼ਕ ਮੁਸ਼ਕ ਪੁੱਛੇ ਨਾ ਜ਼ਾਤ ਮਾਪੇ
ਨਹੀਂ ਲੜਦਾ ਇਸ਼ਕ ਹਿੰਦੂ ਮੋਮਨਾਂ ਦਾ, ਮਰਨ ਮਾਰਨ ਦੇ ਪੈਣ ਸਿਆਪੇ
ਗੱਲ ਇੰਵ ਸਵਰਨ ਪਈ ਜਾਪਦੀ ਏ, ਘਰ ਖੇੜਿਆਂ ਹਿੰਦੂਆਂ ਘਰ ਜਾਪੇ
ਸਹਿਤੀ ਸੋਚਿਆ ਗੱਲ ਹੁਣ ਬਣੀ, ਨਨਾਣ ਭਾਬੀ ਆਸ਼ਕੀ ਪਾਏ ਸਿਆਪੇ
ਪਹਿਲਾਂ ਮੈਂ ਤੇ ਰਾਮੂ ਸਨ ਦੋ ਆਸ਼ਿਕ, ਹੁਣ ਦੋ ਤੇ ਦੋ ਮਿਲ ਚਾਰ ਜਾਪੇ
ਇਕ ਇਕ ਦੋ ਬਣ ਜਾਣ ਗਿਆਰਾਂ, ਚਾਰ ਹੋਣ ਕਿਸ ਮਗਰ ਭੌਣ ਮਾਪੇ
ਨਾਲੇ ਸੋਚਦੀ ਮੁਸ਼ਕੜੀਆਂ ਹਸਦੀ ਏ, ਭਾਬੀ ਮੋਰ ਚੋਰਾਂ ਥੀਂ ਪਾਏ ਛਾਪੇ
ਖਾਣਾ ਪੀਣਾ ਭਾਬੀਏ ਸ਼ੁਰੂ ਕਰ ਦੇ, ਨਹੀਂ ਪਿੱਟਾਂ ਢੰਡੋਰਾ ਪਿੰਡ ਜਾ ਕੇ
ਸਹਿਤੀ ਹੀਰ ਨੈਣਾਂ ਚ ਨੈਣ ਪਾਏ, ਮਿਲੇ ਦਿਲ ਦਿਲਾਂ ਦੇ ਫੱਟ ਪਾਟੇ
ਬੈਠ ਸਹਿਤੀ ਜੋਗੀ ਥੀਂ ਕਰੇ ਅਰਜ਼ਾਂ, ਆਪੇ ਲਾਈ ਕਰ ਇਲਾਜ ਆਪੇ
ਜੋਗੀ ਆਖਿਆ ਨੱਢੀਏ ਸੁਣ ਮੇਰੀ, ਮੇਰੇ ਸਿਰ ਤੇ ਨਾਥ ਦਾ ਹੱਥ ਜਾਪੇ
ਨਾਥ ਘੱਲਿਆ ਸੂ ਜੋਗੀ ਦੇ ਥਾਪੜ, ਹੋਵੇ ਪੂਰਾ ਵਚਨ ਜੋਗੀ ਜੋ ਆਖੇ
ਹੀਰੀਏ ਰੱਬ ਦੀਆਂ ਰਹਿਮਤਾਂ ਈ, ਨਾਥ ਜੋਗੀਆਂ ਰੱਬ ਦਾ ਰੂਪ ਜਾਪੇ
ਬਣ ਮੰਗਤੇ ਦਰ ਦਰ ਭੌਂਦੇ ਈ, ਖਾਣ ਤ੍ਹਾਨੇ ਜੋਗੀਆਂ ਵਾਂਗ ਗੁੜ ਜਾਪੇ
ਇਸ਼ਕ ਮ੍ਹਾਣੂਆਂ ਇਸ਼ਕ ਖੁਦਾ ਦਾ ਈ, ਇਸ਼ਕ ਚ ਰੱਬ ਨੇ ਤਬਕ ਥਾਪੇ
ਉਹ ਸੁਣਦਾ ਆਪਣੇ ਮਾਸ਼ੂਕਾਂ ਦੀ, ਇਸ਼ਕ ਮੁਸ਼ਕ ਚ ਰੱਬ ਮਾਯੂਸ ਜਾਪੇ
ਜਿਹਨੇ ਸਾਜ ਸੁਆਰ ਨਿਵਾਜਿਆ ਈ, ਚਿੱਤ ਸਭ ਦੇ ਵਸਦਾ ਰੱਬ ਆਪੇ
ਸੁਣੂ ਨਨਾਣਾਂ ਭਾਬੀਆਂ ਦੋਹਾਂ ਦੀ, ਮਿਲਾਊ ਵਿੱਛੜੇ ਯਾਰ ਵਿਛੋੜ ਆਪੇ



## 00

ਇਕ ਪਲ ਚ ਵਿਛੋੜਾ ਭੁੱਲ ਗਿਆ, ਯਾਰ ਸਾਹਮਣੇ ਯਾਰ ਦੇ ਆਵੰਦਾ ਈ
ਸਾਥੋਂ ਰੁੱਸ ਗਿਆ ਮੇਰੇ ਦਿਲਬਰਾ ਓਏ, ਦਿਲ ਨੂੰ ਦਿਲ ਸਮਝਾਵੰਦਾ ਈ
ਹੀਰ ਹਰਖ ਹੋੜੇ ਰਾਂਝਾ ਦਿਲ ਜੋੜੇ, ਰੱਬ ਦਿਲਾਂ ਦਾ ਜੋੜ ਮਿਲਾਵੰਦਾ ਈ
ਮਿਲੇ ਨੈਣ ਦਿਲਾਂ ਸੰਗ ਦਿਲ ਮਿਲੇ, ਯਾਰ ਸੱਖਣਾ ਰੱਬ ਮਿਲਾਵੰਦਾ ਈ
ਹੀਰ ਵੇਖ ਕੇ ਰਾਂਝੇ ਬੇਹੋਸ਼ ਹੋਈ, ਰੂਹ ਰਾਂਝੇ ਦੇ ਮਸਤਕ ਸਮਾਵੰਦਾ ਈ
ਰੂਹਾਂ ਆਸ਼ਿਕਾਂ ਇਕ ਮਿੱਕ ਹੋਈਆਂ, ਧੀਦੋ ਰੱਬ ਦਾ ਸ਼ੁਕਰ ਮਨਾਵੰਦਾ ਈ
ਦੋ ਬਦਨ ਇਕ ਕਲਬੂਤ ਭਾਇਆ, ਜੋਗੀ ਉਚੀਆਂ ਮੰਜ਼ਿਲਾਂ ਪਾਵੰਦਾ ਈ
ਭਾਓ ਭਾਵ ਦਾ ਰੱਬ ਭੁੱਖਾ, ਬਾਹਰੋਂ ਦੁਖ ਦੇਵੇ ਚਿੱਤ ਠੰਢਾ ਕਰਾਵੰਦੀ ਈ
ਮ੍ਹਾਣੂ ਮਾਣਸਾਂ ਰੱਬ ਤਸੀਹੇ ਦੇਵੇ, ਪਰ ਰੂਹ ਥੀਂ ਪੰਗ ਨਾ ਲਾਵੰਦਾ ਈ
ਰੂਹ ਰੱਬ ਦਾ ਹੋਵੇ ਹਿੱਸਾ, ਰੂਹ ਬਣਕੇ ਰੱਬ ਹਰ ਸ਼ੈ ਚ ਸਮਾਵੰਦਾ ਈ
ਜ਼ਰਾ ਕੁ ਰੂਹ ਥੀਂ ਠੇਸ ਪਹੁੰਚੇ, ਤਖ਼ਤ ਰੱਬ ਦਾ ਝੱਖੜ ਝੁਲਾਵੰਦਾ ਈ
ਰਾਈ ਦੁਖੜਾ ਲੋਕੋ ਰੂਹ ਵਾਲਾ, ਪਹਾੜ ਰੱਬ ਦਰਗਾਹ ਬਣ ਜਾਵੰਦਾ ਈ
ਜਦੋਂ ਭਾਣਾ ਰੱਬ ਦਾ ਬਰਤ ਗਿਆ, ਗੱਲ ਵਾਕਣ ਭਬੂਕੇ ਉੜਾਵੰਦਾ ਈ
ਸਹਿਤੀ ਨੂੰ ਇਕ ਫੁਰਨਾ ਫੁਰਿਆ, ਵਾਕ ਅੱਗਿਓਂ ਮੂੰਹ ਤੇ ਆਵੰਦਾ ਈ
ਆਖੇ ਨਾਗ ਭਾਬੀ ਨੂੰ ਡਸ ਗਿਆ, ਡੰਗ ਮਾਰ ਨਾਗ ਨੱਸ ਜਾਵੰਦਾ ਈ
ਕਈ ਮਾਂਦਰੀ ਸਪਾਧੇ ਬੁਲਾ ਘੱਤੇ, ਕੋਈ ਮੰਤਰ ਨ ਸੁੱਤੀ ਜਗਾਵੰਦਾ ਏ
ਪੜ੍ਹ ਮੰਤਰ ਮਾਂਦਰੀ ਭਬੂਤ ਛੱਡੇ, ਜਿਵੇਂ ਵਾਵਰੋਲਾ ਗਰਦ ਉੜਾਵੰਦਾ ਈ
ਵੈਦ ਮਾਂਦਰੀ ਹਾਰ ਖਾ ਭੱਜ ਨੱਸੇ, ਭੇਦ ਮਰਜ਼ ਦਾ ਕਿਸੇ ਨ ਆਵੰਦਾ ਈ
ਵਿਸ ਚੜ੍ਹੇ ਜੇ ਨਾਗ ਡੰਗਿਆ ਸੂ, ਡੰਗ ਇਸ਼ਕ ਹੀਰ ਥੀਂ ਖਾਵੰਦਾ ਈ
ਹੀਰ ਭੂਹੇ ਡਿਗੀ ਸੂ ਵਾਂਗ ਮੁਰਦੇ, ਭਲਾ ਮੋਇਆਂ ਕੋਈ ਜਗਾਵੰਦਾ ਈ
ਵਿਸ ਲੱਥੇ ਜੇ ਨਾਗ ਡੰਗ ਮਾਰੇ, ਨਾਗ ਇਸ਼ਕ ਦਾ ਸੁਰਤ ਗੁਆਵੰਦਾ ਈ
ਦੁਖ ਹੀਰ ਦਾ ਮਾਰਾ ਕਾਣਾ ਸੈਦਾ, ਮੁੜ ਜੋਗੀ ਦੇ ਬਾਗ ਨੂੰ ਧਾਵੰਦਾ ਈ
ਡੇਰੇ ਜੋਗੀ ਜਾ ਪਰਣਾਮ ਕੀਤੀ, ਸੈਦਾ ਅੱਖੀਆਂ ਭਰ ਭਰ ਆਵੰਦਾ ਈ
ਲਾਜ ਰੱਖ ਲੈ ਕਰਮਾਂ ਵਾਲੜਿਆ, ਸੈਦਾ ਬਿਰਥਾ ਜੋਗੀ ਸੁਣਾਵੰਦਾ ਈ
ਜੋਗੀ ਆਖਿਆ ਸੈਦਿਆ ਰੱਖ ਧੀਰਜ, ਰੱਬ ਸਭ ਦਾ ਭਲਾ ਮਨਾਵੰਦਾ ਈ

## 00

ਸਵਰਨ ਸਿੰਘਾ ਸੋਚ ਵਿਚਾਰ ਜ਼ਰਾ, ਭਲਾ ਤੈਨੂੰ ਸਮਝ ਕੀ ਆਵੰਦੀ ਏ
ਹੀਰ ਰਾਂਝਾ ਵਿਛੜੇ ਯਾਰ ਮਿਲੇ, ਚਿੱਤ ਤੇਰੇ ਕਿਉਂ ਅੱਗ ਭੜਕਾਵੰਦੀ ਏ
ਇੰਵ ਜਾਪਦਾ ਵਣ ਨੂੰ ਅੱਗੀ ਲੱਗੀ, ਨ੍ਹੇਰੀ ਵਾਂਕਣਾ ਭਾਂਬੜ ਬਣਾਵੰਦੀ ਏ
ਚਿੱਤ ਤੇਰੇ ਬੜੀ ਹੈਰਾਨਗੀ ਏ, ਭੈੜਾ ਜੱਗ ਆਸ਼ਿਕਾਂ ਬੁਰਾ ਮਨਾਵੰਦੀ ਏ
ਤੈਨੂੰ ਭਲਾ ਕਿਹੜੀ ਮਰਜ਼ ਲੱਗੀ, ਕਾਲੇ ਅੱਖਰਾਂ ਇਲਾਜ ਕਰਾਵੰਦੀ ਏ
ਅੱਜ ਦੱਸ ਖਾਂ ਮਰਜ਼ ਕਿਹੜੀ, ਜਿਹੜੀ ਚਿੱਤ ਨੂੰ ਪਈ ਭੜਕਾਵੰਦੀ ਏ
ਲੋਕੋ ਅਸਾਂ ਨ ਮਰਜ਼ ਇਲਾਜ ਕੋਈ, ਗੱਲ ਸੱਚ ਦੀ ਅਸਾਂ ਤੜਪਾਵੰਦੀ ਏ
ਸੱਚ ਲਿਖ ਕੇ ਸੱਚ ਭਾਖ ਕੇ ਈ, ਅਸਾਂ ਗਾਥਾ ਦੀ ਪੋਲ ਖੁਲ੍ਹਾਵੰਦੀ ਏ
ਚਿੱਤ ਆਖਿਆ ਛੁਪੀ ਕੱਢ ਬਾਹਰ, ਇਸ ਗੱਲ ਦੀ ਸੋਚ ਪਈ ਖਾਵੰਦੀ ਏ
ਵਿਚ ਸੁਪਨੇ ਅਸਾਂ ਡਿੱਠਾ ਰਾਂਝਾ, ਆਖੇ! ਦੁਨੀਆਂ ਸਾਡਾ ਭੇਸ ਬਦਲਾਵੰਦੀ ਏ
ਪੁੱਤ ਹਿੰਦੂਆਂ ਜੱਟ ਜ਼ਾਤ ਸਾਡੀ, ਕਲਮ ਵਾਰਸ ਸ਼ਾਹ ਮੋਮਨ ਬਣਾਵੰਦੀ ਏ
ਆਹ ਵੇਖ ਨਾਲ ਹੀਰ ਖਲੋਤੀ, ਉਹ ਭੀ ਕੀਰਨੇ ਦਮੋਦਰ ਕੂ ਪਾਵੰਦੀ ਏ
ਆਖਣ ਪਾਰ ਉਤਾਰਾ ਨਾ ਹੋ ਪਾਵੇ, ਭੈੜਾ ਸ਼ਾਇਰ ਮਜ਼੍ਹਬ ਬਦਲਾਵੰਦੀ ਏ
ਅਸਾਂ ਬੁੱਤ ਹਾਂ ਪੂਜਦੇ ਬੁੱਤ ਦੋਵੇਂ, ਇੰਵ ਦਿਲ ਕੂ ਦਿਲ ਮਿਲਾਵੰਦੀ ਏ
ਬੁੱਤ ਪੂਜ ਮਨਾਇਆ ਯਾਰ ਤਾਈਂ, ਲੁਕਾਈ ਬੁੱਤ ਪੂਜਣੋ ਹਟਾਵੰਦੀ ਏ
ਦੋਵੇਂ ਬੁੱਤ ਰੱਬ ਦੀ ਮੂਰਤ ਹਾਂ, ਬੁੱਤ ਪੂਜਾ ਮੋਮਨਾਂ ਨਹੀਂ ਭਾਵੰਦੀ ਏ
ਰੱਬ ਵਸਦਾ ਮੂਰਤਾਂ ਸੂਰਤਾਂ ਚ, ਦੁਨੀਆਂ ਐਵੇਂ ਪਈ ਨੱਕ ਰਗੜਾਵੰਦੀ ਏ
ਤੂੰ ਆਪਣੇ ਦਿਲ ਦੀ ਆਖ ਸਵਰਨ, ਭਲਾ ਤੈਨੂ ਸਾਡੀ ਗੱਲ ਭਾਵੰਦੀ ਏ?
ਤੂੰ ਇਹ ਮਸਲਾ ਚੁੱਕਿਆ ਈ, ਬਾਕੀ ਸ਼ਾਇਰ ਸਭਾ ਨਕਲਾਂ ਲਾਵੰਦੀ ਏ
ਵੇਖੀਂ ਤੂੰ ਭੀ ਨ ਕਿਧਰੇ ਬਦਲ ਜਾਵੀਂ, ਪਿੱਛੋਂ ਹੀਰ ਪਈ ਕੁਰਲਾਵੰਦੀ ਏ
ਸਾਡਾ ਪਾਰ ਉਤਾਰਾ ਕਰੂ ਕਿਹੜਾ, ਨਮਾਜ਼ ਪੜ੍ਹਨੀ ਅਸਾਂ ਨਾ ਆਵੰਦੀ ਏ
ਰਾਂਝਿਆਂ ਅਸਾਂ ਭੀ ਬਣੇ ਜੋਗੀ, ਕਲਮ ਇਸ਼ਕ ਦਾ ਜੋਗ ਲਿਖਾਵੰਦੀ ਏ
ਤੇਰੇ ਵਾਸਤੇ ਹੀਰੇ ਅਸਾਂ ਬਣੇ ਜੋਗੀ, ਸਾਰੇ ਜੱਗ ਤੋਂ ਨ ਕਲਮ ਡਰਾਵੰਦੀ ਏ
ਅਸਾਂ ਆਪਣਾ ਜ਼ੋਰ ਲਗਾ ਦਿੱਤਾ, ਹੀਰ ਰਾਂਝਾ ਹਿੰਦੂ ਕਾਵਿ ਲਿਖ ਪਾਵੰਦੀ ਏ



ਜੋਗੀ ਆਖਿਆ ਕੰਮ ਬੜਾ ਔਖਾ, ਭਲਾ ਮੋਇਆਂ ਜਾਨ ਕੋਈ ਪਾਵੰਦਾ ਈ?
ਆਪੇ ਸਾਜੇ ਨਵਾਜੇ ਆਪੇ ਜਾਨ ਕੱਢੇ, ਬਰਤੇ ਉਹ ਜੋ ਰੱਬ ਨੂੰ ਭਾਵੰਦਾ ਈ
ਤੇਰੇ ਜਿਹੇ ਸੈਦਿਆ ਲੱਖਾਂ ਇੱਥੇ, ਰੱਬ ਮੋਇਆਂ ਨ ਮੋੜ ਲਿਆਵੰਦਾ ਈ
ਪਹਿਲਾਂ ਜੰਮਣੋਂ ਮੌਤ ਲਿਖੀ ਹੋਵੇ, ਸਮਾਂ ਪਾ ਕੇ ਸਾਹ ਕੱਢ ਲੈ ਜਾਵੰਦਾ ਈ
ਭਲਾ ਦੱਸ ਜੇ ਮੋਇਆ ਮੁੜ ਆਵੇ, ਮੁੜ ਕੇ ਕੋਈ ਨ ਮਰਨਾਂ ਚ੍ਹਾਵੰਦਾ ਈ
ਕੋਈ ਮਰੇ ਨਾ ਆਬਾਦੀ ਵਧੀ ਜਾਵੇ, ਪੈਰ ਰੱਖਣ ਨੂੰ ਥਾਂ ਨ ਥਿਆਵੰਦਾ ਈ
ਤੂੰ ਆਪੇ ਸੋਚ ਵਿਚਾਰ ਜ਼ਰਾ, ਕੌਣ ਮੱਥੇ ਦੀਆਂ ਲਿਖੀਆਂ ਮਿਟਾਵੰਦਾ ਈ
ਆਪਣੇ ਮਤਲਬ ਨੂੰ ਜੱਗ ਬਣਾਇਆ ਈ, ਕਰੇ ਉਹ ਜੋ ਉਹਨੂੰ ਭਾਵੰਦਾ ਈ
ਰੱਬ ਇਕ ਤੇ ਉਹਦਾ ਨੀਅਮ ਇਕ, ਕਦੀ ਦੋ ਦੀ ਦੁਐਤ ਨ ਭਾਵੰਦਾ ਈ
ਇਕ ਇਕ ਤੇ ਦੋ ਹੋ ਜਾਣ ਗਿਆਰਾਂ, ਨੀਅਮ ਇਕ ਦਾ ਟੁੱਟ ਜਾਵੰਦਾ ਈ
ਤਰ੍ਹਾਂ ਤਰ੍ਹਾਂ ਦੇ ਮਜ਼੍ਹਬ ਬਣਾਏ ਲੋਕਾਂ, ਸੱਚੇ ਰੱਬ ਨੂੰ ਦਿਲੋਂ ਭੁਲਾਵੰਦਾ ਈ
ਮੋਇਆ ਜਗਾਵਣਾ ਰੱਬ ਤੌਹੀਨ ਸਮਝੇ, ਬਰਾਬਰੀ ਰੱਬ ਨ ਭਾਵੰਦਾ ਈ
ਭੈੜੇ ਤਬਰੇਜ਼ ਰੱਬ ਤੌਹੀਨ ਕੀਤੀ, ਪੁੱਤ ਰਾਜੇ ਦਾ ਜਿਉਂਦਾ ਕਰਾਵੰਦਾ ਈ
ਤਬਰੇਜ਼ ਆਖਿਆ ਬੱਚਾ ਉਠ ਰੱਬ ਭਾਣੇ, ਦੋ ਵਾਰ ਅਲਾਪ ਸੁਣਾਵੰਦਾ ਈ
ਜਦੋਂ ਵੇਖਿਆ ਬੱਚਾ ਨ ਉਠਿਆ ਸੂ, ਫਿਰ ਆਪਣਾ ਹੁਕਮ ਅਲਾਵੰਦਾ ਈ
ਹੁਕਮ ਮੇਰਾ ਈ ਬੱਚਾ ਉਠ ਸੁਣ ਕੇ, ਰੱਬ ਮੁਰੀਦਾਂ ਦੀ ਸੁਣ ਪਾਵੰਦਾ ਈ
ਜ਼ੋਰਾ ਜਰਵੀ ਰੱਬ ਅਸੂਲ ਤੋੜੇ, ਇੰਤਜ਼ਾਮ ਜੱਗ ਦਾ ਉਲਟ ਹੋ ਜਾਵੰਦਾ ਈ
ਬੱਚਾ ਉਠ ਖਲੋਤਾ ਸੁਣ ਹਾਕਮ, ਪਰ ਸੱਚੇ ਰੱਬ ਅਜਿਹਾ ਨ ਭਾਵੰਦਾ ਈ
ਜੱਗ ਜਾਣਦਾ ਤਬਰੇਜ਼ ਕੂ ਕੀ ਹੋਇਆ, ਜ਼ਮਾਨਾਂ ਪੁੱਠੀ ਖੱਲ ਲੁਹਾਵੰਦਾ ਈ
ਉਹਨੂੰ ਜਾਨ ਬਖਸੇ ਮੇਰੀ ਜਾਨ ਕੱਢੇ, ਇਕ ਬਦਲੇ ਦੂਜਾ ਲੈ ਜਾਵੰਦਾ ਈ
ਅੱਗੇ ਜੋਗੀ ਦੇ ਹ੍ਹਾੜੇ ਕੱਢੇ ਸੈਦਾ, ਹੋਰ ਵਸ ਨ ਉਹਦਾ ਕੋਈ ਜਾਵੰਦਾ ਈ
ਤੱਕ ਸੈਦੇ ਦਾ ਹਾਲ ਬੇਹਾਲ ਹੋਇਆ, ਜੋਗੀ ਅੰਤ ਨੂੰ ਰਾਜ਼ੀਹੋ ਜਾਵੰਦਾ ਈ
ਤੇਰੇ ਵਾਸਤੇ ਸੈਦਿਆ ਮੈਂ ਦੁਖ ਝੱਲਾਂ, ਜੋਗੀ ਸੈਦੇ ਥੀਂ ਆਖ ਸੁਣਾਵੰਦਾ ਈ
ਮੋਈ ਹੀਰ ਥੀਂ ਜਿਉਂਦਾ ਕਰ ਦੇਸਾਂ, ਜੋਗੀ ਸੈਦੇ ਕੂ ਆਖ ਸੁਣਾਵੰਦਾ ਈ

ਜੋਗੀ ਆਖਿਆ ਗੱਲ ਗੋਲ ਮੋਲ ਕਰਕੇ, ਲਾਸ਼ ਹੋਵੇ ਜੋਗੀ ਦੇ ਕੋਲ ਸੈਦੇ
ਬੰਦ ਕੋਠੜੀ ਵਿਚ ਇਲਾਜ ਕਰਸਾਂ, ਫੜਕੇ ਕੋਈ ਨਾ ਕੋਠੜੀ ਕੋਲ ਸੈਦੇ
ਮਾਣਸ ਕੋਈ ਨ ਕੋਠੜੀ ਮੁੱਢ ਆਵੇ, ਗੱਲ ਜੋਗੀ ਆਖ ਦਿੱਤੀ ਖੋਲ੍ਹ ਸੈਦੇ
ਕੋਈ ਆਇਆ ਹੀਰ ਨ ਸਾਹ ਆਵੇ, ਗੱਲ ਕੀਤੀ ਜੋਗੀ ਗੋਲ ਮੋਲ ਸੈਦੇ
ਸੱਤ ਬਚਨ ਆਖ ਸਵੀਕਾਰ ਕੀਤਾ, ਧੂਣੀ ਜੋਗੀ ਦੀ ਆਪ ਜਗਾਈ ਸੈਦੇ
ਜੋਗੀ ਉਚੱਾ ਅਲਾਪ ਅਲਾਉਣ ਲੱਗਾ, ਗੱਲ ਕੋਈ ਸਮਝ ਨ ਆਈ ਸੈਦੇ
ਹੱਥ ਜੋੜ ਜੋਗੀ ਅੱਗੇ ਰਗੜ ਮੱਥਾ, ਅੰਤ ਜੋਗੀ ਤੋਂ ਪਾਈ ਰਿਹਾਈ ਸੈਦੇ
ਬੰਦ ਕੋਠੜੀ ਸੈਦੇ ਤਿਆਰ ਕੀਤੀ, ਜੋਗੀ ਨੂੰ ਇਤਲਾਹ ਪਹੁੰਚਾਈ ਸੈਦੇ
ਲਾਸ਼ ਹੀਰ ਦੀ ਸੰਗ ਜੋਗੜਾ ਸੂ, ਚਾਰ ਭਰਾਵਾਂ ਅਰਥੀ ਪਹੁੰਚਾਈ ਸੈਦੇ
ਪਹਿਲੇ ਪਹਿਰੇ ਇਲਾਜ ਹੋਣ ਲੱਗਾ, ਜੋਗੀ ਆਸ਼ਕੀ ਲੜੀ ਲਗਾਈ ਸੈਦੇ
ਦੂਜੇ ਪਹਿਰੇ ਪਸੂ ਨ ਪੰਛੀ ਫੜਕਣ, ਕੁੱਤੇ ਗਿਦੱੜਾਂ ਪਾਈ ਦੁਹਾਈ ਸੈਦੇ
ਅੱਧੀ ਰਾਤ ਲੰਘ ਪਹਿਰੇਦਾਰ ਆਵੇ, ਜਾਗਦੇ ਰਹੋ ਅਲਖ਼ ਜਗਾਈ ਸੈਦੇ
ਤੱਕੀ ਘੁਸਰ ਮੁਸਰ ਬੰਦ ਕੋਠੜੀ ਚ, ਪਹਿਰੇਦਾਰ ਮਚਾਈ ਦੁਹਾਈ ਸੈਦੇ
ਚੋਰ ਉਚੱਕੇ ਬੈਠੇ ਪਾੜ ਲਾਈ, ਉੱਚਾ ਬੋਲ ਪਹਿਰੇਦਾਰ ਸੁਣਾਈ ਸੈਦੇ
ਕੀ ਹੋ ਰਿਹੈ ਜੋਗੀ ਕੀ ਕਰਦੈ, ਪਿੰਡ ਵਾਲਿਆਂ ਖਬਰ ਨ ਕਾਈ ਸੈਦੇ
ਹੀਰ ਰਾਂਝਾ ਦੋਵੇਂ ਮਨਾਉਣ ਰਲੀਆਂ, ਮਨ ਭਾਈ ਉਨ੍ਹਾਂ ਮਨਾਈ ਸੈਦੇ
ਅੱਖ ਅੱਖਾਂ ਚ ਹੀਰ ਦੇ ਪਾ ਜੋਗੀ, ਪਲਕਾਂ ਸੰਗ ਪਲਕ ਮਿਲਾਈ ਸੈਦੇ
ਖਿਜ਼ਾਂ ਚ ਜਿਵੇਂ ਬਹਾਰ ਆਈ, ਇਸ਼ਕ ਆਸ਼ਿਕਾਂ ਮਹਿਕ ਫੈਲਾਈ ਸੈਦੇ
ਮਾਹ ਚੇਤ ਬਹੁ ਫੁੱਲ ਖਿੜਦੇ, ਜੋਗੀ ਕਲੀਆਂ ਦੀ ਸੇਜ ਵਛਾਈ ਸੈਦੇ
ਇਕ ਲੱਥੇ ਇਕ ਚੜ੍ਹੇ ਸੈਦੇ, ਮੌਤ ਹੀਰ ਦਾ ਡਰ ਜਾਵੇ ਖਾਈ ਸੈਦੇ
ਕਿਸੇ ਮਾਂਦਰੀ ਨਹੀਂ ਇਲਾਜ ਕੀਤੋ, ਜੋਗੀ ਦਰ ਬੇਨਤੀ ਪਾਈ ਸੈਦੇ
ਤਾਜ਼ੇ ਮੇਵੇ ਤੇ ਦੁੱਧ ਬੂਰੀਆਂ ਦਾ, ਬੰਦ ਕੋਠੜੀ ਵਿਚ ਪਹੁੰਚਾਈ ਸੈਦੇ
ਕੱਟੇ ਬੱਛੇ ਘਰ ਦੇ ਮਰਨ ਭੁੱਖੇ, ਦੁੱਧ ਹੀਰ ਦਰ ਚੜ੍ਹਤ ਚੜ੍ਹਾਈ ਸੈਦੇ
ਜੁਆਨ ਹੀਰ ਜੁਆਨ ਸੂ ਜੋਗੀ, ਮਾਰੇ ਦੁਖ ਦੇ ਸ਼ੱਕ ਨਾ ਆਈ ਸੈਦੇ
ਜੋ ਹੋਣਾ ਈ ਰੱਬ ਭਲਾ ਕਰਸੀ, ਸੱਚੇ ਰੱਬ ਦੀ ਓਟ ਲਗਾਈ ਸੈਦੇ
ਸੁਖੀ ਕਦੀ ਰੱਬ ਨ ਕਰੇ ਚੇਤੇ, ਦੁਖੀ ਰੱਬ ਦੀ ਯਾਦ ਸਤਾਈ ਸੈਦੇ
ਅਮੀਰ ਦਾ ਰੱਬ ਮਾਲ ਟੁੱਕਰ, ਹੱਥ ਰੱਬ ਅਗੇ ਗਰੀਬਾਂ ਡ੍ਹਾਈ ਸੈਦੇ
ਦੋਵੇਂ ਵੇਲੇ ਰੱਬ ਨੂੰ ਯਾਦ ਕਰਦਾ, ਬਹਿ ਹਿੰਦੂ ਚਲੀਸਾ ਮਨਾਈ ਸੈਦੇ
ਸਾਰਾ ਦਿਨ ਵਿਚਾਰਾ ਕਰੇ ਮਿਹਨਤ, ਖੱਟ ਵੱਟ ਹੀਰ ਖੁਆਈ ਸੈਦੇ



**00**

ਤੀਹ ਦਿਨ ਇਹ ਦਾ ਇਲਾਜ ਹੋਸੀ, ਬੰਦ ਕੋਠੜੀ ਵਿਚ ਹੀਰ ਪਾਈ ਏ
ਨ੍ਹੇਰ ਸਵੇਰ ਕਾਲੇ ਨਾਗ ਨਿਕਲਣ, ਡੰਗ ਮਾਰ ਜ਼ਹਿਰ ਖਿੱਚ ਪਾਈ ਏ
ਜੇ ਕਿਸੇ ਵੀ ਕੋਠੜੀ ਚ ਝਕਿਆ ਸੂ, ਵੂਹਟੀ ਮੁੜ ਕੇ ਸਾਹ ਨ ਆਈ ਏ
ਪਹਿਲਾਂ ਕਾਣਾ ਛੜਾ ਛਾਂਗ ਸੈਂ ਤੂੰ, ਰੰਡਾ ਹੋਣ ਦੀ ਵਾਰੀ ਮੁੜ ਆਈ ਏ
ਲੀਕ ਮਾਰ ਜੋਗੀ ਹਦਾਇਤ ਕੀਤੀ, ਲੀਕੋਂ ਪਾਰ ਪੈਰ ਕਿਸੇ ਨ ਪਾਈ ਏ
ਕਾਰ ਰਾਮ ਦੀ ਉਸ ਲਾ ਛੱਡੀ, ਪਾਰ ਜਾ ਕੇ ਕੋਈ ਨ ਵਾਪਸ ਆਈ ਏ
ਸੈਦੇ ਆਖਿਆ ਸੱਤ ਬਚਨ ਜੋਗੀ, ਤੀਹ ਦਿਨ ਦੀ ਰਸਦ ਪਹੁੰਚਾਈ ਏ
ਚਿੱਤ ਸੋਚਿਆ ਹੀਰ ਇਲਾਜ ਹੋਸੀ, ਚਿੱਤ ਆਪਣੇ ਖੁਸ਼ੀ ਮਨਾਈ ਏ
ਵਿਚ ਹਨ੍ਹੇਰੇ ਅੱਖਾਂ ਖੋਲ੍ਹੀਆਂ ਸੂ, ਹੀਰ ਯਾਰ ਕੂ ਗਲਵੱਕੜੀ ਪਾਈ ਏ
ਕਿੱਥੇ ਗਿਆ ਸੈਂ ਮੇਰੇ ਰਾਂਝਣਾ ਓਏ, ਤੇਰੇ ਬਾਝੋਂ ਮੈਂ ਹੋਈ ਪਰਾਈ ਵੇ
ਤੱਕ ਯਾਰ ਥੀਂ ਦੁਖ ਸਭ ਭੁੱਲ ਗਏ, ਜੋੜ ਬੁਲ੍ਹੀਆਂ ਇਸ਼ਕ ਲੜਾਈ ਏ
ਉਠ ਦੋਹਾਂ ਹਨੇਰ ਸਵੇਰ ਵੇਲੇ, ਜੰਗਲ ਪਾਣੀ ਲਈ ਕੀਤੀ ਚੜ੍ਹਾਈ ਏ
ਰਾਤੀਂ ਚਿੜੀਆਂ ਉਲੂੱ ਸ਼ਿਕਾਰ ਕਰਦੇ, ਨ੍ਹੇਰੇ ਪੰਛੀਆਂ ਨਜ਼ਰ ਨ ਆਈ ਏ
ਪਿੰਡ ਖੇੜਿਆਂ ਹੋਇਆ ਅੰਨ੍ਹਾਂ, ਮਾਣਸ ਗਲੀਆਂ ਚ ਨਜ਼ਰ ਨ ਆਈ ਏ
ਰਹੋ ਜਾਗਦੇ ਪਹਿਰੇਦਾਰ ਦਵੇ ਪਹਿਰਾ, ਹੋਕਾ ਲਾ ਲਾ ਲੋਕਾਂ ਸੁਣਾਈ ਏ
ਪਿੰਡ ਖੇੜਿਓ ਸਾਵਧਾਨ ਹੋਵੋ, ਗੱਲ ਚੌਕੀਦਾਰ ਲੋਕਾਂ ਦੇ ਕੰਨ ਪਾਈ ਏ
ਦਿਨ ਦਿਹਾੜੇ ਡਾਕੇ ਵੱਜਦੇ ਈ, ਡਰਪੋਕ ਚੋਰ ਰਾਤੀਂ ਪਾੜ ਲਾਈ ਏ
ਭਾਣਾ ਰੱਬ ਦਾ ਬਰਤ ਗਿਆ, ਪਹਿਰੇਦਾਰ ਗੱਲੀਂ ਗੱਲ ਸਮਝਾਈ ਏ
ਵਚਨ ਰਾਂਝੇ ਆਖਿਆ ਹੀਰ ਤਾਈਂ, ਗੱਲ ਦਿਲ ਦੀ ਆਖ ਸੁਣਾਈ ਏ
ਰਾਂਝੇ ਆਖਿਆ ਹੀਰ ਮੰਨ ਲਿਆ, ਗੱਲ ਦੋਹਾਂ ਨੇ ਇਕ ਦੁਹਰਾਈ ਏ
ਨੱਸ ਚੱਲੀਏ ਛੱਡ ਕੇ ਖੇੜਿਆਂ ਨੂੰ, ਹਨੇਰੀ ਰਾਤ ਅੱਗਿਓਂ ਆਈ ਏ
ਅਗਲੀ ਰਾਤ ਦੋਵੇਂ ਨੱਸ ਨਿਕਲੇ, ਘੱਤ ਵਹੀਰ ਹਜ਼ਾਰੇ ਵੱਲ ਪਾਈ ਏ
ਜੰਗਲ ਕਜਲੀ ਉਤੋਂ ਨ੍ਹੇਰੀ ਰਾਤ ਸ਼ੂਕੇ, ਰਾਹ ਨਾ ਉਨ੍ਹਾਂ ਥਿਆਈ ਏ
ਰਾਤ ਸਾਰੀ ਜੰਗਲ ਗੁਜ਼ਾਰ ਛੱਡੀ, ਉਤੋਂ ਮੱਛਰਾਂ ਜਾਨ ਕਢਾਈ ਈ
ਜਦੋਂ ਵੇਖਿਆ ਜ਼ਰਾ ਨ ਵਾਹ ਚੱਲੇ, ਖੇੜੀਂ ਮੁੜ ਕੇ ਸ਼ੁਕਰ ਮਨਾਈ ਏ
ਹੋਵੇ ਖੁਦਾ ਖੁਦੀ ਦਾ ਵੈਰ ਲੋਕੋ, ਸਭ ਕੁਝ ਵਾਪਰਦਾ ਰੱਬ ਰਜਾਈ ਏ

## 00

ਅਗਲੀ ਰਾਤ ਜੰਗਲ ਪਾਣੀ ਦੇ ਬਹਾਨੇ, ਹੀਰ ਰਾਂਝਾ ਦੋਵੇਂ ਰਵਾਨ ਹੋ ਗਏ
ਕੱਚੇ ਪੈਰਾਂ ਦੇ ਕੱਚੇ ਵਾਟ ਦੇ ਸੂ, ਥੱਕ ਟੁੱਟ ਭੁੱਖ ਦੇ ਮਾਰੇ ਪ੍ਰੇਸ਼ਾਨ ਹੋ ਗਏ
ਲੰਮੀਂ ਵਾਟ ਨੇ ਬੜਾ ਥਕਾਇਆ ਸੂ, ਲੰਮੀਆਂ ਤਾਣ ਅਣਜਾਣ ਹੋ ਗਏ
ਪਹਿ ਫੁੱਟੀ ਨੀਂਦਰਾਂ ਘੇਰਿਆ ਸੂ, ਰੁੱਖ ਹੇਠ ਸੁੱਤੇ ਪਹਿਚਾਣ ਹੋ ਗਏ
ਸੁਣ ਪਹਿਰੇਦਾਰ ਲੋਕਾਂ ਵਿਚਾਰ ਕੀਤਾ, ਇਹ ਤੇ ਗੜਬੜ ਜਾਪਦੀ ਏ
ਕੋਠੜੀ ਵੇਖੀਏ ਚਲੋ ਜਾ ਕੇ, ਗੱਲ ਹੋਰ ਦੀ ਨਹੀਂ ਖੇੜਿਓ ਆਪ ਦੀ ਏ
ਖੋਲ੍ਹ ਬੂਹਾ ਅੰਦਰ ਤੱਕਿਆ ਸੂ, ਗੱਲ ਸਿਆਣੇ ਆਖੀ ਸੱਚ ਭਾਸਦੀ ਏ
ਖਾਧਾ ਔਲਾ ਆਖਿਆ ਸਿਆਣੇ ਦਾ, ਸੁਆਦ ਪਿੱਛੋਂ ਖਾਣ ਦੇ ਭਾਸਦੀ ਏ
ਉਸੇ ਰਾਤ ਰਾਮੂ ਸਹਿਤੀ ਨੂੰ ਲੈ ਭੱਜਾ, ਚੜ੍ਹਦੀ ਵੱਲ ਲੈ ਧਾਇਆ ਸੂ
ਨੱਸ ਗਏ ਦੋਵੇਂ ਚੜ੍ਹ ਡਾਚੀ ਤੇ, ਸਾਰ ਕਿਸੇ ਨਾ ਉਨ੍ਹਾਂ ਦਾ ਪਾਇਆ ਸੂ
ਸਾਰੇ ਪਿੰਡ ਚ ਰੌਲਾ ਪੈ ਗਿਆ, ਵੰਨੇ ਚੰਨੇ ਢੰਡੋਰਾ ਪਿਟਾਇਆ ਸੂ
ਜੋਗੀ ਹੀਰ ਉੜਾ ਕੇ ਲੈ ਗਿਆ, ਪਿੰਡ ਚ ਨਗਾਰਾ ਵਜਾਇਆ ਸੂ
ਸਾਰਾ ਪਿੰਡ ਚਾਰੇ ਵੰਨੇ ਨੱਸ ਟੁਰਿਆ, ਚਾਇਆ ਜੋ ਹੱਥ ਆਇਆ ਸੂ
ਹੀਰ ਰਾਂਝੇ ਦੀ ਅੱਖ ਖੁੱਲ੍ਹੀ, ਦੋਹਾਂ ਪਿਆਰ ਚ ਜੱਫੀਆਂ ਪਾਈਆਂ ਸੂ
ਸੁਫਨੇ ਚ ਜਿਵੇਂ ਯਾਰ ਮਿਲੇ, ਸੱਚੇ ਰੱਬ ਨੇ ਨਿਹਮਤਾਂ ਲਾਈਆਂ ਸੂ
ਭੁੱਖੇ ਭਾਣੇ ਹੱਥ ਚ ਪਾ ਹੱਥ, ਉਨ੍ਹਾਂ ਕੀਤੀਆਂ ਫਿਰ ਚੜ੍ਹਾਈਆਂ ਸੂ
ਪੈਰ ਪੈਰ ਤੇ ਇਸ਼ਕ ਲੜਾਉਣ ਨੱਢੇ, ਇਸ਼ਕ ਚ ਵਾਟਾਂ ਭੁਲਾਈਆਂ ਸੂ
ਰਾਹ ਟੁਰਦੇ ਵੇਖਿਆ ਰਾਹੀਆਂ ਨੇ, ਕੋਤਵਾਲ ਥੀਂ ਸੂਹਾਂ ਪਹੁੰਚਾਈਆਂ ਸੂ
ਰਾਹੀਆਂ ਵੇਖਿਆ ਹੀਰ ਤੇ ਰਾਂਝੇ ਨੂੰ, ਗਲਵੱਕੜੀ ਦੋਹਾਂ ਪਾਈਆਂ ਸੂ
ਅੱਖੀਂ ਵੇਖਿਆ ਹਾਲ ਸੁਣਾਇਆ ਸੂ, ਤੁਹਮਤਾਂ ਕਿਸੇ ਨ ਲਾਈਆਂ ਸੂ
ਕੋਈ ਆਖੇ ਜੋੜਾ ਹੰਸਾਂ ਦਾ, ਮਾਨ ਸਰੋਵਰ ਵੱਲ ਕੀਤੀ ਚੜ੍ਹਾਈਆਂ ਸੂ
ਕੋਈ ਆਖੇ ਕਾਮ ਦੇ ਵਸ ਦੋਨੋਂ, ਇਸ ਵਾਸਤੇ ਜੱਫੀਆਂ ਪਾਈਆਂ ਸੂ
ਅੱਖੀਂ ਵੇਖਿਆ ਹਾਲ ਸੁਣਾਇਆ ਸੂ, ਮਨ ਭਾਈਆਂ ਆਖ ਸੁਣਾਈਆਂ ਸੂ



## 00

ਸਾਹਿਤਕਾਰੋ ਗੱਲ ਵਧਾਓ ਅੱਗੇ, ਰਾਮੂ ਬ੍ਰਾਮਣ ਸਹਿਤੀ ਯਾਰ ਹੋਵੇ
ਰਾਮੂ ਭੱਜਿਆ ਚੁੱਕ ਸਹਿਤੀ, ਪਿੰਡ ਖੇੜੇ ਨ ਉਹਦੀ ਵਿਚਾਰ ਹੋਵੇ
ਸਾਰਾ ਪਿੰਡ ਹੀਰ ਦੇ ਮਗਰ ਨੱਸਾ, ਫੌਜ ਵਾਕਣ ਮਾਰੋ ਮਾਰ ਹੋਵੇ
ਜੱਟ ਨੀਵੇਂ ਪੰਡਤਾਂ ਜ਼ਾਤ ਉਚੀ, ਇਸ਼ਕ ਪੰਡਤ ਜੱਟ ਸਹਾਰ ਹੋਵੇ
ਜੱਟ ਪੰਡਤਾਂ ਕਰਜ਼ ਹੇਠ ਦੱਬੇ, ਪੈਸਾ ਰੁਪਿਆ ਵਿਆਜ ਅਧਾਰ ਹੋਵੇ
ਲਿਖਣ ਲੰਡੇ ਜੱਟ ਨ ਸਮਝ ਆਵੇ, ਦੇਣ ਸੌ ਤੇ ਲਿਖ ਹਜ਼ਾਰ ਹੋਵੇ
ਪੰਡਤ ਹਿਸਾਬ ਦੇ ਹੋਣ ਪੱਕੇ, ਜੱਟਾਂ ਕੋਲੋਂ ਨਾ ਕਰਜ਼ ਉਤਾਰ ਹੋਵੇ
ਪੰਡਤ ਖੱਤਰੀ ਕਰਨ ਕਰਾੜ ਪੰਥੀ, ਜੱਟ ਨਾ ਉਨ੍ਹਾਂ ਇਤਬਾਰ ਹੋਵੇ
ਕਦੀ ਵੇਖਿਆ ਕਰਾੜ ਪੂਰਾ ਤੋਲੇ, ਪਿੱਛੇ ਤੱਕੜੀ ਪਾਸਕ ਭਾਰ ਹੋਵੇ
ਬ੍ਰਾਮਣਾ ਟਕਾ ਕਮਾਉਣਾ ਈ, ਪੁੱਤ ਰੱਬ ਦਾ ਭਾਵੇਂ ਮੌਤ ਸ਼ਿਕਾਰ ਹੋਵੇ
ਗੰਗੂ ਰੱਬ ਦੇ ਪੁੱਤ ਫੜਾ ਦਿੱਤੇ, ਪੰਜ ਸੌ ਬਦਲੇ ਧਰਮ ਬੇਕਰਾਰ ਹੋਵੇ
ਜੱਟ ਨਿੱਤ ਮਾਰ ਖਾਣ ਬ੍ਰਾਮਣਾਂ ਤੋਂ, ਟਕਾ ਪੈਸਾ ਨ ਕਿਤੋਂ ਦਰਕਾਰ ਹੋਵੇ
ਜ਼ਾਤ ਉਚੀ ਪੰਡਤ ਅਖਵਾਉਂਦਾ ਈ, ਉਚੀ ਜ਼ਾਤ ਦਾ ਉਸ ਹੰਕਾਰ ਹੋਵੇ
ਜੱਟ ਪੰਡਤਾਂ ਸਰਾਧ ਖੁਆਵੰਦੇ ਏ, ਜੇ ਪਿੱਤਰਾਂ ਤਾਈਂ ਉਧਾਰ ਹੋਵੇ
ਜਿਉਂਦੇ ਜੀ ਪਾਣੀ ਨ ਮੂੰਹ ਰੱਖਣ, ਗੱਲ ਪੰਡਤ ਜੱਟ ਸਹਾਰ ਹੋਵੇ
ਜੱਟ ਹੋਣ ਲੜਨ ਭਿੜਨ ਵਾਲੇ, ਭੁੱਖਾ ਜੱਟ ਲੜਨ ਨੂੰ ਤਿਆਰ ਹੋਵੇ
ਖੇੜੇ ਹਿੰਦੂ ਰਾਮੂ ਭੀ ਹਿੰਦੂ, ਬ੍ਰਾਮਣ ਸਹਿਤੀ ਵਰ ਸਵੀਕਾਰ ਹੋਵੇ
ਕਿਸੇ ਨਾ ਸਹਿਤੀ ਦਾ ਕੀਤਾ ਪਿੱਛਾ, ਹੀਰ ਦੇ ਮਗਰ ਮਾਰੋ ਮਾਰ ਹੋਵੇ
ਮੁਹਮੰਦ ਤੋੜੇ ਬੁੱਤ ਹਿੰਦੂਆਂ ਦੇ, ਨਿੱਤ ਜੁੱਧ ਬੁੱਤਘੜ ਬੁੱਤਖ਼ਾਰ ਹੋਵੇ
ਮੋਮਨ ਕਦੀ ਨ ਮੰਨਦੇ ਬ੍ਰਾਮਣਾ ਨੂੰ, ਸੁਣੋ ਪਾੜ੍ਹਿਓ ਸੋਚ ਵਿਚਾਰ ਹੋਵੇ
ਹਿੰਦੂ ਹਿੰਦੂਆਂ ਸਵੀਕਾਰ ਕੀਤਾ, ਹਿੰਦੂ ਮੋਮਨਾ ਤੋਂ ਨ ਸਹਾਰ ਹੋਵੇ
ਪਿੱਛਾ ਕੀਤਾ ਖੇੜਿਆਂ ਰਾਂਝੇ ਦਾ, ਰਾਂਝਾ ਚਾਕ ਉਨ੍ਹਾਂ ਬੇਕਾਰ ਹੋਵੇ
ਕੰਮ ਨੀਵਾਂ ਜ਼ਾਤ ਨੀਵੀਂ ਹੋਸੀ, ਵਰ ਹੀਰ ਨ ਰਾਂਝਾ ਸਹਾਰ ਹੋਵੇ
ਜੱਟ ਕੱਢ ਗੰਡਾਸਾ ਸਿਰ ਕੱਪਣ, ਬੁਰਜ ਲਾਹੌਰ ਭਾਵੇਂ ਸਰਦਾਰ ਹੋਵੇ
ਤਖ਼ਤ ਦਿੱਲੀ ਜੱਟ ਹਿਲਾ ਦੇਂਦੇ, ਇਸ਼ਕ ਹਿੰਦੂ ਨ ਮੋਮਨ ਸਹਾਰ ਹੋਵੇ

## 00

ਜਾ ਤੜਕੇ ਕੌਣ ਇਤਲਾਹ ਦੇਵੇ, ਰਾਜੇ ਰਾਣੀਆਂ ਰੰਗ ਰਲੀਆਂ ਮਾਣਦੇ ਸੂ
ਸੁੰਦਰ ਬਾਣੇ ਸੁੰਦਰ ਸ਼ਕਲ ਸੂਰਤ, ਰਾਜੇ ਰਾਣੀਆਂ ਹਾਣ ਪਰਵਾਣ ਦੇ ਸੂ
ਕੋਤਵਾਲ ਸੁਣਿਆਂ ਲਿਖ ਲਿੱਤਾ, ਰੋਜ਼ ਨਾਮਚੇ ਚ ਦਰਜ ਕਰਾਵੰਦੇ ਸੂ
ਦਸ ਵੱਜੇ ਕਚਹਿਰੀ ਸਜ ਗਈ, ਫੌਜਦਾਰ ਕਚਹਿਰੀ ਵੱਲ ਧਾਵੰਦੇ ਸੂ
ਰਾਜਾ ਤੁਰਕ ਇਨਸਾਫ ਮੋਮਨਾਂ ਦਾ, ਕਾਜ਼ੀ ਸ਼ਰ੍ਹਾ ਇਨਸਾਫ ਸੁਣਾਵੰਦੇ ਸੂ
ਹੋਵੇ ਆਲਮ ਫਾਜ਼ਿਲ ਉਚ ਬੋਲੜਾ ਜੋ, ਤਿਸ ਤਾਈਂ ਕਾਜ਼ੀ ਬਣਾਵੰਦੇ ਸੂ
ਸਜ਼ਾ ਮੋਮਨਾਂ ਦੀ ਸ਼ਰ੍ਹਾ ਸ਼ਰੀਅਤ, ਜਿਵੇਂ ਲਿਖਿਆ ਪੜ੍ਹ ਸੁਣਾਵੰਦੇ ਸੂ
ਕਾਜ਼ੀ ਹੋਣ ਸਿਆਸਤਦਾਨ ਲੋਕੋ, ਸਮਾਂ ਤਾੜ ਇਨਸਾਫ ਸੁਣਾਵੰਦੇ ਸੂ
ਰਾਜੇ ਆਉਣ ਦਾ ਵਕਤ ਹੋਇਆ, ਰਾਜਾ ਪਹੁੰਚਿਆ ਸਭ ਉਠ ਜਾਵੰਦੇ ਸੂ
ਰਾਜਾ ਆਪਣੀ ਗੱਦੀ ਤੇ ਬੈਠ ਗਿਆ, ਸਭ ਦੁਆ ਸਲਾਮ ਬੁਲਾਵੰਦੇ ਸੂ
ਕਚਹਿਰੀ ਲੱਗੀ ਮੁਕੱਦਮੇ ਲੱਗੇ ਭੁਗਤਣ, ਮੁਨਸ਼ੀ ਗੁਨਾਹ ਸੁਣਾਵੰਦੇ ਸੂ
ਇਕ ਮੁੱਕਿਆ ਦੂਜਾ ਸ਼ੁਰੂ ਹੋਇਆ, ਕਾਜ਼ੀ ਫੈਸਲਾ ਕੱਢ ਸੁਣਾਵੰਦੇ ਸੂ
ਰੋਜ਼ਨਾਮਚਾ ਖੋਲ੍ਹ ਕੋਤਵਾਲ ਉਠੱ, ਪੜ੍ਹ ਲਿਖਿਆ ਹਾਲ ਸੁਣਾਵੰਦੇ ਸੂ
ਮੁਨਸ਼ੀ ਨੇ ਮਾਮਲਾ ਦਰਜ ਕੀਤਾ, ਲਿਖ ਛੱਡਿਆ ਜੋ ਲੋਕ ਸੁਣਾਵੰਦੇ ਸੂ
ਰਾਜੇ ਆਖਿਆ ਫੜ ਲਿਆਓ ਦੋਹਾਂ, ਸਪਾਧੇ ਦੋਹਾਂ ਬੰਨ੍ਹ ਲਿਆਵੰਦੇ ਸੂ
ਰਾਜੇ ਆਖਿਆ ਅਮਨ ਭੰਗ ਕੀਤੋ, ਬੰਦ ਜੇਲ੍ਹ ਵਿਚ ਦੋਹਾਂ ਕਰਾਵੰਦੇ ਸੂ
ਭੁੱਖੇ ਭਾਣੇ ਨੀਂਦ ਨੇ ਕੁੱਟਿਆ ਸੁ, ਕੋਣੇ ਲੱਗ ਕੇ ਦੋਵੇਂ ਬਹਿ ਜਾਵੰਦੇ ਸੂ
ਦੋਵੇਂ ਸੋਚਦੇ ਕੀ ਕਸੂਰ ਸਾਡਾ, ਜਾਂਦੇ ਰਾਹੀਆਂ ਜੇਲ੍ਹ ਫੜ ਪਾਵੰਦੇ ਸੂ
ਕੋਤਵਾਲ ਨੇ ਦੂਰੋਂ ਹਾ ਹਾ ਕਾਰ ਸੁਣੀ, ਉਸ ਸੋਚਿਆ ਧਾੜਵੀ ਆਵੰਦੇ ਸੂ
ਝੱਟ ਪੱਟ ਸਪਾਧਾ ਘੱਲਿਆ ਸੁ, ਖਬਰ ਵਜੀਰ ਦੇ ਤਾਈਂ ਪਹੁੰਚਾਵੰਦੇ ਸੂ
ਨਗਾਰਾ ਵੱਜਿਆਂ ਢੰਡੋਰਾ ਪਿੱਟਿਆ ਸੁ, ਵਜੀਰ ਐਲਾਨੇ ਜੰਗ ਕਰਾਵੰਦੇ ਸੂ
ਕੋਤਵਾਲ ਸੋਚਾਂ ਸੋਚਦਾ ਸੀ, ਕਈ ਸੈਂਕੜੇ ਬੰਦੇ ਉਥੇ ਪਹੁੰਚ ਜਾਵੰਦੇ ਸੂ
ਉਨ੍ਹਾਂ ਦੱਸਿਆ ਚੜ੍ਹਾਈ ਦਾ ਕਾਰਨ, ਮੂੰਹ ਆਈ ਗੱਲ ਸਭ ਸੁਣਾਵੰਦੇ ਸੂ
ਕੋਤਵਾਲ ਦੁਬਾਰਾ ਫਿਰ ਘੱਲ ਸੱਦਾ, ਡੱਗਾ ਨਗਾਰੇ ਦਾ ਬੰਦ ਕਰਾਵੰਦੇ ਸੂ
ਕੋਤਵਾਲ ਆਖਿਆ ਲੋਕੋ ਚੁੱਪ ਹੋਵੋ, ਕਾਵਾਂ ਵਾਂਗ ਪਏ ਸ਼ੋਰ ਮਚਾਵੰਦੇ ਸੂ
ਇਕ ਚੌਧਰੀ ਉਠ ਇਤਲਾਹ ਦਿੱਤੀ, ਮਰਦ ਤੀਵੀਂ ਅਸਾਂ ਢੂੰਡਾਵੰਦੇ ਸੂ
ਕੋਤਵਾਲ ਆਖਿਆ ਉਨ੍ਹਾਂ ਕਸੂਰ ਦੱਸੋ, ਟਿੱਡੀ ਦਲ ਵਾਂਗ ਚੜ੍ਹ ਆਵੰਦੇ ਸੂ
ਉਸ ਸਾਰਾ ਹਾਲ ਸੁਣਾ ਦਿੱਤਾ, ਕੋਤਵਾਲ ਲਿਖਿਆ ਜੋ ਕੁਝ ਸੁਣਾਵੰਦੇ ਸੂ
ਉਸ ਆਖਿਆ ਅਸਾਂ ਦੋਹਾਂ ਕੈਦ ਕੀਤਾ, ਸ਼ਰੇ ਆਮ ਜੱਫੀਆਂ ਪਾਵੰਦੇ ਸੂ



## 00

ਮਿਲ ਖੇੜਿਆਂ ਰੱਬ ਦਾ ਸ਼ੁਕਰ ਕੀਤਾ, ਨਾਲੇ ਫਤਵਾ ਦਰਜ ਕਰਾਵੰਦਾ ਈ
ਉਨ੍ਹਾਂ ਆਖਿਆ ਰੰਨ ਖੇੜਿਆਂ ਦੀ, ਜੋਗੀ ਨਾਰ ਭਜਾਈ ਲੈ ਜਾਵੰਦਾ ਈ
ਪੇਕੇ ਪਿੰਡ ਝੰਗ, ਸਹੁਰੇ ਰੰਗ ਪੁਰ ਖੇੜੇ, ਨੀਂਗਰ ਸੈਦਾ ਅਖਵਾਵੰਦਾ ਈ
ਜੰਞ ਲੈ ਕੇ ਭਰੇ ਬਾਰਾਤੀਆਂ ਦੀ, ਸੈਦਾ ਸੱਜਰੀ ਵਿਆਹ ਲਿਆਵੰਦਾ ਈ
ਬਣੀ ਹੀਰ ਰੰਨ ਖੇੜਿਆਂ ਦੀ, ਜ਼ਬਰਦਸਤੀ ਜੋਗੀ ਫੜ ਲੈ ਜਾਵੰਦਾ ਈ
ਕੋਤਵਾਲ ਸੋਚਿਆ ਗੱਲ ਗੜਬੜ, ਲੋਕਾਂ ਖੇੜਿਆਂ ਭਰੋਸਾ ਦਵਾਵੰਦਾ ਈ
ਪਰ ਸੋਚਦਾ ਜੋ ਲੋਕਾਂ ਆਖਿਆ ਸੁ, ਚਿੱਤ ਆਪਣੇ ਬਣਤ ਬਣਾਵੰਦਾ ਈ
ਅੱਗੇ ਕੋਤਵਾਲ ਪਿੱਛੇ ਪਿੰਡ ਖੇੜਾ, ਦਲ ਮੁਗਲਾਂ ਦਾ ਚੜ੍ਹਿਆ ਆਵੰਦਾ ਈ
ਕੋਤਵਾਲ ਕਚਹਿਰੀ ਇਤਲਾਹ ਕੀਤੀ, ਜੋ ਸੁਣਿਆਂ ਆਖ ਸੁਣਾਵੰਦਾ ਈ
ਸੱਨਾਟਾ ਕਚਹਿਰੀ ਚ ਛਾ ਗਿਆ, ਜਿਵੇਂ ਮੱਸਿਆ ਰਾਤ ਨੂੰ ਛਾਵੰਦਾ ਈ
ਮੁਨਸ਼ੀ ਮੁਕੱਦਮਾਂ ਦਰਜ ਕੀਤਾ, ਸਮਾਂ ਮੁਕੱਦਮਾਂ ਸੁਣਨ ਦਾ ਆਵੰਦਾ ਈ
ਰਾਜੇ ਆਖਿਆ ਲਿਆਓ ਮੁਜਰਿਮ, ਫੌਜਦਾਰ ਦੋਹਾਂ ਧੂ ਲਿਆਵੰਦਾ ਈ
ਕੋਤਵਾਲ ਸਾਰੀ ਗੱਲ ਸੁਣਾ ਦਿੱਤੀ, ਹੁਣ ਸਮਾਂ ਜਿਰ੍ਹਾ ਦਾ ਆਵੰਦਾ ਈ
ਚੌਧਰੀ ਆਖਿਆ ਸੁ ਇਹ ਲਫੰਗਾ, ਰੰਨ ਖੇੜਿਆਂ ਭਜਾਈ ਜਾਵੰਦਾ ਈ
ਕਿੱਡੀ ਵੱਡੀ ਨਮੋਸ਼ੀ ਦੀ ਗੱਲ ਹਾਈ, ਖੇੜੇ ਪਿੰਡ ਦਾ ਨੱਕ ਵਢਾਵੰਦਾ ਈ
ਕਿਸੇ ਆਖਿਆ ਦੋਵੇਂ ਖੁਸ਼ ਮਿਜਾਜ਼ ਤੱਕੇ, ਐਵੇਂ ਚੌਧਰੀ ਗੱਲਾਂ ਬਣਾਵੰਦਾ ਈ
ਵਿਚ ਅਦਾਲਤ ਸੋਚਾਂ ਪੈ ਗਈਆਂ, ਸਮਾਂ ਰਾਂਝੇ ਦੀ ਸੁਣਨ ਦਾ ਆਵੰਦਾ ਈ
ਰਾਂਝੇ ਆਖਿਆ ਨਾਤਾ ਅਜਲ ਦਾ ਈ, ਬਾਰਾਂ ਸਾਲ ਦੀ ਕਥਾ ਸੁਣਾਵੰਦਾ ਈ
ਕਾਜ਼ੀ ਆਖਿਆ ਕੱਢ ਪਰਚਾ, ਕੌਣ ਤੇਰਾ ਹੀਰ ਸੰਗ ਵਿਆਹ ਕਰਾਵੰਦਾ ਈ
ਕੌਣ ਪੰਡਿਤ ਕਿਸ ਦਿਹ ਹੋਇਆ, ਕੌਣ ਅੱਗ ਸਾਹਮਣੇ ਫੇਰੇ ਕਰਾਵੰਦਾ ਈ
ਰਾਂਝੇ ਆਖਿਆ ਕਾਗਜ਼ ਪੱਤਰ ਨਹੀਂ, ਵਿਚ ਅਦਾਲਤ ਝੂਠਾ ਪੈ ਜਾਵੰਦਾ ਈ
ਮੁੜ ਹੀਰ ਥੀਂ ਉਸ ਸੁਆਲ ਕੀਤੋ, ਕੀ ਤੈਨੂੰ ਇਹ ਫੜ ਲੈ ਜਾਵੰਦਾ ਈ
ਹਰਿ ਆਖਿਆ ਰੱਬ ਦਰਗਾਹ ਵੇਖੇ, ਰਿਸ਼ਤਾ ਸਾਡਾ ਧੁਰੋਂ ਲਿਖ ਆਵੰਦਾ ਈ
ਨਾਤਾ ਸਾਡਾ ਈ ਸ਼ਮ੍ਹਾਂ ਪਰਵਾਨੇ ਦਾ, ਜਲੇ ਸ਼ਮ੍ਹਾਂ ਪਤੰਗਾ ਸੜ ਜਾਵੰਦਾ ਈ
ਮੈਂ ਰਾਂਝੇ ਦੀ ਰਾਂਝਾ ਮੇਰਾ ਈ, ਮੇਲ ਆਸ਼ਿਕਾਂ ਰੱਬ ਆਪ ਕਰਾਵੰਦਾ ਈ

## 00

ਪੂਰੀ ਜਿਰ੍ਹਾ ਸੁਣੀ ਆਪ ਬੈਠ ਰਾਜੇ, ਫਿਰ ਕਾਜ਼ੀ ਨੂੰ ਸੱਦ ਬੁਲਾਵੰਦਾ ਈ
ਇੰਵ ਜਾਪਦਾ ਰੰਨ ਖੇੜਿਆਂ ਦੀ, ਇੰਨਾਂ ਆਖ ਰਾਜਾ ਉਠ ਜਾਵੰਦਾ ਈ
ਉਸ ਕੀਤਾ ਇਸ਼ਾਰਾ ਕਾਜ਼ੀ ਵੱਲ, ਰਾਜਾ ਟੁਰ ਮਹਿਲਾਂ ਨੂੰ ਜਾਵੰਦਾ ਈ
ਸ਼ਕਲ ਮੋਮਨਾਂ ਦੀ ਕੰਮ ਕਾਫਿਰਾਂ ਦੇ, ਮਨ ਭਾਉਂਦਾ ਫੈਸਲਾ ਸੁਣਾਵੰਦਾ ਈ
ਕਾਜ਼ੀ ਕੋਤਵਾਲ ਮਸ਼ਵਰਾ ਕੀਤੋ, ਭੈੜਾ ਰਾਂਝੇ ਥੀਂ ਮੁਜਰਮ ਠਹਿਰਾਵੰਦਾ ਈ
ਉਸ ਸੈਦੇ ਥੀਂ ਹੀਰ ਫੜਾ ਦਿੱਤੀ, ਸਾਰਾ ਪਿੰਡ ਖੁਸ਼ ਹੋ ਖੇੜਿਆਂ ਧਾਵੰਦਾ ਈ
ਕਾਜ਼ੀ ਨੇ ਸ਼ਰ੍ਹਾ ਦੀ ਖੋਲ੍ਹ ਪੱਤਰੀ, ਅੱਗੇ ਪਿੱਛੇ ਕਰ ਵਰਕੇ ਬਦਲਾਵੰਦਾ ਈ
ਆਖਿਰ ਇਕ ਥਾਂ ਰੁਕ ਗਿਆ, ਜੋ ਲਿਖਿਆ ਕਾਜ਼ੀ ਪੜ੍ਹ ਸੁਣਾਵੰਦਾ ਈ
ਸਜ਼ਾ ਰੰਨ ਚੁਰਾਣ ਦੀ ਕੋਰੜੇ ਈ, ਕਾਜ਼ੀ ਛੀ ਕੋਰੜੇ ਸਜ਼ਾ ਸੁਣਾਉਂਦਾ ਈ
ਸਜ਼ਾ ਸੁਣ ਰਾਂਝਾ ਸੋਚਦਾ ਈ, ਮਾਰ ਇਸ਼ਕ ਦੀ ਖਾਣ ਦਾ  ਆਉਂਦਾ ਈ
ਕਾਜ਼ੀ ਉਠਿਆ ਹੱਥ ਕਿਤਾਬ ਫੜੀ, ਉਠ ਆਪਣੇ ਘਰ ਨੂੰ ਜਾਵੰਦਾ ਈ
ਕੋਤਵਾਲ ਸੱਦਿਆ ਜਲਾਦ ਤਾਈ, ਜਿਹੜਾ ਕੋਰੜੇ ਨਿੱਤ ਵਜਾਵੰਦਾ ਈ
ਸਜ਼ਾ ਰਾਂਝੇ ਦੀ ਜਲਾਦ ਸਮਝਾ ਦਿੱਤੀ, ਛੀ ਕੋਰੜੇ ਸਜ਼ਾ ਸੁਣਾਉਂਦਾ ਈ
ਮਾਰ ਕੋਰੜੇ ਰਾਂਝੇ ਦੇ ਵਲ ਕੱਢ ਛੱਡੇ, ਰਾਂਝਾ ਲਹੂ ਲੁਹਾਣ ਹੋ ਜਾਵੰਦਾ ਈ
ਦਿਲ ਆਪਣੇ ਰਾਂਝਾ ਵਿਚਾਰਦਾ ਈ, ਮਜ਼ਾ ਇਸ਼ਕ ਦਾ ਇੰਵ ਆਵੰਦਾ ਈ
ਲਿਖੀ ਮੱਥੇ ਦੀ ਕੋਈ ਨਾ ਮੇਟ ਸਕੇ, ਭਾਣਾ ਰੱਬ ਦਾ ਰੱਬ ਵਰਤਾਵੰਦਾ ਈ
ਰਾਂਝਾ ਆਖਦਾ ਇਸ਼ਕ ਥੀਂ ਲਾਜ ਲੱਗੇ, ਸੱਚੇ ਰੱਬ ਨੂੰ ਚਿੱਤ ਧਿਆਵੰਦਾ ਈ
ਇਸ਼ਕ ਆਪਣੇ ਜੱਗ ਸਾਜਿਆ ਸੂ, ਅਸਾਂ ਇਸ਼ਕ ਦੇ ਕੋਰੜੇ ਪਾਵੰਦਾ ਈ
ਰਾਂਝੇ ਜੋਗੀ ਨਾਥ ਤੋਂ ਜੋਗ ਪਾਇਆ, ਅੱਜ ਜੋਗ ਦਾ ਬਲ ਅਜਮਾਵੰਦਾ ਈ
ਰਾਂਝੇ ਆਪਣੇ ਚਿੱਤ ਚ ਵਿਚਾਰ ਕੀਤੋ, ਅੱਗੇ ਰੱਬ ਦੇ ਫੈਸਲਾ ਪਾਵੰਦਾ ਈ
ਹੀਰ ਮੇਰੀ ਏ ਮੈਂ ਹੀਰ ਦਾ ਹਾਂ, ਵਿੱਥ ਦਿਲਾਂ ਚ ਰੱਬਾ ਕਿਉਂ ਪਾਵੰਦਾ ਈ
ਰੱਬਾ ਮੈਥੋਂ ਹੀਰ ਕਿਉਂ ਖੋਹ ਘੱਤੀ, ਕਾਣੇ ਸੈਦੇ ਦੇ ਹੱਥ ਫੜਾਵੰਦਾ ਈ
ਲਾਜ ਰੱਖ ਲੈ ਕਰਮਾਂ ਵਾਲੜਿਆ, ਬਚਨ ਜੋਗੀ ਦਾ ਪੂਰਾ ਕਰਾਵੰਦਾ ਈ
ਜੋਗੀ ਆਖਿਆ ਸਾਡਾ ਪਿਆਰ ਸੱਚਾ, ਸੱਚਾ ਪਿਆਰ ਜੱਗ ਨ ਭਾਵੰਦਾ ਈ
ਰੱਬ ਕਰੇ ਸ਼ਹਿਰ ਨੂੰ ਅੱਗ ਲੱਗੇ, ਮੇਰੇ ਹੱਥੋਂ ਜਿਹੜਾ ਹੀਰ ਖੁਹਾਵੰਦਾ ਈ
ਜੋਗੀ ਮੰਤਰ ਇਕ ਅਲਾਪ ਕੀਤਾ, ਅੱਗ ਸ਼ਹਿਰ ਕਬੂਲੇ ਨੂੰ ਲਾਵੰਦਾ ਈ



## 00

ਜਲਾਦ ਜਦੋਂ ਕੋਰੜੇ ਮਾਰਦਾ ਈ, ਉਸ ਸੁਣਿਆਂ ਰਾਂਝੇ ਅਲਾਪ ਲੋਕੋ
ਜਦੋਂ ਅੱਗ ਲਾ ਕਬੂਲਾ ਸਾੜ ਦਿੱਤਾ, ਜਲਾਦ ਬੋਲਿਆ ਜੋਗੀ ਦਾ ਵਾਕ ਲੋਕੋ
ਜੋਗੀ ਨਹੀਂ ਫਕੀਰ ਸੂ ਇਹ, ਸੁਣ ਕੇ ਕੰਬਿਆ ਰਾਜ ਦਰਬਾਰ ਲੋਕੋ
ਇਹ ਅਸਾਂ ਡਾਢਾ ਜ਼ੁਲਮ ਕੀਤਾ, ਰਾਜਾ ਪਰਜਾ ਰੋਣ ਧਾਹਾਂ ਮਾਰ ਲੋਕੋ
ਰਾਜੇ ਮੁੜ ਫੌਜਦਾਰ ਹੁਕਮ ਕੀਤਾ, ਘੱਲੋ ਫੌਜ ਖੇੜਿਆਂ ਦੇ ਵੱਲ ਲੋਕੋ
ਲਿਆਓ ਫੜ ਕੇ ਹੀਰ ਤੇ ਸੈਦੇ ਨੂੰ, ਤਖ਼ਤ ਇਨਸਾਫ ਗਿਆ ਹੱਲ ਲੋਕੋ
ਜੋਗੀ ਸਾੜ ਕਬੂਲਾ ਤਬਾਹ ਕੀਤਾ, ਅਸਾਂ ਕੀਤਾ ਈ ਗਲਤ ਕਰਾਰ ਲੋਕੋ
ਐਵੇਂ ਜੋਗੀ ਨੂੰ ਕੋਰੜੇ ਮਾਰ ਬੈਠੇ, ਦੁਖ ਪਰਜਾ ਦਾ ਨ ਹੋਵੇ ਸਹਾਰ ਲੋਕੋ
ਉਠ ਸਪਾਧਿਆਂ ਘੋੜੇ ਬੀੜ ਘੱਤੇ, ਜਾਣ ਖੇੜਿਆਂ ਵੱਲ ਮਾਰੋ ਮਾਰ ਲੋਕੋ
ਉਨ੍ਹਾਂ ਜਾ ਖੇੜਿਆਂ ਪਾ ਘੇਰਾ, ਕੀਤਾ ਹੀਰ ਸੈਦੇ ਦੋਹਾਂ ਗਿਰਫਤਾਰ ਲੋਕੋ
ਬੰ੍ਹਨ ਘੱਤਿਆ ਦੋਹਾਂ ਦੋਸ਼ੀਆਂ ਨੂੰ,  ਕੀਤਾ ਖੜ੍ਹੇ ਵਿਚ ਦਰਬਾਰ ਲੋਕੋ
ਰਾਜੇ ਘੱਲਿਆ ਕਾਜ਼ੀ ਨੂੰ ਮੁੜ ਸੱਦਾ, ਆ ਕਰੇ ਇਨਸਾਫ ਸਰਕਾਰ ਲੋਕੋ
ਕਾਜ਼ੀ ਆ ਕੇ ਦੁਆ ਸਲਾਮ ਕੀਤੀ, ਖੜ੍ਹੇ ਸਾਹਮਣੇ ਦੋਵੇਂ ਬਦਕਾਰ ਲੋਕੋ
ਰਾਜੇ ਆਖਿਆ ਕਾਜ਼ੀ ਜੀ ਸੁਣੋ ਮੇਰੀ, ਸੈਦਾ ਅੱਗ ਦਾ ਜ਼ਿਮੇਵਾਰ ਲੋਕੋ
ਸਜ਼ਾ ਦੇਹ ਇਸ ਜੋ ਮਨ ਭਾਵੇ, ਸਾਡੇ ਸਿਰਾਂ ਤੋਂ ਲੱਥ ਜਾਵੇ ਭਾਰ ਲੋਕੋ
ਕਾਜ਼ੀ ਆਖਿਆ ਸੱਤ ਬਚਨ ਰਾਜਨ, ਸਜ਼ਾ ਦੇਣਾ ਸਾਡਾ ਵਾਪਾਰ ਲੋਕੋ
ਕਾਜ਼ੀ ਆਖਿਆ ਨਾਮ ਪੁਕਾਰ ਸੈਦਾ, ਕਰੋ ਪੇਸ਼ ਕੱਪਾਂ ਸਿਰ ਉਤਾਰ ਲੋਕੋ
ਫੜ ਸੈਦੇ ਕਚਹਿਰੀ ਖੜ੍ਹਾ ਕੀਤਾ, ਕੀਤੋ ਵਿਆਹ ਖੋਟਾ ਵਿਉਹਾਰ ਲੋਕੋ
ਝੂਠ ਬੋਲਿਆ ਵਿਆਹਿਆ ਹੀਰ ਤਾਈਂ, ਝੂਠ ਝੂਠਿਆਂ ਪੈਂਦੀ ਮਾਰ ਲੋਕੋ
ਸੈਦੇ ਆਖਿਆ ਪੁੱਛ ਲਓ ਬਰਾਤੀਆਂ ਨੂੰ, ਸੱਚ ਆਖਦਾ ਕੌਲ ਕਰਾਰ ਲੋਕੋ
ਕਾਜ਼ੀ ਆਖਿਆ ਵਿਚ ਭਰ ਗੁੱਸੇ, ਫੜੋ ਏਸ ਨੂੰ ਕਰੋ ਗਿਰਫਤਾਰ ਲੋਕੋ
ਮੁੜ ਸੁਆਲ ਹੀਰ ਥੀਂ ਪੁੱਛਿਆ ਸੂ, ਕੀ ਤੇਰਾ ਜੋਗੀ ਸੰਗ ਪਿਆਰ ਲੋਕੋ
ਹੀਰ ਆਖਿਆ ਸਾਈਆਂ ਸੱਚ ਆਖੇਂ, ਰਾਂਝਾ ਜੋਗੀ ਏ ਮੇਰਾ ਯਾਰ ਲੋਕੋ
ਕਾਜ਼ੀ ਝੱਟ ਫੈਸਲਾ ਸੁਣਾ ਦਿੱਤਾ, ਹੀਰ ਰਾਂਝੇ ਸੰਗ ਕਰੋ ਤਿਆਰ ਲੋਕੋ
ਕੋਤਵਾਲ ਰਾਂਝੇ ਹੀਰ ਸੌਂਪ ਦਿੱਤੀ, ਆਖੇ ਜੋਗੀਆ ਸਾਨੂੰ ਕਰ ਪਾਰ ਲੋਕੋ
ਫੂਕ ਮਾਰ ਕੇ ਅੱਗ ਬੁਝਾ ਦਿੱਤੀ, ਕਬੂਲੇ ਮੁੜ ਆਈ ਮੌਜ ਬਹਾਰ ਲੋਕੋ

## 00

ਰਾਜੇ ਸੱਦ ਵਜੀਰਾਂ ਸਲਾਹ ਕੀਤੀ, ਹੀਰ ਰੱਖਣਾ ਘਰ ਨਾ ਭਾਉਂਦਾ ਈ
ਧੀਆਂ ਸੋਹੰਦੀਆਂ ਘਰ ਮਾਪਿਆਂ ਦੇ, ਘਰ ਝੰਗ ਸਿਆਲ ਘਲਾਉਂਦਾ ਈ
ਕਰ ਮਸ਼ਵਰਾ ਉਚ ਕਚਿਹਰੀ ਨੇ, ਰਾਜਾ ਫੈਸਲਾ ਆਖ ਸੁਣਾਉਂਦਾ ਈ
ਚੱਲੋ ਕਹਾਰੋ ਕੰਧੇ ਚੁੱਕ ਡੋਲੀ, ਨੱਢੀ ਹੀਰ ਕੂ ਸਿਆਲੀਂ ਘਲਾਵੰਦਾ ਈ
ਆਖਿਆ ਰਾਜੇ ਰੰਝੇਟੇ ਥੀਂ, ਮਜ਼ਾ ਸਹੁਰੇ ਘਰ ਵਿਆਹ ਦਾ ਆਵੰਦਾ ਈ
ਰਾਂਝੇ ਆਖਿਆ ਰਾਜਨ ਸੱਚ ਆਖੇਂ, ਰਾਂਝਾ ਡੋਲੀ ਸੰਗ ਟੁਰ ਜਾਵੰਦਾ ਈ
ਡੋਲੀ ਚੁੱਕ ਕਹਾਰ ਰਵਾਨ ਹੋਏ, ਡੋਲੀ ਚੁੱਕ ਸਿਆਲ ਵੱਲ ਧਾਵੰਦਾ ਈ
ਡੋਲੀ ਚੁੱਕ ਟੁਰਦੇ ਕਹਾਰ ਥੱਕੇ, ਆਖਿਰ ਡੋਲੀ ਜ਼ਮੀਨ ਤੇ ਲਾਹੁੰਦਾ ਈ
ਹੀਰ ਆਖਿਆ ਕਹਾਰੋ ਸੁਣੋ ਮੇਰੀ, ਝੰਗ ਸਿਆਲ ਅਸਾਂ ਨ ਭਾਵੰਦਾ ਈ
ਡੋਲੀ ਲੈ ਚੱਲੋ ਤਖ਼ਤ ਹਜ਼ਾਰੇ ਨੂੰ, ਸਹੁਰੇ ਘਰ ਹਜ਼ਾਰਾ ਅਖਵਾਵੰਦਾ ਈ
ਅੱਗੇ ਰਾਂਝਾ ਪਿੱਛੇ ਹੀਰ ਟੁਰੇ, ਨਰ ਨਾਰੀ ਦਾ ਰਿਸ਼ਤਾ ਇੰਵ ਭਾਵੰਦਾ ਈ
ਰਾਂਝੇ ਆਖਿਆ ਇਹ ਨਾ ਮੁਮਕਿਨ, ਬਾਝ ਵਿਆਹ ਘਰ ਨ ਜਾਵੰਦਾ ਈ
ਅੱਗੇ ਰਾਂਝਾ ਪਿੱਛੇ ਚੱਲੇ ਡੋਲੀ, ਜਿਵੇਂ ਵਿਆਹ ਕੇ ਹੀਰ ਲਿਆਵੰਦਾ ਈ
ਅੰਤ ਪਹੁੰਚ ਗਏ ਜੂਹਾਂ ਸਿਆਲਾਂ ਦੀ, ਸਮਾਂ ਬੀਤਿਆ ਚੇਤੇ ਆਵੰਦਾ ਈ
ਸੁਰ ਕੱਢੀ ਫਿਰ ਧੀਦੋ ਵਜਾ ਵੰਝਲੀ, ਪਸ਼ੂ ਪੰਛੀ ਪਿੱਛੇ ਲੱਗ ਆਵੰਦਾ ਈ
ਨਾਲੇ ਸੋਗ ਮਨਾਇਆ ਵਾਗੀਆਂ ਨੇ, ਭੈੜਾ ਧੀਦੋ ਫਿਰ ਮੁੜ ਆਵੰਦਾ ਈ
ਜਦੋਂ ਵੇਖਿਆ ਪਿੱਛੇ ਡੋਲੀ ਸੂ, ਹਰ ਕੋਈ ਵੇਖਣ ਹੀਰ ਕੂ ਆਵੰਦਾ ਈ
ਕਿਸੇ ਜਾ ਪਿੰਡ ਇਤਲਾਹ ਕੱਢੀ, ਧੀਦੋ ਰਾਂਝਾ ਡੋਲੀ ਸੰਗ ਆਵੰਦਾ ਈ
ਕੁੜੀਆਂ ਪਿੰਡ ਦੀਆਂ ਹੋ ਕੱਠੀ, ਚੜ੍ਹ ਸੱਠ ਸਹੇਲੀਆਂ ਦਲ ਆਵੰਦਾ ਈ
ਅੱਗੋਂ ਵੇਖਿਆ ਹੀਰ ਤੇ ਰਾਂਝੇ ਨੇ, ਸਾਡਾ ਕੋਈ ਤੇ ਭਲਾ ਮਨਾਵੰਦਾ ਈ
ਅੱਗੇ ਸਖੀਆਂ ਪਿੱਛੇ ਹੀਰ ਦੀ ਡੋਲੀ, ਸੰਗ ਰਾਂਝਾ ਟੁਰਿਆ ਆਵੰਦਾ ਈ
ਖਬਰ ਚੂਚਕ ਘਰ ਕਿਸੇ ਜਾ ਦਿੱਤੀ, ਡੋਲੀ ਹੀਰ ਕਹਾਰ ਲਿਆਵੰਦਾ ਈ
ਔਹ ਵੇਖੋ ਆਉਣ ਕਹਾਰ ਚੁੱਕੀ, ਪਿੱਛੇ ਦਲ ਸਹੇਲੀਆਂ ਆਵੰਦਾ ਈ
ਇੰਨੇਂ ਚ ਕਹਾਰ ਘਰ ਆ ਪਹੁੰਚੇ, ਡੋਲੀ ਘਰ ਚੂਚਕ ਦੇ ਲ੍ਹਾਵੰਦਾ ਈ



ਤੱਕ ਡੋਲੀ ਲੋਕ ਹੈਰਾਨ ਹੋ ਗਏ, ਸੱਚਾ ਰੱਬ ਕੀ ਭਾਣਾ ਬਰਤਾਵੰਦਾ ਈ
ਅੱਗੋਂ ਮਲਕੀ ਘਰੋਂ ਆਈ ਬਾਹਰ, ਜੋ ਵੇਖਦੀ ਸਮਝ ਨ ਆਵੰਦਾ ਈ
ਤੱਕ ਹੀਰ ਨੂੰ ਬੜੀ ਹੈਰਾਨ ਹੋਈ, ਅਸਾਂ ਕੋਈ ਨ ਖਬਰ ਪਹੁੰਚਾਵੰਦਾ ਈ
ਖਬਰ ਹੁੰਦੀ ਅਸਾਂ ਖੁਦ ਲੈ ਆਉਂਦੇ, ਕਿਉਂ ਲਾਗੀ ਨ ਘੱਲਿਆ ਜਾਵੰਦਾ ਈ
ਇਹ ਡੋਲੀ ਆਉਣ ਦਾ ਕੀ ਕਾਰਨ, ਇਹ ਬੈਂਸ ਭੀ ਸਮਝ ਨ ਪਾਵੰਦਾ ਈ
ਕੁਝ ਪਲ ਬੀਤੇ ਰਾਂਝਾ ਆ ਪਹੁੰਚਾ, ਚਿੱਤ ਸਭ ਦੇ ਰੋਸ ਭਰ ਆਵੰਦਾ ਈ
ਕੀ ਹੋਇਆ ਸੈਦਾ ਸੰਗ ਨਾਹੀਂ, ਸੱਗੋਂ ਧੀਦੋ ਰਾਂਝਾ ਡੋਲੀ ਸੰਗ ਆਵੰਦਾ ਈ
ਮਾਂ ਪੁੱਛਿਆ ਧੀਏ ਦੱਸ ਖਾਂ ਕੀ ਹੋਇਆ, ਰੱਬ ਕੀ ਭਾਣਾਂ ਬਰਤਾਵੰਦਾ ਈ
ਅੱਗੋਂ ਹੀਰ ਨ ਕੋਈ ਜੁਆਬ ਦਿੱਤੋ, ਮਲਕੀ ਸ਼ੱਕ ਵਧੇਰਾ ਪੈ ਜਾਵੰਦਾ ਈ
ਹੀਰ ਘੱਲੀ ਪੇਕਿਆਂ ਵਿਚ ਡੋਲੀ, ਕਹਾਰਾਂ ਥੀਂ ਪੁੱਛ ਗਿੱਛ ਕਰਾਵੰਦਾ ਈ
ਕਹਾਰਾਂ ਆਖਿਆ ਹੁਕਮ ਰਾਜਨ, ਅਸਾਂ ਆਪਣਾ ਫਰਜ਼ ਨਿਭਾਵੰਦਾ ਈ
ਇਕ ਮਗਰੋਂ ਦੂਜਾ ਸੁਆਲ ਉਠੇ, ਹਰ ਕੋਈ ਇਹੋ ਗੱਲ ਦੁਹਰਾਵੰਦਾ ਈ
ਹੀਰ ਵਿਆਹੀ ਸੀ ਨਾਲ ਸੈਦੇ, ਧੀਦੋ ਡੋਲੀ ਸੰਗ ਟੁਰਿਆ ਆਵੰਦਾ ਈ
ਸਾਰੇ ਪਿੰਡ ਦੇ ਲੋਕੀਂ ਹੋਏ ਕੱਠੇ, ਇਹ ਕੀ ਪਿਆ ਵਾਪਰਦਾ ਜਾਵੰਦਾ ਈ
ਗੱਲ ਖੁਲ੍ਹਦੀ ਖੁਲ੍ਹਦੀ ਖੁਲ੍ਹ ਗਈ, ਜੋ ਬੀਤਿਆ ਲੋਕਾਂ ਸਮਝ ਆਵੰਦਾ ਈ
ਕਈ ਆਖਦੇ ਰਾਂਝਾ ਬਲੀ ਹੋਸੀ, ਬਚਨ ਅਲਾ ਕੇ ਸ਼ਹਿਰ ਜਲਾਵੰਦਾ ਈ
ਕੋਈ ਆਖੇ ਗੱਲ ਏ ਝੂਠ ਸਾਰੀ, ਰਾਂਝਾ ਪੁੱਠੀਆਂ ਪੱਟੀਆਂ ਪੜ੍ਹਾਵੰਦਾ ਈ
ਜੋ ਸੁਣਿਆਂ ਅਸਾਂ ਆਖ ਦਿੱਤਾ, ਅੱਗੋਂ ਸੁਆਲ ਹੁਣ ਇਹ ਆਵੰਦਾ ਈ
ਚੂਚਕ ਆਖਿਆ ਧੀਏ ਚੱਲ ਘਰ, ਧੀ ਆਪਣੀ ਤਾਈਂ ਸਮਝਾਵੰਦਾ ਈ
ਡੋਲੀ ਚੁੱਕ ਕਹਾਰ ਰਵਾਨ ਹੋਏ, ਕਹਾਰ ਸ਼ਹਿਰ ਕਬੂਲੇ ਥੀਂ ਜਾਵੰਦਾ ਈ
ਕੰਮ ਹਰ ਰੋਜ਼ ਵਾਂਗ ਚੱਲਣ ਲੱਗਾ, ਰਾਂਝਾ ਮੁੜ ਕੇ ਮੱਝੀਂ ਚਰਾਵੰਦਾ ਈ
ਹੀਰ ਮੁੜ ਭੱਤਾ ਲੈ ਕੇ ਜਾਣ ਲੱਗੀ, ਉਹੋ ਰਾਜ਼ ਸਾਜ਼ ਮੁੜ ਰਚਾਵੰਦਾ ਈ
ਚੂਰੀ ਕੁੱਟ ਕੇ ਹੀਰ ਲਿਆਵੇ ਭੱਤਾ, ਰਾਂਝਾ ਮਾਸ਼ੂਕ ਹੱਥੋਂ ਚੂਰੀ ਖਾਵੰਦਾ ਈ
ਲੋਕਾਂ ਆਖਿਆ ਗੱਲ ਠੀਕ ਨਹੀਂ, ਨਾਂ ਝੰਗ ਦਾ ਬਦਨਾਮ ਕਰਾਵੰਦਾ ਈ

ਝੱਟ ਪੱਟ ਪਿੰਡ ਅਫਵਾਹ ਫੈਲੀ, ਧੂਆਂ ਜਿਵੇਂ ਕੋਹਾਂ ਦਿਸ ਜਾਵੰਦਾ ਈ
ਮੁੜ ਫਿਰ ਹੱਟੀ ਤੇ ਹੋਣ ਗੱਲਾਂ, ਹਰ ਕੋਈ ਹੀਰ ਦਾ ਨਾਂ ਦੁਹਰਾਵੰਦਾ ਈ
ਸਭ ਆਖਣ ਮੁੜ ਬਲਾ ਆਈ, ਡਰ ਪਿੰਡ ਨੂੰ ਵੱਢ ਵੱਢ ਖਾਵੰਦਾ ਈ
ਪਹਿਲਾ ਇਕ ਦੂਜਾ ਦੂਜੀ ਆਖੇ, ਸਭ ਆਪਣੀ ਤਰਕੀਬ ਸੁਣਾਵੰਦਾ ਈ
ਮੂੰਹ ਖੋਲ ਕੋਈ ਨ ਗੱਲ ਆਖੇ, ਕੈਦੋ ਲੰਙਾਂ ਪਿਆ ਹੱਟੀ ਨੂੰ ਆਵੰਦਾ ਈ
ਕੈਦੋ ਬੁਹੜਿਆ ਹੱਟੀ ਤੇ ਚੁੱਪ ਛਾਈ, ਜਿਵੇਂ ਨ੍ਹੇਰ ਮੱਸਿਆ ਛਾਵੰਦਾ ਈ
ਉਸ ਸੋਚਿਆ ਗੱਲ ਕੋਈ ਹੋਰ ਨਹੀਂ, ਕਿੱਸਾ ਹੀਰ ਰਾਂਝੇ ਦਾ ਭਾਵੰਦਾ ਈ
ਇਕ ਵਾਰ ਬਲਾਈਂ ਟਾਲੀਆਂ ਸਨ, ਰੱਬ ਮੁੜ ਤਸੀਹੇ ਦੁਆਵੰਦਾ ਈ
ਰਬਾ ਕਿਉਂ ਸਾਡੇ ਤੇ ਕਹਿਰ ਕੀਤੋ, ਸੱਚੇ ਰੱਬ ਨੂੰ ਲੰਙਾਂ ਧਿਆਵੰਦਾ ਈ
ਸ਼ਰਮ ਹਯਾ ਦਾ ਮਾਰਾ ਕੈਦੋ, ਉਠ ਹੱਟੀਓਂ ਘਰ ਨੂੰ ਟੁਰ ਜਾਵੰਦਾ ਈ
ਚੁੱਪ ਚਾਪ ਘਰ ਪਰਤ ਆਇਆ, ਚੂਚਕ ਤਾਈਂ ਕਿੱਸਾ ਸੁਣਾਵੰਦਾ ਈ
ਚੂਚਕ ਆਖਿਆ ਕੈਦੋ ਰੱਖ ਧੀਰਜ, ਪੱਕਾ ਇਲਾਜ ਮੈਨੂੰ ਆਵੰਦਾ ਈ
ਚੂਚਕ ਆਖਿਆ ਧੀਦੋ ਸੁਣ ਮੇਰੀ, ਭੈੜਾ ਵਿਆਹ ਦਾ ਪੱਜ ਰਚਾਵੰਦਾ ਈ
ਜਾਹ ਲੈ ਕੇ ਆ ਬਾਰਾਤ ਧੀਦੋ, ਚੂਚਕ ਹੀਰ ਦਾ ਸਗਨ ਫੜਾਵੰਦਾ ਈ
ਰਾਂਝੇ ਆਖਿਆ ਸੱਤ ਬਚਨ ਸਾਈਂ, ਰਾਂਝਾ ਉਠ ਹਜ਼ਾਰੇ ਨੂੰ ਧਾਵੰਦਾ ਈ
ਚੂਚਕ ਆਖਿਆ ਹੁਣ ਇਲਾਜ ਹੋਸੀ, ਕੁੰਦੀ ਵੱਲ ਕੈਦੋ ਘਲਾਵੰਦਾ ਈ
ਜਾਹ ਸੱਦ ਲਿਆ ਭੈੜੀ ਮਹਿਰੀ ਨੂੰ, ਚਿੱਤ ਆਪਣੇ ਮਤਾ ਪਕਾਵੰਦਾ ਈ
ਉਸ ਘੱਲਿਆ ਕੈਦੋ ਵੱਲ ਕੁੰਦੀ, ਢੀਂਗਾ ਕੁੰਦੀ ਨੂੰ ਸੱਦ ਲਿਆਵੰਦਾ ਈ
ਲੱਪ ਭਰ ਟਕਿਆਂ ਪੌਲਿਆਂ ਦੀ, ਚੂਚਕ ਕੁੰਦੀ ਦੇ ਹੱਥ ਫੜਾਵੰਦਾ ਈ
ਕੁੰਦੀ ਪੁੱਛਿਆ ਜਜਮਾਨ ਕਾਰਨ, ਚੂਚਕ ਦਿਲ ਦੀ ਲੱਗੀ ਸੁਣਾਵੰਦਾ ਈ
ਧੀ ਮੇਰੀ ਨਾਮ ਬਦਨਾਮ ਕੀਤੋ, ਸਿਰ ਸ਼ਰ੍ਹਾ ਚ ਨਾ ਚੁੱਕਿਆ ਜਾਵੰਦਾ ਈ
ਇਹ ਦੁਖ ਨ ਮੈਥੋਂ ਸਹਾਰ ਹੋਵੇ, ਸਾਰਾ ਪਿੰਡ ਸਾਥੋਂ ਘਬਰਾਉਂਦਾ ਈ
ਇਹੋ ਪਿੰਡ ਇਹੋ ਘਰ ਸਾਡਾ, ਕਿੱਥੇ ਜਾਵੀਏ ਸਮਝ ਨ ਆਵੰਦਾ ਈ
ਤੂੰ ਦੱਸ ਇਲਾਜ ਇਹ ਦਾ, ਚੂਚਕ ਕੁੰਦੀ ਥੀਂ ਪੁੱਛ ਗਿੱਛ ਪਾਵੰਦਾ ਈ
ਕੁੰਦੀ ਆਖਿਆ ਮੇਰੇ ਤੇ ਛੱਡ ਗੱਲ, ਮੈਨੂੰ ਇਲਾਜ ਇਸ ਦਾ ਆਵੰਦਾ ਈ



## 00

ਧੀਦੋ ਟੁਰਿਆ ਵੱਲ ਹਜ਼ਾਰੇ ਦੇ, ਆਪਣੇ ਚਿੱਤ ਚ ਖੁਸ਼ੀ ਮਨਾਵੰਦਾ ਈ
ਝੱਟ ਮੰਗਣੀ ਪੱਟ ਵਿਆਹ ਹੋਸੀ, ਮਨ ਆਪਣੇ ਤਰਕੀਬਾਂ ਬਣਾਉਂਦਾ ਈ
ਅੱਗ ਸਾਹਮਣੇ ਬੈਠ ਕੇ ਲਵਾਂ ਫੇਰੇ, ਅੱਗ ਸੱਚ ਦਾ ਗਵਾਹ ਅਖਵਾਉਂਦਾ ਈ
ਚਿੱਤ ਆਪਣੇ ਸੋਚ ਵਿਚਾਰ ਕਰਦਾ, ਨਿੱਤ ਨਵੇਂ ਘੋੜੇ ਚਿੱਤ ਦੁੜਾਵੰਦਾ ਈ
ਜਾ ਕੇ ਦੱਸੂੰ ਭਾਬੀਆਂ ਭਾਈਆਂ ਥੀਂ, ਧੀਦੋ ਹੀਰ ਵਿਆਹ ਲਿਆਵੰਦਾ ਈ
ਕੀਤਾ ਪਾਰ ਝਨਾ ਧੀਦੋ ਚੜ੍ਹ ਬੇੜੀ, ਚਲੋ ਚਾਲ ਹਜ਼ਾਰੇ ਪੁੱਜ ਜਾਵੰਦਾ ਈ
ਧੀਦੋ ਘਰ ਮੌਜੂ ਦੇ ਜਾ ਵੱਤਾ, ਬੱਚਾ ਬੱਚਾ ਪਿੰਡ ਦਾ ਸ਼ੁਕਰ ਮਨਾਵੰਦਾ ਈ
ਭਾਈ ਭਾਬੀਓ ਚਲੋ ਬਾਰਾਤ ਬਣ ਕੇ, ਧੀਦੋ ਹੀਰ ਵਿਆਹ ਲਿਆਵੰਦਾ ਈ
ਸੱਤੇ ਭਾਬੀਆਂ ਸੁਣ ਹੈਰਾਨ ਹੋਈਆਂ, ਕਿਹਾ ਭਾਣਾ ਰੱਬ ਵਰਤਾਵੰਦਾ ਈ
ਮਿਲ ਸਾਰੀਆਂ ਰੱਬ ਦਾ ਸ਼ੁਕਰ ਕੀਤਾ, ਸਾਡਾ ਧੀਦੋ ਘਰ ਮੁੜ ਆਵੰਦਾ ਈ
ਨਾਲੇ ਲਿਆਵੇ ਹੀਰ ਵਿਆਹ ਨੱਢਾ, ਸਿਰ ਮੌਜੂ ਦਾ ਉਚੱਾ ਕਰਾਵੰਦਾ ਈ
ਸਾਰੇ ਪਿੰਡ ਚ ਖਬਰ ਇੰਵ ਫੈਲੀ, ਜਿਵੇਂ ਵਾਵਰੋਲਾ ਪਿੰਡ ਚੋਂ ਜਾਵੰਦਾ ਈ
ਜਣੇ ਕਣੇ ਵਧਾਈਆਂ ਦੇਣ ਆ ਕੇ, ਬੰਨਾਂ ਚੰਨਾਂ ਭੀ ਖੁਸ਼ੀ ਮਨਾਵੰਦਾ ਈ
ਲੜੇ ਲਾਗੀ ਦੁੱਬਾਂ ਦੇਣ ਆ ਕੇ, ਖੱਬਲ ਘਾ ਦਾ ਬੂਟਾ ਹੱਥ ਫੜਾਵੰਦਾ ਈ
ਸੱਤ ਬਚਨ ਆਖ ਧੀਦੋ ਕਬੂਲ ਕਰਦਾ, ਨਾਲੇ ਮਾਯਾ ਹੱਥ ਫੜਾਵੰਦਾ ਈ
ਪਿੰਡ ਨਾਲ ਦੇ ਸੁਥਰਿਆਂ ਖਬਰ ਹੋਈ, ਟੋਲਾ ਸੁਥਰਿਆਂ ਜੁੜ ਆਉਂਦਾ ਈ
ਸੁਥਰੇ ਵਿਹੜੇ ਗਾਉਣ ਵਜਾਉਣ ਲੱਗੇ, ਧੀਦੋ ਮੁਸਕੜੀਂ ਖਿੜ ਖਿੜਾਉਂਦਾ ਈ
ਭਾਗ ਖੁੱਲ੍ਹ ਗਏ ਰਾਂਝਣਾ ਅੱਜ ਤੇਰੇ, ਕੀਤਾ ਭਰਾਵਾਂ ਦਾ ਸਭ ਭੁੱਲ ਜਾਵੰਦਾ ਈ
ਭਰਾ ਹੋਣ ਸੱਜੀ ਬਾਂਹ ਯਾਰੋ, ਦਰਦ ਆਪਣਿਆਂ ਦਾ ਆਪਣਿਆਂ ਆਵੰਦਾ ਈ
ਕੱਠੇ ਬੈਠ ਭਰਾਵਾਂ ਸਲਾਹ ਕੀਤੀ, ਸਮਾਂ ਪਿਛਲੀਆਂ ਭੁਲਾਉਣ ਦਾ ਆਵੰਦਾ ਈ
ਭਾਵੇਂ ਅਸਾਂ ਬੋਲ ਵਿਗਾੜਿਆ ਸੂ, ਪਰ ਧੀਦੋ ਜ਼ਰਾ ਨ ਆਖ ਸੁਣਾਉਂਦਾ ਈ
ਅੱਠੇ ਭਰਾ ਬਹਿ ਗਏ ਕੱਠੇ ਹੋ ਕੇ, ਪਰਵਾਰ ਬਹਿ ਕੇ ਮਤਾ ਪਕਾਵੰਦਾ ਈ
ਕੋਈ ਕੁਝ ਤੇ ਕੋਈ ਕੁਝ ਆਖੇ, ਹਰ ਇਕ ਖੱਲ ਵਾਲ ਦੀ ਲ੍ਹਾਉਂਦਾ ਈ
ਛੱਡੋ ਭਰਾਵੋ ਬਾਰਾਤ ਦਾ ਇੰਤਜ਼ਾਮ ਕਰੀਏ, ਸਮਾਂ ਬੀਤਦਾ ਜਾਵੰਦਾ ਈ
ਧੀਦੋ ਬੈਠ ਕੇ ਸਭ ਸੁਣੀ ਜਾਵੇ, ਚਿੱਤ ਆਪਣੇ ਚ ਲੱਡੂ ਭੁਰਾਵੰਦਾ ਈ
ਰਾਂਝਿਆ ਕੱਲ੍ਹ ਬਾਰਾਤ ਚੜ੍ਹਸੀ, ਨਵਾਂ ਖੁੱਸਾ ਤੇ ਸਿਹਰਾ ਬਣਾਵੰਦਾ ਈ

## 00

ਪਹਿਲੀ ਵਾਰ ਸੰਖੀਆਂ ਘਟੀਆ ਸੁ, ਦੂਜੀ ਵਾਰ ਕਸਰ ਨਾ ਪਾਵਾਂਗੀ
ਲੱਪ ਭਰ ਪਾ ਕੁਚਲੇ ਬਣਾ ਸ਼ਰਬਤ, ਕੱਚੇ ਕੁਚਲੇ ਨਾਲ ਮਿਲਾਵਾਂਗੀ
ਪਾ ਕੁਚਲੇ ਲੋਕੀਂ ਕੁੱਤੇ ਮਾਰਦੇ ਈ, ਹੀਰ ਇਸ਼ਕ ਦਾ ਮਜ਼ਾ ਚਖਾਵਾਂਗੀ
ਗੋਲੀ ਅੰਦਰ ਤੇ ਦਮ ਜਲੰਧਰ ਪੁੱਜੇ, ਅੱਜ ਹੀਰ ਨੂੰ ਮਾਰ ਮੁਕਾਵਾਂਗੀ
ਕੁੰਦੀ ਆਖਿਆ ਕਸਰ ਨਾ ਛੱਡਾਂ ਕੋਈ, ਅੱਜ ਨਵੇਂ ਢੰਗ ਅਪਣਾਵਾਂਗੀ
ਸੰਖੀਆ ਤੇ ਕੁਚਲੇ ਮਿਲਾ ਦੋਵੇਂ, ਬਣਾ ਕੇ ਸ਼ਰਬਤ ਹੀਰ ਪਿਆਵਾਂਗੀ
ਡਬਲ ਜ਼ਹਿਰ ਡਬਲ ਅਸਰ ਕਰੇ, ਲੱਪ ਸੱਕਰ ਦਾ ਭਰ ਵਿਚ ਪਾਵਾਂਗੀ
ਪਿਆ ਸ਼ਰਬਤ ਮਿੱਠਾ ਸੁਆਦ ਵਾਲਾ, ਮਿੱਠਾ ਸ਼ਰਬਤ ਹੀਰ ਪਿਆਵਾਂਗੀ
ਸਾਰੇ ਪਿੰਡ ਦਾ ਨਾਂ ਬਦਨਾਮ ਕੀਤੋ, ਘਰ ਸੁਹਰਿਆਂ ਕਬਰ ਵਖਾਵਾਂਗੀ
ਪਹਿਲੀ ਬਾਰ ਵਾਰ ਗਿਆ ਖਾਲੀ, ਅੱਜ ਪੱਕੀਆਂ ਗੋਲੀਆਂ ਚਲਾਵਾਂਗੀ
ਕੁੰਦੀ ਜ਼ਹਿਰ ਸ਼ਰਬਤ ਚ ਘੋਲ ਦਿੱਤੀ, ਤੱਤੀ ਮਾਸਾ ਤਰਸ ਨ ਆਇਆ ਸੂ
ਰੰਨਾਂ ਹੋਣ ਬੇਰਹਿਮ ਲੋਕੋ, ਮਿਰਜ਼ੇ ਜੱਟ ਤਾਈਂ ਰੰਨ ਮਰਵਾਇਆ ਸੂ
ਸਹਿਬਾਂ ਭਤੀਜੀ ਹੀਰ ਦੀ ਸੁ, ਇਸ਼ਕ ਖੂਨ ਚ ਵਗਦਾ ਆਇਆ ਸੂ
ਅੱਗੋਂ ਕੈਦੋ ਹੀਰ ਥੀਂ ਆਖਿਆ ਸੁ, ਧੀਦੋ ਰਾਂਝਾ ਝਨਾ ਡੁੱਬ ਪਾਇਆ ਸੂ
ਹੀਰ ਵਾਕ ਕੈਦੋ ਦਾ ਸੁਣਿਆਂ ਸੁ, ਸੁਣਦੇ ਸਾਰ ਤੱਤੀ ਗਸ਼ ਆਇਆ ਸੂ
ਚੁੱਕ ਸ਼ਰਬਤ ਹੀਰ ਮੂੰਹ ਪਾ ਦਿੱਤਾ, ਕੈਦੋ ਆਪਣਾ ਰੰਗ ਵਖਾਇਆ ਸੂ
ਕੀਤੀ ਉਲਟੀ ਲਾਲ ਲਹੂ ਭਰੀ, ਸਾਹ ਮੁੜ ਨ ਹੀਰ ਕੂ ਆਇਆ ਸੂ
ਧੜ ਰਹਿ ਗਈ ਪੰਛੀ ਉੜ ਗਿਆ, ਭੈੜਾ ਮੁੜ ਵਤਨੀਂ ਨ ਆਇਆ ਸੂ
ਮਲਕੀ ਚੂਚਕ ਦੋਵੇਂ ਕੋਲ ਬੈਠੇ, ਦੋਹਾਂ ਰੱਬ ਦਾ ਸ਼ੁਕਰ ਮਨਾਇਆ ਸੂ
ਅੱਖਾਂ ਸਾਹਮਣੇ ਧੀ ਮਰਵਾ ਦਿੱਤੀ, ਮਾਸਾ ਭੈੜਿਆਂ ਤਰਸ ਨ ਆਇਆ ਸੂ
ਮਰਨ ਵੇਲੇ ਕਰਮ ਆਉਣ ਅੱਗੇ, ਧਰਮਰਾਜ ਦਸਤੂਰ ਬਣਾਇਆ ਸੂ
ਵੱਜੀ ਘੜਿਆਲ ਦਰਗਾਹ ਅੰਦਰ, ਤਖ਼ਤ ਰੱਬ ਦਾ ਰੂਹ ਹਲਾਇਆ ਸੂ
ਮੋਇਆ ਕੌਣ ਅੱਜ ਮੁਰੀਦ ਮੇਰਾ, ਇਸ਼ਕ ਯਾਰ ਦਾ ਜਿਸ ਕਮਾਇਆ ਸੂ
ਰੱਬ ਮਲਕੁਲ ਥੀਂ ਹੁਕਮ ਕੀਤਾ, ਮੇਰਾ ਪਿਆਰ ਮੇਰੇ ਕੋਲ ਆਇਆ ਸੂ
ਰੂਹ ਹੀਰ ਦਾ ਰੱਬ ਚ ਜਾ ਮਿਲਿਆ, ਸੱਦਾ ਰਾਂਝੇ ਤਾਈਂ ਪਹੁੰਚਾਇਆ ਸੂ
ਹੀਰ ਹਿੰਦੂ ਅੱਗ ਨਾ ਲਾਵੇ ਕੋਈ, ਬੁੱਲੇ ਵਾਕਣ ਫੂਕਣ ਨ ਆਇਆ ਸੂ
ਮਰਨ ਵੇਲੇ ਰਸਮ ਨ ਕੀਤੀ ਪੂਰੀ, ਟੋਇਆ ਕੱਢ ਲਾਸ਼ ਵਿਚ ਪਾਇਆ ਸੂ



## 00

ਗਲ ਧੀਆਂ ਦਾ ਘੁੱਟ ਦੇਂਦੇ, ਬਹੂ ਬੇਟੀਆਂ ਤਾਈਂ ਦੇਣ ਮਾਰ ਯਾਰੋ
ਟਕੇ ਟਕੇ ਨਾਰਾਂ ਦਾ ਮੁੱਲ ਪੈਂਦਾ, ਨਾਰਾਂ ਵਿਕਣ ਸਰੇ ਬਾਜ਼ਾਰ ਯਾਰੋ
ਕੌੜਾ ਘੁੱਟ ਕਰਕੇ ਪੀ ਜਾਵਣ, ਨਾਰਾਂ ਜ਼ਰਾ ਨ ਕਰਨ ਇਜ਼ਹਾਰ ਯਾਰੋ
ਮਾਵਾਂ ਮੰਗਣ ਦੁਆਵਾਂ ਪੁੱਤਰਾਂ ਦੀ, ਭਾਵੇਂ ਆਪ ਹੁੰਦੀਆਂ ਨਾਰ ਯਾਰੋ
ਧੀਆਂ ਹੋਣ ਧਨ ਪਰਾਇਆ, ਪੈਂਦਾ ਛੱਡਣਾ ਮਾਪੇ ਘਰ ਬਾਰ ਯਾਰੋ
ਇਸੇ ਲਈ ਕਦਰ ਨ ਮਰਦ ਕਰਦੇ, ਭੈੜੇ ਔਰਤਾਂ ਕਰਨ ਖੁਆਰ ਯਾਰੋ
ਧੀਆਂ ਹੋਣ ਨ ਪੁੱਤ ਜੰਮਣ ਕਿੱਥੋਂ, ਜ਼ਰਾ ਕਰਕੇ ਵੇਖੋ ਵਿਚਾਰ ਯਾਰੋ
ਹੀਰ ਮਾਰ ਘੱਤੀ ਬਾਬਲ ਨੇ, ਜਿਹੜੀ ਪਾਲੀ ਨਾਲ ਪਿਆਰ ਯਾਰੋ
ਕਿਸੇ ਵੀ ਹ੍ਹਾ ਨਾ ਭਰੀ ਉਹਦੀ, ਸਭ ਆਖਦੇ ਨਾਰ ਬਦਕਾਰ ਯਾਰੋ
ਭਾਈ ਤੱਕਣ ਨਾਰ ਪਰਾਈ ਥੀਂ, ਜਿਨ੍ਹਾਂ ਪੂਜਦਾ ਸਗਲ ਸੰਸਾਰ ਯਾਰੋ
ਖੱਲ ਭੇਡ ਦੀ ਪਾ ਬਘਿਆੜ ਬੈਠੇ, ਮਾਰ ਘੱਤੇ ਨਾਰੀਆਂ ਡਾਰ ਯਾਰੋ
ਪੜ੍ਹ ਲੋਕਾਂ ਪੰਡਿਤ ਸੁਣਾਉਣ ਗੀਤਾ, ਚਿੱਤ ਆਪਣਾ ਕਰਨ ਖੁਆਰ ਯਾਰੋ
ਕੱਚਾ ਘੜਾ ਸੋਹਣੀ ਨੂੰ ਰੱਖ ਦਿੱਤਾ, ਕੱਚਾ ਘੜਾ ਲੰਘਾਵੇ ਨ ਪਾਰ ਯਾਰੋ
ਭੈੜੇ ਲੋਕ ਮੰਗਦੇ ਦਾਜ ਬਹੁਤਾ, ਘੱਟ ਹੋਵੇ ਦੇਣ ਵੂਹਟੀ ਮਾਰ ਯਾਰੋ
ਜ਼ੁਲਮ ਹੋਵੇ ਮਾਵਾਂ ਧੀਆਂ ਵੂਹਟੀਆਂ ਥੀਂ, ਬੈਂਸ, ਹੋਣ ਸਾਰੀਆਂ ਨਾਰ ਯਾਰੋ
ਗੱਲ ਇੱਥੇ ਹੀ ਮੁੱਕਦੀ ਨਹੀਂ, ਮਰਦ ਕਰੇ ਨਾ ਨਾਰ ਇਤਬਾਰ ਯਾਰੋ
ਇਸ਼ਕ ਹੀਰ ਰਾਂਝੇ ਦਾ ਸੱਚਾ ਸੁ, ਪਰ ਜੱਗ ਨ ਕਰੇ ਸਵੀਕਾਰ ਯਾਰੋ
ਤੁਹਮਤ ਹੀਰ ਸਿਰ ਲਾ ਦਿੱਤੀ, ਜ਼ਹਿਰ ਦੇ ਕੇ ਦਿੱਤਾ ਸੁ ਮਾਰ ਯਾਰੋ
ਨੰਗੀਆਂ ਨਾਰਾਂ ਨਚਾਉਣ ਮਰਦ, ਪਿੱਛੋਂ ਆਖਦੇ ਨਾਰ ਬਦਕਾਰ ਯਾਰੋ
ਹੀਰ ਰਾਂਝਾ ਧੀ ਪੁੱਤ ਸਨ ਜੱਟਾਂ ਦੇ, ਹਿੰਦੂ ਕੌਮ ਹਿੰਦੂ ਪਰਵਾਰ ਯਾਰੋ
ਲੜਾਈ ਜੱਟ ਪਾਈ ਸੁ ਵਿਰਸੇ ਚ, ਮਰ੍ਹਾਲ ਜੱਟ ਨ ਮੰਨਦੇ ਹਾਰ ਯਾਰੋ
ਇਸ਼ਕ ਮੁਸ਼ਕ ਜੱਟ ਬਦਕਾਰ ਆਖਣ, ਸਿਰ ਕੱਪ ਕੇ ਦੇਂਦੇ ਮਾਰ ਯਾਰੋ
ਕਿੱਸਾ ਹੀਰ ਦਾ ਬੈਂਸ ਲਿਖਾ ਘੱਤਾ, ਲਿਖੇ ਅੱਖਰ ਦੋ ਚਾਰ ਹਜ਼ਾਰ ਯਾਰੋ
ਅੱਜ ਤੀਕ ਹੀਰ ਰਾਂਝਾ ਮੋਮਨ ਸੁ, ਕੀਤਾ ਹਿੰਦੂਆਂ ਬੈਂਸ ਸ਼ੁਮਾਰ ਯਾਰੋ
ਪੰਜ ਉਂਗਲਾਂ ਬਰਾਬਰ ਨ ਹੋਣ ਕਦੀ, ਭੇੜਾ ਸੋਈ ਭੈੜੇ ਵਿਚਾਰ ਯਾਰੋ
ਭੰਗ ਬੈਂਸ ਰੰਗ ਕੀਤਾ ਸੁ, ਵਿਦਵਾਨੋ ਚੁੱਕੋ ਕਲਮ ਕਰੋ ਵਿਚਾਰ ਯਾਰੋ

## 00

ਹਜ਼ਾਰੇ ਹਲਕੇ ਢੰਡੋਰਾ ਪਿੱਟਿਆ ਸੂ, ਧੀਦੋ ਹੀਰ ਵਿਆਉਣ ਜਾਵੰਦਾ ਈ
ਗੱਠਾਂ ਘੱਲੀਆਂ ਸੜੇ ਸਾਕਾਂ ਥੀਂ, ਹੜ੍ਹ ਚੜ੍ਹ ਸਰੀਕਾਂ ਪਿਆ ਆਉਂਦਾ ਈ
ਚੜ੍ਹੀ ਬਰਸਾਤ ਝਨਾ ਜਿਵੇਂ, ਹੜ੍ਹ ਬਾਰਾਤੀਆਂ ਸਿਆਲੀਂ ਧਾਵੰਦਾ ਈ
ਰਥ ਗੱਡੀਆਂ ਦਾ ਕਟਕ ਚੜ੍ਹਿਆ, ਦਲ ਮੁਗਲਾਂ ਜਿਵੇਂ ਚੜ੍ਹ ਆਵੰਦਾ ਈ
ਕੰਢੇ ਦਰਿਆ ਦੇ ਤੰਬੂ ਛਾਣ ਘੱਤੇ, ਉਤੋਂ ਰਾਤ ਦਾ ਸਮਾਂ ਆ ਜਾਵੰਦਾ ਈ
ਘੱਤੇ ਡੇਰੇ ਝਨਾ ਦੇ ਪੱਤਣਾ ਤੇ, ਜਿੱਥੇ ਲੁੱਡਣ ਬੇੜੀ ਪਿਆ ਪਾਵੰਦਾ ਈ
ਲੁੱਡਣ ਤੱਕਿਆ ਧੀਦੋ ਚੁਰਾ ਅੱਖੀਂ, ਚਿੱਤੋ ਚਿੱਤ ਲੁੱਡਣ ਮੁਸਕਾਵੰਦਾ ਈ
ਇਹ ਉਹੋ ਉਸਤਾਦ ਈ ਵੰਝਲੀ ਦਾ, ਜਿਹਨੂੰ ਮੁਫ਼ਤ ਪਾਰ ਲੰਘਾਵੰਦਾ ਈ
ਕੰਢੇ ਬੈਠ ਬਾਰਾਤੀਆਂ ਸਲਾਹ ਕੀਤੀ, ਲਾਗੀ ਵੱਲ ਸਿਆਲ ਘਲਾਵੰਦਾ ਈ
ਨਾਈ ਜਾਹ ਸਿਆਲ ਇਤਲਾਹ ਦੇਹ, ਧੀਦੋ ਚੜ੍ਹ ਬਾਰਾਤ ਲਿਆਵੰਦਾ ਈ
ਨੱਚਣ ਘੋੜੀਆਂ ਕੰਜਰੀ ਨਾਚ ਨੱਚੇ, ਮਜ਼ਾ ਇੰਞ ਬਾਰਾਤ ਦਾ ਆਵੰਦਾ ਈ
ਮੰਨ ਹੁਕਮ ਨਾਈ ਉਠ ਟੁਰਿਆ, ਲੁੱਡਣ ਝਨਾ ਤੋਂ ਪਾਰ ਕਰਾਵੰਦਾ ਈ
ਕਰ ਪਾਰ ਝਨਾ ਨਾਈ ਤੀਰ ਹੋਇਆ, ਸਿੱਧਾ ਵੱਲ ਸਿਆਲਾਂ ਜਾਵੰਦਾ ਈ
ਪਿੰਡ ਪਹੁੰਚ ਸਿਆਲ ਕਰਾੜ ਹੱਟੀ, ਘਰ ਚੂਚਕ ਪੁੱਛਣਾ ਚਾਹਵੰਦਾ ਈ
ਅਗੋਂ ਵੇਖਿਆ ਸੂ ਸੋਗ ਛਾਇਆ, ਕਰਾੜ ਕੁਝ ਨ ਮੁੱਖੋਂ ਆਲਵੰਦਾ ਈ
ਲਾਗੀ ਆਖਿਆ ਸੌਦਾ ਖਰੀਦਣਾ ਨਹੀਂ, ਖੋਲ੍ਹ ਵਾਕਿਆ ਨਾਈ ਸੁਣਾਵੰਦਾ ਈ
ਧੀਦੋ ਆਵੰਦਾ ਲੈ ਬਾਰਾਤੀਆਂ ਨੂੰ, ਦਲ ਚੜ੍ਹਿਆ ਜੱਟਾਂ ਦਾ ਆਵੰਦਾ ਈ
ਮੈਨੂੰ ਘੱਲਿਆ ਪਹਿਲਾਂ ਜਾਵੀਂਆਂ ਸੂ, ਲਾਗੀ ਖਬਰ ਕਰਾੜ ਸੁਣਾਵੰਦਾ ਈ
ਗੱਲ ਸੁਣ ਕਰਾੜ ਗੁੰਮ ਸੁੰਮ ਹੋਇਆ, ਮੂੰਹ ਖੋ੍ਹਲਣਾ ਉਸ ਨ ਭਾਵੰਦਾ ਈ
ਆਖਿਰ ਚਿੱਤ ਆਪਣੇ ਸੋਚ ਸੋਚਾਂ, ਕਿੱਸਾ ਲਾਗੀ ਥੀਂ ਆਖ ਸੁਣਾਵੰਦਾ ਈ
ਲਾਗੀਆ! ਭਾਣਾ ਰੱਬ ਦਾ ਬਰਤ ਗਿਆ, ਕਰਾੜ ਰੋਂਦਾ ਕੁਰਲਾਵੰਦਾ ਈ
ਸਿਰ ਸੁੱਟ ਕਰਾੜ ਅਲਾਪ ਕਰਦਾ, ਚੱਲ ਮੇਰੇ ਸੰਗ ਘਰ ਵਖਾਵੰਦਾ ਈ
ਜਾ ਕਬਰ ਹੀਰ ਤੇ ਖੜ੍ਹਾ ਕੀਤੋ, ਅੱਗੋਂ ਬੀਤਿਆ ਹਾਲ ਸੁਣਾਵੰਦਾ ਈ
ਘਰ ਕਿਸ ਚੂਚਕ ਦਾ ਭਾਲਣਾ ਸੂ, ਪੁੱਠੇ ਪੈਰੀਂ ਲਾਗੀ ਮੁੜ ਜਾਵੰਦਾ ਈ





ਪਾਣੀ ਧਾਣੀ ਕਰਾੜ ਪੁੱਛਿਆ ਸੂ, ਨਾਈ ਨਾ ਦਾ ਲਫਜ਼ ਸੁਣਾਵੰਦਾ ਈ
ਨਾ ਗੱਠ ਨਾ ਹੀ ਮੂੰਹ ਖੋਲ੍ਹੇ, ਝੱਟ ਪੱਟ ਨਾਈ ਪਿੱਛੇ ਮੁੜ ਜਾਵੰਦਾ ਈ
ਸ਼ਾਮਾਂ ਪਈਆਂ ਨਾਈ ਰਸਦ ਖੋਲ੍ਹੀ, ਸੱਤੂ ਘੋਲ ਪਾਣੀ ਸੰਗ ਖਾਵੰਦਾ ਈ
ਖਾ ਪੀ ਕੇ ਜਾਨ ਚ ਜਾਨ ਆਈ, ਬੰ੍ਨ ਗਠੜੀ ਝਨਾ ਵੱਲ ਧਾਵੰਦਾ ਈ
ਨਾਈ ਵਾਰ ਝਨਾ ਦੇ ਪੁੱਜਿਆ ਸੂ, ਦੂਰੋਂ ਨਜ਼ਰ ਬਾਰਾਤੀਆਂ ਆਵੰਦਾ ਈ
ਤੱਕ ਨਾਈ ਬਾਰਾਤੀ ਮਾਰਨ ਚਾਂਗਾਂ, ਦਾਰੂ ਦਾ ਦੌਰ ਚੱਲ ਜਾਵੰਦਾ ਈ
ਗਲਾਸ ਇੱਕ, ਸੌ ਪੀਣ ਵਾਲੇ, ਧੀਦੋ ਗੜਵੀਆਂ ਭਰ ਭਰ ਪਾਉਂਦਾ ਈ
ਨਾਈ ਪਹੁੰਚਿਆ ਜੱਟ ਗਲਤਾਨ ਹੋਏ, ਗੱਲ ਕਾਈ ਸੁਣ ਨ ਪਾਵੰਦਾ ਈ
ਨਾਈ ਕੰਨ ਧੀਦੋ ਦੇ ਆਖਿਆ ਸੂ, ਬੱਚਾ ਬੱਚਾ ਹੈਰਾਨ ਹੋ ਜਾਵੰਦਾ ਈ
ਕੀ ਹੋਇਆ ਕੀਤੀ ਗੱਲ ਖੁਫੀਆ, ਸੁਣ ਰਾਂਝਾ ਧਰ ਡਿਗ ਜਾਵੰਦਾ ਈ
ਡਿਗਦੇ ਸਾਰ ਧੀਦੋ ਬੇਹੋਸ਼ ਹੋਇਆ, ਸਾਹ ਧੀਦੋ ਦਾ ਰੁਕ ਜਾਵੰਦਾ ਈ
ਤੱਕ ਧੀਦੋ ਹਾਲ ਬੇਹਾਲ ਹੋਇਆ, ਜੱਟਾਂ ਦਾ ਨਸ਼ਾ ਲੱਥ ਜਾਵੰਦਾ ਈ
ਉਚੱਾ ਬੋਲ ਲਾਗੀ ਜ਼ਿਕਰ ਕੀਤੋ, ਬਾਰਾਤੀਆਂ ਬਾਤ ਸਮਝਾਵੰਦਾ ਈ
ਗੱਲ ਸੁਣ ਬਾਰਾਤੀ ਤਿੱਤਰ ਹੋਏ, ਮੇਲ ਆਪਣੇ ਘਰਾਂ ਨੂੰ ਜਾਵੰਦਾ ਈ
ਜੀਭ ਧੀਦੋ ਦੀ ਤਾਲੂਆ ਰੋਕ ਘੱਤਾ, ਮੁੜ ਧੀਦੋ ਸਾਹ ਨ ਆਵੰਦਾ ਈ
ਧੜ ਜ਼ਮੀਨ ਪੰਛੀ ਆਕਾਸ਼ ਉੜਿਆ, ਉੜ ਵੱਲ ਸਿਆਲਾਂ ਜਾਵੰਦਾ ਈ
ਰੱਬ ਆਖਿਆ ਕੋਈ ਨ ਰੋਕੇ ਇਸ, ਸਿੱਧਾ ਧੁਰ ਦਰਗਾਹ ਬੁਲਾਵੰਦਾ ਈ
ਜਮਰਾਜ ਰਾਹ ਜਮਦੂਤ ਘੱਲੇ, ਹੁਕਮ ਰੱਬ ਦਾ ਜਮਰਾਜ ਪੁਗਾਵੰਦਾ ਈ
ਅੱਗੇ ਰੂਹ ਹੀਰ ਉਡੀਕਦਾ ਸੂ, ਰੱਬ ਆਪ ਰੂਹਾਂ ਦਾ ਮੇਲ ਕਰਾਵੰਦਾ ਈ
ਖੁਲ੍ਹੇ ਕਪਾਟ ਰੂਹਾਂ ਚ ਮਿਲ ਰੂਹਾਂ, ਜੋੜਾ ਆਸ਼ਿਕਾਂ ਇਸ਼ਕ ਲੜਾਵੰਦਾ ਈ
ਆਸ਼ਿਕਾਂ ਥੀਂ ਇਸ਼ਕ ਮਿਲੇ ਵਿਰਸੇ, ਜਣਾ ਕਣਾ ਨ ਆਸ਼ਿਕ ਕਹਾਵੰਦਾ ਈ
ਤੱਕ ਚਮੜੀ ਕਈ ਬਣਨ ਆਸ਼ਿਕ, ਹੋਵੇ ਵਸਲ ਇਸ਼ਕ ਮੁੱਕ ਜਾਵੰਦਾ ਈ
ਆਸ਼ਿਕ ਇਸ਼ਕ ਹਕੀਕੀ ਜ਼ਖਮ ਡੂੰਘਾ, ਬੈਂਸ ਮੋਏ ਤਾਈਂ ਤੜਪਾਵੰਦਾ ਈ
ਬਾਝੋਂ ਮੋਇਆਂ ਕਿਸੇ ਨ ਪਾਈ ਮੰਜ਼ਿਲ, ਹੀਰ ਰਾਂਝਾ ਜੱਨਤ ਨੂੰ ਜਾਵੰਦਾ ਈ

ਚੋਰ ਜਾਰ ਭਲਵਾਨ ਕੰਜਰੀ ਢਾਡੀ, ਹੋਣ ਨਾ ਕਿਸੇ ਦੇ ਮਿੱਤ ਯਾਰੋ
ਅੱਖ ਮਿਲਾ ਚੁਰਾ ਕੇ ਲੁੱਟ ਲੈਂਦੇ, ਖੋਟੇ ਕਰਮ ਖੋਟੜੇ ਚਿੱਤ ਯਾਰੋ
ਤੱਕਣ ਨਾਰ ਪਰਾਈਆਂ ਥੀਂ, ਜਤੀ ਆਖਣਾ ਉਨ੍ਹਾਂ ਨ ਹੱਕ ਯਾਰੋ
ਨਾਰ ਆਪਣੀ ਮੁਰਗੀ ਘਰ ਵਾਕਣ, ਮਾਰੀ ਉਨ੍ਹਾਂ ਦੀ ਮੱਤ ਯਾਰੋ
ਭਾਈ ਮੁੱਲਾਂ ਨਿੱਤ ਪੜ੍ਹਨ ਗਾਥਾ, ਲੋਕੀਂ ਆਖਦੇ ਪਾਕ ਪਵਿੱਤ ਯਾਰੋ
ਟਕੇ ਟਕੇ ਦੀ ਝਾਕ ਰੱਖਣ, ਆਵੇ ਵਸ ਨਾ ਉਨ੍ਹਾਂ ਦਾ ਚਿੱਤ ਯਾਰੋ
ਪੜ੍ਹਨ ਪੰਡਿਤ ਰਖੀਸਰ ਨਿੱਤ, ਪੂਜਣ ਮੂਰਤਾਂ ਪੱਥਰ ਪਰਵਾਰ ਯਾਰੋ
ਵਾਂਗ ਪੱਥਰਾਂ ਉਨ੍ਹਾਂ ਦਾ ਚਿੱਤ ਹੋਵੇ, ਗਲਾ ਕੱਪਦੇ ਵਾਂਗ ਕਟਾਰ ਯਾਰੋ
ਪੂਜਣ ਪਾਹਣ ਆਖਣ ਸਾਧਨਾ ਈ, ਚੜ੍ਹੇ ਸਿਰ ਤੇ ਪੱਥਰਾਂ ਭਾਰ ਯਾਰੋ
ਆਪ ਡੁੱਬੇ ਜਜਮਾਨ ਡੋਬ ਦੇਣੇ, ਭਰੀ ਪੱਥਰਾਂ ਬੇੜੀ ਕਰੇ ਨਾ ਪਾਰ ਯਾਰੋ
ਸੱਦ ਪੰਡਿਤ ਜਜਮਾਨ ਸਰਾਧ ਖੁਆਵਣ, ਪਿੱਤਰਾਂ ਕਰਨ ਖੁਆਰ ਯਾਰੋ
ਜਿਉਂਦੇ ਜੀ ਕਦੀ ਨ ਪੂਜਿਆ ਸੂ, ਖੁਆ ਪੰਡਿਤਾਂ ਤਾਰਦੇ ਭਾਰ ਯਾਰੋ
ਗ੍ਰੰਥੀ ਪਾਦਰੀ ਰੱਬ ਦੇ ਹੋਣ ਬੰਦੇ, ਕਾਜ਼ੀ ਪੰਡਿਤ ਧਰਮ ਸਰਕਾਰ ਯਾਰੋ
ਲੋਕਾਂ ਤਾਈਂ ਸਿਖਿਆ ਦੇਣ ਭੈੜੇ, ਨਾਂ ਰੱਬ ਨਾ ਉਨ੍ਹਾਂ ਦਰਕਾਰ ਯਾਰੋ
ਜਲੇ ਦੀਵਾ ਹੇਠ ਹੋਵੇ ਨ੍ਹੇਰਾ, ਗੁਰਦੁਆਰੇ ਰੱਬ ਨ ਵੇਖੋ ਵਿਚਾਰ ਯਾਰੋ
ਚਾਰੇ ਮੱਝੀਆਂ ਚਿੱਤ ਹੀਰ ਵਸੇ, ਰੱਬ ਪਾਇਆ ਇਸ਼ਕ ਚੋਂ ਯਾਰ ਯਾਰੋ
ਬੈਠ ਕੱਠੇ ਸਿਆਣੇ ਕਰਨ ਗੁਰਬਤ, ਝੂਠਾ ਕਰਮ ਧਰਮ ਵਾਪਾਰ ਯਾਰੋ
ਸਤੀ ਸੱਤ ਕਮਾਉਣਾ ਧਰਮ ਲੋਕੋ, ਕੰਮ ਚਿਤਾ ਜਲਾਉਣਾ ਬੇਕਾਰ ਯਾਰੋ
ਡਰ ਮੌਤ ਦਾ ਵੱਢ ਵੱਢ ਖਾਵੇ, ਹੱਥ ਸਧੌਰਾ ਸੇਕ ਨ ਹੋਵੇ ਸਹਾਰ ਯਾਰੋ
ਤਰ੍ਹਾਂ ਤਰ੍ਹਾਂ ਦੇ ਧਰਮ ਬਣਾ ਛੱਡੇ, ਧਰਮ ਵੇਚਣ ਵਾਂਗ ਦੁਕਾਨਦਾਰ ਯਾਰੋ
ਧਰਮ ਤੋਂ ਪਹਿਲਾਂ ਬੈਂਸ ਕੁਝ ਨ ਸੀ, ਘਰ ਆਪਣੇ ਜਪਣ ਕਰਤਾਰ ਯਾਰੋ
ਘਰ ਘਰ ਮੰਜੀਆਂ ਡਾਹ ਲਈਆਂ, ਮਜ਼੍ਹਬ ਅੱਲ੍ਹੜਾਂ ਕਰਨ ਖੁਆਰ ਯਾਰੋ
ਮਿਲਿਆ ਆਪਣੇ ਘਰੋਂ ਮਿਲਿਆ, ਚਿੱਤ ਬੈਸ ਦਾ ਰੱਬ ਘਰ ਬਾਰ ਯਾਰੋ
ਬੁੱਤ ਪੂਜ ਮਨਾਇਆ ਯਾਰ ਤਾਈਂ, ਧੀਦੋ ਪੁੱਜਿਆ ਹਰਿ ਦੁਆਰ ਯਾਰੋ





ਸਨ ਚੌਦਾਂ ਸੌ ਤ੍ਰੇਪਨ ਦੋਨੋਂ ਫੌਤ ਹੋਏ, ਵ੍ਹਰੇ ਸੌ ਮਗਰੋਂ ਕਿੱਸਾ ਮਨਜ਼ੂਰ ਹੋਇਆ
ਲੰਮਾਂ ਅਰਸਾ ਲੋਕੋ ਬੀਤਿਆ ਸੂ, ਹੀਰ ਰਾਂਝੇ ਦਾ ਕਿੱਸਾ ਮਸ਼ਹੂਰ ਹੋਇਆ
ਸੂਫੀਆਂ ਸੁਣ ਬਿਆਨ ਦਿੱਤੇ, ਚਿੱਤ ਉਨ੍ਹਾਂ ਦੇ ਇਸ਼ਕ ਮਸ਼ਕੂਰ ਹੋਇਆ
ਕਿੱਸੇ ਹੀਰ ਦੇ ਛਪਣ ਲੱਗੇ, ਹੀਰ ਲਿਖਣਾ ਸ਼ਾਇਰ ਦਸਤੂਰ ਹੋਇਆ
ਕਿੱਸੇ ਹੋਰ ਬਥੇਰੇ ਗਏ ਲਿਖੇ, ਕਿੱਸਾ ਦਮੋਦਰ ਪਹਿਲਾਂ ਮਸ਼ਹੂਰ ਹੋਇਆ
ਸਮਕਾਲੀ ਸੂ ਅਕਬਰ ਦਾ, ਸੌ ਵ੍ਹਰੇ ਮਗਰੋ ਤਵਾਰੀਖ ਮਨਜ਼ੂਰ ਹੋਇਆ
ਅੱਖੀਂ ਵੇਖਿਆ ਹਾਲ ਆਖੇ ਭੈੜਾ, ਚਿੱਤ ਉਸ ਦੇ ਬੜਾ ਗ਼ਰੂਰ ਹੋਇਆ
ਮਗਰੋਂ ਕਿੱਸੇ ਛਾਪੇ ਬਹੁਤਿਆਂ ਨੇ, ਵਾਰਸ ਸਭ ਤੋਂ ਵੱਧ ਮਸ਼ਹੂਰ ਹੋਇਆ
ਗੱਲ ਧਿਆਨ ਦੀ ਤੇ ਸੋਚ ਦੀ ਏ, ਕਦੀ ਮੋਮਨਾਂ ਹਿੰਦੂ ਮਨਜ਼ੂਰ ਹੋਇਆ
ਦੋ ਸੌ ਉਣੰਜਾ ਬੁੱਤ ਮੁਹੰਮਦ ਭੰਨੇਂ ਸੂ, ਬਾਕੀ ਇਕ ਮੋਮਨਾਂ ਮੂਰ ਹੋਇਆ
ਬੁੱਤਖ਼ਾਨਾ ਪੂਜਣਾ ਕਾਫਿਰੀ ਏ, ਬੁੱਤਖ਼ਾਨਾ ਨਾ ਮੋਮਨ ਮਨਜ਼ੂਰ ਹੋਇਆ
ਕਦੀ ਵੇਖੀਆਂ ਮੁੰਦਰਾਂ ਪੀਰ ਕੰਨੀਂ, ਕਦੀ ਮੱਥੇ ਤਿਲਕ ਹਜ਼ੂਰ ਹੋਇਆ
ਕਦੀ ਭਗਵਾਂ ਭੇਸ ਬਣਾਇਆ ਸੂ, ਜਿਲਾਨੀ ਕਾਦਰੀ ਭਾਵੇਂ ਤੈਮੂਰ ਹੋਇਆ
ਕਈ ਆਖਦੇ ਨਵੇਂ ਬਣੇ ਮੋਮਨ, ਇਸ ਲਈ ਨਾਥ ਦਾ ਟਿੱਲਾ ਮਨਜ਼ੂਰ ਹੋਇਆ
ਲੋਕੋ ਸੋਚ ਵਿਚਾਰ ਕੇ ਵੇਖੋ ਜ਼ਰਾ, ਮਜ਼੍ਹਬ ਬਦਲ ਕੇ ਪਿੱਛਲਾ ਦੂਰ ਹੋਇਆ
ਨਵਾਂ ਧਾਰ ਕੇ ਪਿਛਲਾ ਰੱਖਣਾ ਸੂ, ਨਵੇਂ ਮਜ਼੍ਹਬ ਲਈ ਕਿਉਂ ਮਜ਼ਬੂਰ ਹੋਇਆ
ਨਵਾਂ ਸਜਿਆ ਹੋਵੇ ਬੜਾ ਕੱਟੜ, ਪਿਛਲਾ ਮਜ਼੍ਹਬ ਨ ਤਿਨ੍ਹਾਂ ਮਨਜ਼ੂਰ ਹੋਇਆ
ਮਾਰੇ ਸ਼ਰਮ ਚੂਚਕ ਮਿੱਟੀ ਰੋਲ ਦਿੱਤੀ, ਝੰਗ ਸਿਆਲ ਇਹਾ ਕਸੂਰ ਹੋਇਆ
ਸੌ ਵ੍ਹਰੇ ਮਗਰੋਂ ਹੀਰ ਮਸ਼ਹੂਰ ਹੋਈ, ਚੁੱਕ ਮੋਮਨਾਂ ਕਬਰ ਕਬੂਰ ਹੋਇਆ
ਨਾਲ ਰਾਂਝੇ ਕਬਰ ਬਣਾ ਛੱਡੀ, ਬੈਂਸ, ਇਸ਼ਕ ਦਾ ਇਹਾ ਦਸਤੂਰ ਹੋਇਆ
ਅੱਧੀ ਕੋਹ ਕਬਰਾਂ ਦੂਰ ਝੰਗ ਪਿੰਡੋਂ, ਦੁਧ ਚੜ੍ਹਾਉਣ ਜੱਗ ਮਨਜ਼ੂਰ ਹੋਇਆ
ਕਬਰ ਬੀਬੀ ਦੇ ਨਾਂ ਮਸ਼ਹੂਰ ਹੋਈ, ਸੰਗ ਰਾਂਝੇ ਦਾ ਨਾਂ ਸ਼ਮੂਰ ਹੋਇਆ
ਦੋ ਰੂਹਾਂ ਨੂੰ ਇਸ਼ਕ ਮਿਲਾ ਦੇਵੇ, ਸੱਚੇ ਰੱਬ ਨੂੰ ਇਹੋ ਮਨਜ਼ੂਰ ਹੋਇਆ
ਹੱਥ ਰੱਖਿਆ ਬੈਂਸ ਦੇ ਸਿਰ ਉਤੇ, ਲਿਖ ਹੀਰ ਸਵਰਨ ਮਸ਼ਕੂਰ ਹੋਇਆ
ਲਿਖੀ ਹੀਰ ਜਿਵੇਂ ਸਮਝ ਆਈ, ਸੱਚੇ ਰੱਬ ਥੀਂ ਲਿਖਣ ਮਨਜ਼ੂਰ ਹੋਇਆ
ਇਸ਼ਕ ਬੰਦੇ ਰੱਬ ਬਣਾ ਦੇਵੇ, ਬਾਝ ਇਸ਼ਕ ਬੰਦਾ ਰੱਬ ਤੋਂ ਦੂਰ ਹੋਇਆ

ਇਸ਼ਕ ਉੱਚਾ ਉਚੀਆਂ ਮੰਜ਼ਿਲਾਂ ਤੋਂ, ਗੁਲਾਮ ਕੁਤਬ ਕੂ ਨਾਮ ਗ਼ਰੂਰ ਹੋਵੇ
ਇਸ਼ਕ ਇਸ਼ਕ ਨਾਮ ਪਿਆਰ ਦਾ ਏ, ਇਸ਼ਕ ਆਸ਼ਿਕਾਂ ਤਾਈਂ ਮਨਜ਼ੂਰ ਹੋਵੇ
ਇਸ਼ਕ ਆਪਣੇ ਜੱਗ ਉਸ ਸਾਜਿਆ ਸੂ, ਬਾਝ ਇਸ਼ਕ ਨ ਰੱਬ ਜ਼ਹੂਰ ਹੋਵੇ
ਇਸ਼ਕ ਉਹ ਨਹੀਂ ਚਮੜੀ ਵੇਖਣਾ ਈ, ਹੁਸਨ ਵੇਖ ਨੱਢੀਆਂ ਗ਼ਰੂਰ ਹੋਵੇ
ਰੱਬ ਹੁਸਨ ਉਨ੍ਹਾਂ ਤੇ ਵਾਰਦਾ ਈ, ਜਿਨ੍ਹਾਂ ਇਸ਼ਕ ਚੋਂ ਕੋਈ ਕਸੂਰ ਹੋਵੇ
ਤੱਕ ਹੁਸਨ ਚਿੱਤ ਗੁਮਾਨ ਚੜ੍ਹੇ, ਗੁਮਾਨ ਭਰਿਆ ਰੱਬ ਤੋਂ ਦੂਰ ਹੋਵੇ
ਝਾਤੀ ਮਾਰ ਕੇ ਵੇਖੋ ਜ਼ਰਾ ਲੋਕੋ, ਰੱਬ ਜਿਹਾ ਨਾ ਰੱਬ ਮਨਜ਼ੂਰ ਹੋਵੇ
ਗੱਲ ਏਥੇ ਹੀ ਮੁੱਕਦੀ ਨਹੀਂ, ਅਪਣੀ ਸੱਤਾ ਦਾ ਰੱਬ ਨੂੰ ਗ਼ਰੂਰ ਹੋਵੇ
ਕਿਸੇ ਨ ਆਪਣੇ ਜਿਹਾ ਬਣਨ ਦੇਵੇ, ਜ਼ਰੂਰਤ ਤੇ ਰੱਬ ਮਜ਼ਬੂਰ ਹੋਵੇ
ਭੇਦ ਆਪਣਾ ਕਿਸੇ ਨਾ ਦੱਸਦਾ ਈ, ਸਾਰੇ ਜੱਗ ਤੋਂ ਰੱਬ ਦੂਰ ਹੋਵੇ
ਲੋਕੀਂ ਟੱਕਰਾਂ ਮਾਰ ਕੇ ਥੱਕ ਜਾਂਦੇ, ਪਰ ਕਿਸੇ ਨ ਉਹਾ ਸ਼ਊਰ ਹੋਵੇ
ਖੰਨੀਂ ਚੱਪੀਆਂ ਸਾਦਿਕਾਂ ਸੁੱਟ ਦੇਵੇ, ਦੂਰੋਂ ਸੁੱਟ ਕੇ ਨਜ਼ਰ ਤੋਂ ਦੂਰ ਹੋਵੇ
ਰੱਬ ਢਿੱਲੀਆਂ ਕਾਨੀਆਂ ਮਾਰਦਾ ਏ, ਨਾ ਘੌ ਮਿਟੇ ਨਾ ਦੁਖ ਦੂਰ ਹੋਵੇ
ਉਹਦੇ ਤੀਰ ਦਾ ਨਿਸ਼ਾਨਾ ਚੁੱਕਦਾ ਨਹੀਂ, ਭਾਵੇਂ ਨੇੜੇ ਭਾਵੇਂ ਦੂਰ ਹੋਵੇ
ਰੱਬ ਐਸੀ ਬੈਂਸ ਦੇ ਕਾਣ ਮਾਰੀ, ਉਹਨੂੰ ਭਾਲਣ ਨੂੰ ਬੈਂਸ ਮਜ਼ਬੂਰ ਹੋਵੇ
ਰਾਹ ਵਖਾ ਕੇ ਆਪ ਛੁਪ ਜਾਵੇ, ਆਖੇ ਯਾਰ ਥੀਂ ਮੇਰਾ ਸਹੂਰ ਹੋਵੇ
ਜਾਹ ਬੈਂਸ ਮਨਾ ਯਾਰ ਤਾਈਂ, ਆਪੇ ਟੋਭਾ ਪੁੱਟਿਆ ਆਪੇ ਪੂਰ ਹੋਵੇ
ਹੱਥ ਬੇਲਚਾ ਸਿਰ ਟੋਕਰੀ ਰੱਖ, ਬੈਂਸ ਭਰਦਾ ਜਿਵੇਂ ਭਰਪੂਰ ਹੋਵੇ
ਬੂੰਦ ਬੂੰਦ ਭਰ ਤਾਲ ਭਰ ਜਾਸੀ, ਅੰਤ ਕੰਢਿਆਂ ਉਤੋਂ ਜ਼ਰੂਰ ਹੋਵੇ
ਰੱਬ ਮਿਲਣ ਦੇ ਬਹਾਨੇ ਕਰਨ ਮਜ਼੍ਹਬ, ਕੌਣ ਧਰਮੀਂ ਰੱਬ ਮਨਜ਼ੂਰ ਹੋਵੇ
ਧਰਮ ਨਾਮ ਰਸਮ ਰਿਵਾਜ ਲੋਕੋ, ਰਾਹ ਰੱਬ ਦੇ ਤੋਂ ਮਜ਼੍ਹਬ ਦੂਰ ਹੋਵੇ
ਰੱਬ ਇਸ਼ਕ ਚ ਜੱਗ ਸਾਜਿਆ ਸੂ, ਰੱਬ ਪਾਉਣਾ ਇਸ਼ਕ ਸ਼ਊਰ ਹੋਵੇ
ਲੋਕਾਂ ਇਸ਼ਕ ਮਜਾਜ਼ੀ ਭਾਉਂਦਾ ਏ, ਮੁੱਕੇ! ਚਮੜਾ ਚਮੜੇ ਤੋਂ ਦੂਰ ਹੋਵੇ
ਆਪ ਲਿਖਾਏ ਆਪੇ ਸੇਧ ਬਖਸ਼ੇ, ਲਿਖ ਬੈਂਸ ਨੂੰ ਚੜ੍ਹਦਾ ਸਰੂਰ ਹੋਵੇ
ਲੀਕਾਂ ਪੁੱਠੀਆਂ ਚਿੱਧੀਆਂ ਵਾਹੀਆਂ ਸੂ, ਲਾਜ ਰੱਖਸੀ ਰੱਬ ਮਨਜ਼ੂਰ ਹੋਵੇ





ਕੁਝ ਨਹੀਂ ਨਹੀਂ ਜਦੋਂ ਜਹਾਨ ਅੰਦਰ, ਰੱਬ ਆਪਣਾ ਆਪ ਬਣਾ ਲਿੱਤਾ
ਇਸ਼ਕ ਮੁਸ਼ਕ ਨੇ ਬੜਾ ਸਤਾਇਆ ਸੂ, ਫਿਰ ਰੱਬ ਨੇ ਜੱਗ ਬਣਾ ਦਿੱਤਾ
ਇਸ਼ਕ ਮੁਸ਼ਕੋਂ ਡਰਾਇਆ ਜਨਤਾ ਥੀਂ, ਰੱਬ ਇਸ਼ਕ ਚ ਆਪ ਛੁਪਾ ਲਿੱਤਾ
ਕਾਲੀ ਦਾਸ ਪਿਆਰ ਕੀਤਾ ਜੋਰੂ ਸੰਗ, ਆਪਣੇ ਆਪ ਨੂੰ ਉਸ ਭੁਲਾ ਦਿੱਤਾ
ਵਿਦਵਾਨ ਆਖਦੇ ਕਾਲੀ ਦਾਸ ਮੂਰਖ, ਭੈੜੀ ਜੋਰੋ ਤਾਈਂ ਭਰਮਾ ਲਿੱਤਾ
ਧੱਕਾ ਮਾਰਿਆ ਛੋਹਰੀ ਛੌਹਰ ਤਾਈਂ, ਚੰਡੀ ਮੂਰਤੀ ਉਤੇ ਗਿਰਾ ਦਿੱਤਾ
ਦਾਸ ਡਿਗਿਆ ਲਹੂ ਲੁਹਾਣ ਹੋਇਆ, ਅ੍ਹੰਦੇ ਚੰਡੀ ਤੋਂ ਵਰ ਪਾ ਲਿੱਤਾ
ਜਦੋਂ ਸਮਝ ਵਿਦਵਾਨ ਨ ਲੱਗੇ, ਅਣਹੋਣੀ ਵੱਲ ਇਸ਼ਾਰਾ ਕਰਾ ਦਿੱਤਾ
ਕਾਲੀ ਦਾਸ ਨੇ ਜੋਰੋ ਚੋਂ ਰੱਬ ਪਾਇਆ, ਲੋਕਾਂ ਦੇਵੀ ਪਿੱਛੇ ਛੁਪਾ ਦਿੱਤਾ
ਕਾਲੀ ਦਾਸ ਲਿਖੀ ਸ਼ਕੁੰਤਲਾ ਸੂ, ਸਾਰੇ ਜੱਗ ਥੀਂ ਪਿਆਰ ਸਮਝਾ ਦਿੱਤਾ
ਅਜਾ ਮੱਲ ਪੰਡਿਤ ਵਿਆਹੀ ਵੈਸ਼ਿਆ ਸੂ, ਪੰਡਿਤਾਂ ਭਾਂਡਾ ਛਿਕਾ ਦਿੱਤਾ
ਪਾਪੀ ਆਖ ਕੇ ਕੱਢਿਆ ਕੋੜਮੇ ਚੋਂ, ਭਗਤ ਤਾਈਂ ਪਾਪੀ ਬਣਾ ਦਿੱਤਾ
ਗ੍ਰੰਥ ਆਖੇ ਮਰਨ ਵੇਲੇ ਰਾਮ ਆਖੈ, ਅਜਾ ਸੁਰਗਾਂ ਵਿਚ ਪਹੁੰਚਾ ਦਿੱਤਾ
ਭਲਾ ਲੋਕੀਂ ਤਾਂ ਭੋਲੇ ਅਣਜਾਣ ਹੋਵਣ, ਗੁਰੂਆਂ ਭੀ ਲਾਰਾ ਲਾ ਦਿੱਤਾ
ਇਸ਼ਕ ਜੱਗ ਨੂੰ ਨਹੀਂ ਭਾਉਂਦਾ, ਗ੍ਰੰਥ ਭੀ ਲੋਕਾਂ ਭਰਮਾਂ ਚ ਪਾ ਦਿੱਤਾ
ਤੇਗ ਬਹਾਦਰ ਲਿਖਿਆ ਪ੍ਰੀਤ ਪੁੱਤਰ ਚੋਂ, ਅਜਾ ਮੱਲ ਰੱਬ ਪਾ ਲਿੱਤਾ
ਸੱਚ ਵਰਤਿਆ ਉਸ ਛੁਪਾ ਲਿੱਤਾ, ਨ੍ਹਾਰਾ ਸ਼ਰ੍ਹਾ ਦਾ ਉਸ ਪੁਗਾ ਦਿੱਤਾ
ਲੋਕੋ ਸ਼ਰ੍ਹਾ ਤੋਂ ਗੁਰੂ ਭੀ ਡਰਦੇ ਸੀ, ਪਾਠ ਮੀਰਾ ਦਾ ਲਿਖ ਮਿਟਾ ਦਿੱਤਾ
ਬੈਂਸ ਫਿਰ ਭੀ ਗੁਰੂ ਸ਼ਾਬਾਸ਼ ਆਖੇ, ਨਾਂ ਅਜਾ ਮੱਲ ਭਗਤਾਂ ਚ ਪਾ ਦਿੱਤਾ
ਅਜਾ ਰੱਬ ਪਾਇਆ ਜੋਰੋ ਪਿਆਰ ਵਿਚੋਂ, ਵਿਦਵਾਨਾਂ ਉਸ ਛੁਪਾ ਲਿੱਤਾ
ਇਹੋ ਇਸ਼ਕ ਕਮਾਇਆ ਹੀਰ ਰਾਂਝੇ, ਲੋਕਾਂ ਇਸ਼ਕ ਬੁਰਾ ਮਨਾ ਲਿੱਤਾ
ਅੰਤ ਸੂਫੀਆਂ ਇਸ਼ਕ ਕਮਾਇਆ ਸੂ, ਹੀਰ ਰਾਂਝਾ ਰੁਸੂਆ ਕਰਾ ਦਿੱਤਾ
ਤੁਰਕ ਸਿੱਖੜੇ ਪੂਜਦੇ ਸੂਫੀਆਂ ਕੂ, ਹੀਰ ਰਾਂਝਾ ਉਨ੍ਹਾਂ ਅਪਣਾ ਲਿੱਤਾ
ਪੁੱਠੀ ਸਿੱਧੀਆਂ ਪੱਟੀਆਂ ਪੜ੍ਹਾ ਲੋਕਾਂ, ਧਰਮਾਂ ਰੱਬ ਨੂੰ ਪਿੱਛੇ ਛੁਪਾ ਲਿੱਤਾ
ਲੋਕੋ ਇਸ਼ਕ ਚੋਂ ਰੱਬ ਮਿਲਦਾ, ਸਵਰਨ ਸਿੰਘ ਨੂੰ ਯਾਰ ਸਮਝਾ ਦਿੱਤਾ

## 00

ਬੁੱਤਘੜ ਨ ਬੁਤਖ਼ਾਰ ਯਾਰੋ, ਚਿੱਤ ਵਸਿਆ ਯਾਰ ਦਾ ਪਿਆਰ ਯਾਰੋ
ਬਣਾਉਣ ਢਾਉਣ ਕੰਮ ਧਰਮਾਂ ਦਾ, ਇਕ ਦੂਜੇ ਨੂੰ ਕਰਨ ਖੁਆਰ ਯਾਰੋ
ਆਬਾਦੀ ਜੱਗ ਦੀ ਦਿਨ ਰਾਤ ਵਧੇ, ਰੱਬ ਕੀਤਾ ਸੋਚ ਵਿਚਾਰ ਯਾਰੋ
ਬੰਦੇ ਰੱਬ ਦੇ ਫੱਕਰ ਆਖਦੇ ਈ, ਮੁੱਲਾਂ ਭਾਈਆਂ ਕਰਨ ਸਤਕਾਰ ਯਾਰੋ
ਪਾ ਭੁਲੇਖਾ ਧਰਮ ਬਣਾ ਦਿੱਤੇ, ਬੰਦੇ ਰੱਬ ਦਿਆਂ ਕਰਨ ਖੁਆਰ ਯਾਰੋ
ਇਕ ਮਗਰੋਂ ਦੂਜਾ ਧਰਮ ਉਠੇ, ਉਲਟਾ ਪਹਿਲੇ ਤੋਂ ਕਰਨ ਪਰਚਾਰ ਯਾਰੋ
ਕੱਢਣ ਗਲਤੀਆਂ ਇਕ ਦੂਸਰੇ ਦੀ, ਇਹਾ ਧਰਮ ਦਾ ਧਰਮ ਪਰਚਾਰ ਯਾਰੋ
ਧਰਮ ਲੜਾਈ ਦੀ ਜੜ ਹੋਵੇ, ਕੋਈ ਦੂਜੇ ਧਰਮ ਨ ਕਰੇ ਸਵੀਕਾਰ ਯਾਰੋ
ਲੜ ਭਿੜ ਕੇ ਆਬਾਦੀ ਘਟ ਜਾਵੇ, ਕੁਝ ਮਰਨ ਤੇ ਕੁਝ ਦੇਣ ਮਾਰ ਯਾਰੋ
ਬੜੇ ਬੜੇ ਜੱਗ ਤੇ ਜੁੱਧ ਹੋਏ, ਜੰਗ ਦਾ ਜੜ ਮੁੱਢ ਧਰਮ ਆਧਾਰ ਯਾਰੋ
ਪਿਆ ਜੱਫਾ ਅੱਜ ਮੋਮਨਾਂ ਸ੍ਰਾਈਆਂ ਦਾ, ਪੀੜ ਗਰੀਬਾਂ ਦੇਣਗੇ ਮਾਰ ਯਾਰੋ
ਅਰਬ, ਅਫਰੀਕਾ ਜੰਗੇ ਮੈਦਾਨ ਬਣਿਆਂ, ਸ੍ਰਾਈ ਮੋਮਨਾਂ ਖਿੱਚੀ ਤਲਵਾਰ ਯਾਰੋ
ਮਾਇਆ ਹੜੱਪਣ ਦੀ ਗੱਲ ਸਾਰੀ, ਲੁੱਟਣ ਗਰੀਬਾਂ ਦਾ ਘਰ ਬਾਰ ਯਾਰੋ
ਕਦੀ ਅਮੀਰਾਂ ਰੱਬ ਨੂੰ ਮੰਨਿਆਂ ਈ? ਮਾਇਆ ਉਨ੍ਹਾਂ ਦਾ ਪਰਚਾਰ ਯਾਰੋ
ਗਰੀਬ ਜਿਨ੍ਹਾਂ ਮੰਦੇ ਕਰਮ ਕੀਤੇ, ਪਿਛਲੇ ਜਨਮ ਦੀ ਖਾਵੰਦੇ ਮਾਰ ਯਾਰੋ
ਰਾਹ ਇਸ਼ਕ ਹਿੰਦੂਆਂ ਭਾਉਂਦਾ ਨਹੀਂ, ਕਰਨ ਸ਼ਿਵਜੀ ਪੂਜ ਪੁਜਾਰ ਯਾਰੋ
ਕਾਲਾ ਰੰਗ ਮੱਥੇ ਤੇ ਤਿਲਕ ਭੈੜਾ, ਨਾਗ ਕਾਲਾ ਗਲ ਦਾ ਹਾਰ ਯਾਰੋ
ਕੰਮ ਸੱਪ ਦਾ ਡੰਗ ਮਾਰਨਾ ਈ, ਹੋਵੇ ਧਰਮ ਦਾ ਕਿਵੇਂ ਪਰਚਾਰ ਯਾਰੋ
ਧਰਮ ਉਨ੍ਹਾਂ ਦਾ ਮਰਜ਼ੀ ਉਨ੍ਹਾਂ ਦੀ, ਪਰ ਕਰਨ ਨ ਹੀਰ ਸਵੀਕਾਰ ਯਾਰੋ
ਤੁਰਕ ਸਿੱਖੜੇ ਹੀਰ ਥੀਂ ਗਾਉਂਦੇ ਈ, ਚਿੱਤ ਉਨ੍ਹਾਂ ਹੀਰ ਪਿਆਰ ਯਾਰੋ
ਦੋਵੇਂ ਜਾਣਦੇ ਸੱਚੇ ਆਸ਼ਿਕ ਸਨ, ਕਿੱਸਾ ਹੀਰ ਦਾ ਕੀਤਾ ਤਿਆਰ ਯਾਰੋ
ਪਿਆਰ ਕਰਨਾਂ ਭਲਾ ਖ਼ਤਾ ਕਿਹੜੀ, ਜ਼ਰਾ ਬੈਠ ਕੇ ਕਰੋ ਵਿਚਾਰ ਯਾਰੋ
ਮਜ਼੍ਹਬਾਂ ਕੋਲੋਂ ਬੈਂਸ ਬਚ ਕੇ ਰਹੁ, ਪਤਾ ਲੱਗ ਗਿਆ ਦੇਣਗੇ ਮਾਰ ਯਾਰੋ
ਪਿਆਰ ਚ ਰੱਬ ਜੱਗ ਸਾਜਿਆ ਸੁ, ਹੋਂਦ ਕੀਤੀ ਇਸ਼ਕ ਇਜ਼ਹਾਰ ਯਾਰੋ
ਵਿਚ ਯਾਰ ਵਚੋਲਾ ਬਣਾ ਦਿੱਤਾ, ਬਾਝ ਯਾਰ ਨ ਮਿਲੇ ਕਰਤਾਰ ਯਾਰੋ
ਹੀਰ ਰਾਂਝੇ ਇਹੋ ਪਿਆਰ ਕੀਤਾ, ਤੱਤੇ ਤਰ ਗਏ ਭਵ ਸਾਗਰ ਪਾਰ ਯਾਰੋ



ਧਿਆ ਰੱਬ ਨੂੰ ਕਿੱਸਾ ਆਰੰਭ ਕੀਤਾ, ਆਓ ਬੰਦਨਾ ਸਤਿ ਕਰਤਾਰ ਕਰੀਏ
ਰਾਖਾ ਸਤਿਗੁਰੂ ਦੁਖੀਆਂ ਦਰਦਮੰਗਾਂ, ਸੁਖ ਦੁਖ ਦੋਵੇਂ ਸੰਗ ਸ਼ੁਮਾਰ ਕਰੀਏ
ਲਿਖਿਆ ਸਵਰਨ ਸਿੰਘ ਹੀਰ ਕਿੱਸਾ, ਨਿਮਾਣੇ ਲਿਖੀ ਹੀਰ ਸਵੀਕਾਰ ਕਰੀਏ
ਲਿਖਣ ਪੜ੍ਹਨ ਨਾ ਆਲਮ ਫਾਜ਼ਿਲ, ਮਿਲ ਬੈਂਸ ਥੀਂ ਗਿਰਫਤਾਰ ਕਰੀਏ
ਪੜ੍ਹਨ ਲਿਖਣ ਕੰਮ ਪਾੜ੍ਹਿਆਂ ਦਾ, ਪੜ੍ਹ ਪੜ੍ਹ ਬੈਂਸ ਦਾ ਚਿੱਤ ਖੁਆਰ ਕਰੀਏ
ਲੇਖ ਲਿਖੇ ਕਾਲੇ ਅੱਖਰਾਂ ਚ, ਕਾਲੇ ਅੱਖਰ ਕਾਲੀ ਕਲਮ ਸਵੀਕਾਰ ਕਰੀਏ
ਲਿਖੀ ਹੀਰ ਬੈਂਸ ਜਿਵੇਂ ਸਮਝ ਆਈ, ਕੱਠੇ ਬੈਠ ਕਵੀਓ ਵਿਚਾਰ ਕਰੀਏ
ਕਈ ਕਾਵਿ ਕਈ ਮਹਾਂ ਕਾਵਿ ਲਿਖਣ, ਭੌਂ ਭਾਖਿਆ ਬੈਠ ਵਿਚਾਰ ਕਰੀਏ
ਲਿਖਣ ਸ਼ਾਇਰੀ ਦਿਲ ਦਰਦ ਹੋਵੇ, ਲੇਖ ਲਿਖਣ ਸ਼ਾਇਰ ਬਿਮਾਰ ਕਰੀਏ
ਵਾਰਤਾ ਲੱਖ ਕਵਿਤਾ ਇਕ ਅੱਖਰ, ਇਕ ਅੱਖਰ ਚ ਲੱਖ ਸ਼ੁਮਾਰ ਕਰੀਏ
ਲਿਖੀ ਵਾਰਤਾ ਤਰਜ ਨ ਤਾ ਕੋਈ, ਆਖਣ ਕਵਿਤਾ ਨਾਂ ਇਜ਼ਹਾਰ ਕਰੀਏ
ਕਾਵਿ ਕਵਿਤਾ ਗਾਉਣ ਬਜੌਣ ਹੋਵੇ, ਨਾਦੀ ਬੇਦੀਆਂ ਸੰਗ ਵਿਚਾਰ ਕਰੀਏ
ਅੱਖਰ ਘੱਟ ਵੱਧ ਅਸੂਲ ਕਾਣਿਆਂ ਦਾ, ਅੱਧਾ ਵੇਖਣਾ ਉਨ੍ਹਾਂ ਦੀ ਹਾਰ ਕਰੀਏ
ਬੈਂਸ ਸੋਚਿਆ ਤੁਰਕ ਨ ਬੁੱਤ ਪੂਜਣ, ਬੁੱਤਖ਼ਾਨਾ ਕਿੱਸੇ ਚ ਸ਼ੁਮਾਰ ਕਰੀਏ
ਜਾਣ ਮੋਮਨ ਨਾ ਡੇਰਿਆਂ ਨਾਥਾਂ ਦੇ, ਸੋਚ ਸਮਝ ਕੇ ਸੱਚ ਵਿਚਾਰ ਕਰੀਏ
ਨਾ ਭੇਸ ਬਣਾਉਣ ਸਾਧਾਂ ਜੋਗੀਆਂ ਦੇ, ਗੱਲ ਮੋਮਨਾਂ ਤਾਈਂ ਇਜ਼ਹਾਰ ਕਰੀਏ
ਨਾ ਗਲ ਮਾਲਾ ਨਾ ਤਿਲਕ ਮੱਥੇ, ਮੀਰ ਮੁਹੰਮਦ ਆਖਿਆ ਵਿਚਾਰ ਕਰੀਏ
ਹੀਰ ਰਾਂਝੇ ਅਪਣਾਇਆ ਸੂਫੀਆਂ ਨੇ, ਗੱਲ ਸੱਚੀ ਸੱਚ ਵਿਸਥਾਰ ਕਰੀਏ
ਆ ਸਾਹਮਣੇ ਬੈਠ ਕਰਾੜ ਦਮੋਦਰ, ਲਿਖ ਹੀਰ ਨਾ ਐਵੇਂ ਹੰਕਾਰ ਕਰੀਏ
ਕਰਾੜ ਕਦੀ ਨ ਸੱਚਾ ਵਪਾਰ ਕੀਤੋ, ਹੀਰ ਕਿਵੇਂ ਮੋਮਨ ਸਵੀਕਾਰ ਕਰੀਏ
ਆ ਵਾਰਿਸਾ ਹੁਣ ਜ਼ਿਰ੍ਹਾ ਕਰੀਏ, ਸੱਈਅਦ ਆਖ ਤੇਰਾ ਬੇੜਾ ਪਾਰ ਕਰੀਏ
ਨਕਲ ਮਾਰੀ ਸੁ ਅਹਿਮਦ ਗੁੱਜਰ ਦੀ, ਭਲਾ ਤੇਰਾ ਕਿਵੇਂ ਇਤਬਾਰ ਕਰੀਏ
ਨਕਲ ਮਾਰਨਾ ਭੈੜਿਆ ਕਰਮ ਭੈੜਾ, ਫੇਲ੍ਹ ਪਾਸ ਵਾਰਸ ਇੰਤਜ਼ਾਰ ਕਰੀਏ
ਅਸਾਂ ਆਪਣੀ ਰਾਇ ਪਰਦਾਨ ਕੀਤੀ, ਨਹੀਂ ਭਾਉਂਦੀ ਲੋਕੋ ਬੇਕਾਰ ਕਰੀਏ
ਉਠੋ ਪਾੜ੍ਹਿਓ ਆਪਣੀ ਕਲਮ ਚੁੱਕੋ, ਕਰੋ ਟਿੱਪਣੀ ਰਾਇ ਇਜ਼ਹਾਰ ਕਰੀਏ
ਬੈਂਸ ਕਿੱਸੇ ਤੇ ਕਿੱਸਾ ਖੜ੍ਹਾ ਕਰ ਦਿੱਤਾ, ਜਿਰ੍ਹਾ ਇਕ ਦੋ ਚਾਰ ਹਜ਼ਾਰ ਕਰੀਏ
ਬੈਂਸ, ਜਿਰ੍ਹਾ ਕਰੀਏ ਰੱਬ ਦੀ ਰਜ਼ਾ ਅੰਦਰ, ਸੱਚ ਭਾਖੀਏ ਸੱਚ ਵਿਚਾਰ ਕਰੀਏ

## 00

ਹੁਸਨ ਜੁਆਨੀ ਨੇ ਢਲ ਜਾਣਾ, ਤੈਨੂੰ ਹੁਸਨ ਦਾ ਬੜਾ ਗ਼ਰੂਰ ਕੁੜੇ
ਛੌਣੀ ਪਾ ਕੇ ਕੋਈ ਨ ਬਹਿੰਦਾ, ਲੱਦ ਗਏ ਲੱਖਾਂ ਪੂਰ ਕੁੜੇ

ਅੱਜ ਆਇਆ ਕੱਲ੍ਹ ਟੂਰ ਜਾਣਾ, ਰਹਿਣਾ ਨਹੀਂ ਕੋਈ ਰਾਜਾ ਰਾਣਾ
ਵੇਲਾ ਈ ਮਨ ਖੋਜ ਆਪਣਾ, ਅੜਿਆ! ਬਣ ਕੇ ਜ਼ਰਾ ਸਿਆਣਾ
ਆਸ਼ਕ ਮਾਸ਼ੂਕ ਸਭ ਟੂਰ ਗਏ, ਚੱਲ ਵਸੇ ਕਈ ਮਨਸੂਰ ਕੁੜੇ
ਦੁਨੀਆਂ ਗਾਵੈ ਵੇਦ ਕਤੇਬਾਂ, ਅਸਾਂ ਹਰਿ ਹਰਿ ਨਾਮ ਧਿਆਇਆ
ਨਾਦੀ ਬੇਦੀਂ ਹਰਿ ਮਨ ਭਾਇਆ, ਭਜ ਹਰਿ ਮਨ ਵਿਗਸਾਇਆ
ਉਹਨੂੰ ਲੋਚ ਕੈ ਮਨ ਖੋਜ ਕੈ, ਮੂਸਾ! ਚੜ੍ਹ ਗਿਆ ਕੋਹੇ ਤੂਰ ਕੁੜੇ
ਜੈਸੀ ਕਰਨੀ ਤੈਸੀ ਭਰਨੀ, ਸਭ ਕਰਮਾਂ ਦਾ ਫਲ ਮਿਲਦਾ
ਬਾਝੋਂ ਯਾਰ ਮਨਾਇ ਬੈਂਸ, ਕਦੀ ਭੇਦ ਨ ਖੁਲ੍ਹਦਾ ਦਿਲ ਦਾ
ਇਸ਼ਕ ਬਾਝੋਂ ਯਾਰ ਨ ਮੰਨਦਾ, ਭਾਵੇਂ ਤੂੰ ਹੂਰਾਂ ਦੀ ਹੂਰ ਕੁੜੇ
ਯਾਰ ਮਨਾ ਲੈ ਨਾਮ ਧਿਆ ਲੈ, ਤਨ ਮਨ ਦੀ ਲਾ ਕੇ ਬਾਜ਼ੀ
ਜਦੋਂ ਰਾਂਝਾ ਹੋ ਗਿਆ ਰਾਜ਼ੀ, ਫਿਰ ਕੀ ਕਰ ਸਕਦਾ ਕਾਜ਼ੀ
ਰਾਂਝਾ ਕਰਦੀ ਰਾਂਝਾ ਬਣ, ਰੱਬ ਪਾਉਣ ਦਾ ਈ ਦਸਤੂਰ ਕੁੜੇ
ਰੱਬ ਮਨਾਉਣਾ ਬੜਾ ਈ ਸੌਖਾ, ਪਰ ਯਾਰ ਮਨਾਉਣਾ ਔਖਾ
ਯਾਰ ਨਾ ਮੰਨੇਂ ਰੱਬ ਨਾ ਮੰਨੇਂ, ਕੰਮ ਯਾਰ ਮਨਾਉਣ ਦਾ ਚੌਖਾ
ਤੂੰ ਮਾਹੀ ਮਾਹੀ ਕਰਦੀ ਜਾਹ, ਮੁੜ ਹਿੱਲੈ ਤਖ਼ਤ ਹਜ਼ੂਰ ਕੁੜੇ
ਰੱਬ ਮਨਾਉਣਾ ਔਖਾ ਨਹੀਂ, ਦੋ ਨਫਲ ਪੜ੍ਹੋ ਰੱਬ ਮੰਨ ਜਾਂਦਾ
ਯਾਰ ਰੱਬ ਦੀ ਸਾਰ ਜਾਣਦਾ, ਪਹਿਲਾਂ ਯਾਰ ਬਣਾਉਣਾ ਪੈਂਦਾ
ਸਗਲ ਲੁਕਾਈ ਉਹਨੂੰ ਜਾਣੇ, ਮੇਰਾ ਯਾਰ ਬੜਾ ਮਸ਼ਹੂਰ ਕੁੜੇ
ਯਾਰ ਮਨਾ ਕੇ ਰੱਬ ਮੰਨਦਾ, ਯਾਰ ਮੰਨੇ ਪਿਆਰ ਚ ਮਰ ਕੇ
ਰਾਂਝੇ ਇਸ਼ਕ ਚੋਂ ਰੱਬ ਪਾ ਲਿਆ, ਇਸ਼ਕ ਹੀਰ ਤੇ ਮਰ ਕੇ
ਜੋ ਕਮਾਵੇਂ ਸੋ ਫਲ ਪਾਵੇਂ, ਬੈਂਸ, ਹੋਰ ਨ ਕਿਸੇ ਕਸੂਰ ਕੁੜੇ



## 00

ਸ਼ਾਇਰ ਹੋਣ ਮਜ਼੍ਹਬ ਦੇ ਨੁਕਤਾਚੀਨ, ਚਿੱਤ ਆਇਆ ਲਿਖਤ ਲਿਖਾ ਹੋਵੇ
ਭਾਈ ਮੁੱਲਾਂ ਕਾਫਿਰ ਆਖਦੇ ਈ, ਕਾਇਰ ਸ਼ਾਇਰ ਨ ਮਜ਼੍ਹਬ ਪਰਵਾਹ ਹੋਵੇ
ਭੈੜੇ ਮਨ ਦੇ ਘੋੜੇ ਦੁੜਾਵੰਦੇ ਈ, ਅੱਗੇ ਦਰਿਆ ਵਗੇ ਭਾਵੇਂ ਢਾ ਹੋਵੇ
ਕੰਮ ਕਾਰ ਨਾ ਸ਼ਇਰਾਂ ਭਾਉਂਦਾ ਈ, ਚਿੱਤ ਕਾਲਾ ਲਿਖਤ ਸਿਆਹ ਹੋਵੇ
ਮਾਰ ਲੀਕਾਂ ਰੋਜ਼ੀ ਕਮਾਉਣ ਭੈੜੇ, ਲਿਖਤ ਲਿਖਣ ਨੂੰ ਸਾਹਮਣੇ ਸ਼ਾਹ ਹੋਵੇ
ਜਿਹਾ ਚਿੱਤ ਹੋਵੇ ਤਿਹਾ ਕਮਾਲ ਲਿਖਣ, ਲੇਖ ਲਿਖ ਕੇ ਰੋਜ਼ੀ ਕਮਾ ਹੋਵੇ
ਜ਼ਰੂਰੀ ਨਹੀਂ ਲਿਖਿਆ ਸੱਚ ਹੋਵੇ, ਕਿਹੜੇ ਸਾਹਮਣੇ ਬੈਠਾ ਗਵਾਹ ਹੋਵੇ
ਮਨ ਆਈ ਸ਼ਾਇਰੀ ਲਿਖ ਛੱਡਣ, ਚੰਗਾ ਮਸਾਲਾ ਚੰਗਾ ਨਿਰਬਾਹ ਹੋਵੇ
ਵੇਖੋ ਪੰਡਤਾਂ ਲਿਖੀ ਸੂ ਮਹਾਂ ਭਾਰਤ, ਅਠਾਰਾਂ ਛੂਣ੍ਹੀਆਂ ਫੌਜ ਮਰਾ ਹੋਵੇ
ਪੰਜ ਅਰਬ ਬਰਬਾਦੀ ਆਖਦੇ ਈ, ਸਾਰੇ ਜੱਗ ਨਾ ਗਿਣਤੀ ਬਣਾ ਹੋਵੋ
ਪਰ ਗੱਲ ਤੇ ਅੱਜ ਤੀਕ ਚਲਦੀ ਏ, ਭਾਵੇਂ ਸੱਚ ਭਾਵੇਂ ਅਫਵਾਹ ਹੋਵੇ
ਇਸੇ ਤਰ੍ਹਾਂ ਸ਼ਾਇਰਾਂ ਹੀਰ ਲਿਖੀ, ਸੁਣਨ ਵਾਲਾ ਨਾ ਕੋਈ ਗਵਾਹ ਹੋਵੇ
ਇਸ਼ਕ ਲੜਦਾ ਕੇਵਲ ਰੱਬ ਵੇਖੇ, ਸ਼ਾਇਰ ਲੋਕਾਂ ਤੋਂ ਸੁਣ ਲਿਖਾ ਹੋਵੇ
ਸੌ ਵ੍ਹਰੇ ਪਿੱਛੋਂ ਦਮੋਦਰ ਹੀਰ ਲਿਖੀ, ਹੋਰ ਕਿਸੇ ਦਾ ਕਿਵੇਂ ਵਸਾਹ ਹੋਵੇ
ਇਕ ਦੂਜੇ ਦੀ ਨਕਲ ਉਤਾਰਦੇ ਈ, ਮਸਾਲਾ ਜ਼ਰਾ ਕੁ ਕੋਲੋਂ ਲਗਾ ਹੋਵੇ
ਨਕਲ ਮਾਰ ਕੇ ਕਰਨ ਨੁਕਤਾਚੀਨੀ, ਮਨ ਆਇਆ ਭੇਸ ਬਦਲਾ ਹੋਵੇ
ਕਿਉਂ ਵਿਦਵਾਨਾਂ ਨਹੀਂ ਛੱਕ ਪਾਈ, ਕਿੱਸਾ ਹੀਰ ਦਾ ਮੋਮਨ ਬਣਾ ਹੋਵੇ
ਕੀ ਡਰਦੇ! ਕਿ ਉਨ੍ਹਾਂ ਸਮਝ ਨਹੀਂ, ਕਿਵੇਂ ਹਿੰਦੂਆਂ ਮੋਮਨ ਲਿਖਾ ਹੋਵੇ
ਬੈਂਸ ਲਿਖਦਾ ਸੱਚ ਯਕੀਨ ਉਹਨੂੰ, ਸਾਥੋਂ ਹਿੰਦੂ ਨ ਮੋਮਨ ਬਣਾ ਹੋਵੇ
ਲੋਕੋ ਮਜ਼੍ਹਬ ਉਲਟ ਪੁਲਟ ਕਰਦਾ, ਮਜ਼੍ਹਬ ਪਾਲ ਕੇ ਰੱਬ ਭੁਲਾ ਹੋਵੇ
ਅੱਗੇ ਵੇਖਣਾ ਕਲਮ ਚੁਗਲਖੋਰਾਂ, ਕਿਵੇਂ ਬੈਂਸ ਨੂੰ ਮਿੱਟੀ ਮਿਲਾ ਹੋਵੇ
ਜੋਰੋ ਗਰੀਬ ਦੀ ਸਭ ਦੀ ਹੋਵੇ ਭਾਬੀ, ਵੰਨੇ ਚੰਨਿਓਂ ਭਾਬੀ ਅਲਾ ਹੋਵੇ
ਬੈਂਸ ਤੇ ਪਹਿਲਾਂ ਹੀ ਕਾਫਿਰ ਏ, ਦਿਓ ਮਰਜ਼ੀ ਜਿਹੜੀ ਸਜ਼ਾ ਹੋਵੇ
ਚੁੱਕੋ ਕਲਮਾਂ ਗੋਲੀ ਚਲਾਓ ਚੁਗਲੋ, ਵੇਖੋ ਕਿਸ ਤੋਂ ਨਿਸ਼ਾਨਾ ਲਾ ਹੋਵੇ
ਸਵਰਨ ਸਿੰਘਾ ਮੋਇਆਂ ਮਾਰਨਾ ਏਂ, ਮੋਇਆਂ ਮਾਰ ਖੂਨ ਗਲ ਪਾ ਹੋਵੇ
ਅਸਾਂ ਮਰ ਜਾਣਾ ਕਲਮ ਰਹਿ ਜਾਣਾ, ਬੈਂਸ, ਤਵਾਰੀਖ ਇੰਵ ਬਦਲਾ ਹੋਵੇ